21-JUNE-PAGE-1.qxd 6/20/2023 10:03 PM Page 1

ਬੁੱਧਵਾਰ, 21 ਜੂਨ, 2023

7 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 20

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 21 JUNE, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਸਿੱਖ ਗੁਰਦੁਆਰਾ (ਸੋਧ) ਬਿੱਲ-2023 ਪਾਸ

## ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਹੱਕ ਨੂੰ ਵਿਸ਼ੇਸ਼ ਪਰਵਾਰ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਦੇ ਉਦੇਸ਼ ਨਾਲ ਚੁੱਕਿਆ ਕਦਮ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਵਿਧਾਨ ਸਭਾ ਨੇ ਮੰਗਲਵਾਰ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ-2023' ਨੂੰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ।

ਸਦਨ ਵਿਚ ਬਿੱਲ 'ਤੇ ਚਰਚਾ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਬਿੱਲ ਦਾ ਉਦੇਸ਼ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਅਧਿਕਾਰ 'ਤੇ ਇੱਕ ਵਿਸ਼ੇਸ਼ ਪਰਵਾਰ ਦੇ ਬੇਲੋੜੇ ਕੰਟਰੋਲ ਤੋਂ ਮੁਕਤ ਕਰਨਾ ਹੈ। ਉਨ੍ਹਾ ਕਿਹਾ ਕਿ ਇਹ ਵਿਰੋਧਭਾਸੀ ਸਥਿਤੀ ਹੈ ਕਿ ਸ਼੍ਰੋਮਣੀ ਕਮੇਟੀ ਇੱਕ ਪਰਵਾਰ ਦੇ ਪ੍ਰਭਾਵ ਹੇਠ, ਜੋ ਇਸ ਦੇ ਮਾਮਲਿਆਂ ਨੂੰ ਕੰਟਰੋਲ ਕਰਦਾ ਹੈ, ਵੱਲੋਂ ਏਸੇ ਪਰਵਾਰ ਦੇ ਚੈਨਲ ਨੂੰ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਮਾਲਕੀ ਹੱਕ ਦਿੱਤੇ ਹੋਏ ਹਨ। ਭਗਵੰਤ ਮਾਨ ਨੇ ਸਵਾਲ ਕੀਤਾ ਕਿ ਸਰਬ-ਸਾਂਝੀ ਗੁਰਬਾਣੀ ਦੇ ਇਹ ਅਧਿਕਾਰ ਕਿਸੇ ਵੀ ਚੈਨਲ ਨੂੰ ਕਿਵੇਂ ਦਿੱਤੇ ਜਾ ਸਕਦੇ ਹਨ?



ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿੱਲ ਕਿਸੇ ਵੀ ਤਰ੍ਹਾਂ ਨਾਲ ਧਾਰਮਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਨਹੀਂ ਕਰਦਾ, ਸਗੋਂ ਗੁਰਬਾਣੀ ਨੂੰ ਘਰ-ਘਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਇਹ ਨਿਮਾਣਾ ਜਿਹਾ ਕਦਮ ਹੈ। ਉਨ੍ਹਾ ਕਿਹਾ ਕਿ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿੱਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਇਸ ਐਕਟ ਵਿੱਚ ਇਹ ਵਿਵਸਥਾ ਹੋਵੇਗੀ ਕਿ ਮਹਾਨ ਗੁਰੂ ਸਾਹਿਬਾਨ

● ਬਾਕੀ ਸਫ਼ਾ 2 'ਤੇ

## ਸਰਕਾਰ ਤੇ ਸ਼੍ਰੋਮਣੀ ਕਮੇਟੀ ਮਾਮਲਾ ਮਿਲ-ਬੈਠ ਕੇ ਹੱਲ ਕਰਨ : ਜਥੇਦਾਰ ਅਕਾਲ ਤਖਤ



**ਅੰਮ੍ਰਿਤਸਰ** : ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਕੀਰਤਨ ਦੇ ਪ੍ਰਸਾਰਨ ਬਾਰੇ ਵਿਧਾਨ ਸਭਾ ਵਿਚ ਮਤਾ ਪਾਸ ਹੋਣ ਤੋਂ ਪਹਿਲਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਰਕਾਰ ਨੂੰ ਕਿਹਾ ਕਿ ਉਹ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲਿਆਂ 'ਚ ਦਖਲਅੰਦਾਜ਼ੀ ਨਾ ਕਰੇ। ਵੀਡੀਓ ਬਿਆਨ ਰਾਹੀਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਸਿੱਖ ਪੰਥ 'ਚ ਦੁਬਿਧਾ ਪੈਦਾ ਕਰ ਰਹੀ ਹੈ। ਗੁਰਬਾਣੀ ਪ੍ਰਸਾਰਨ ਦੇ ਮਾਮਲੇ 'ਚ ਦੋਵਾਂ ਧਿਰਾਂ ਨੂੰ

● ਬਾਕੀ ਸਫ਼ਾ 2 'ਤੇ

# ਚਾਂਸਲਰਾਂ ਦੀਆਂ ਸ਼ਕਤੀਆਂ ਮੁੱਖ ਮੰਤਰੀ ਨੂੰ ਦੇਣ ਦਾ ਬਿੱਲ ਪਾਸ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਵੱਲੋਂ ਮੰਗਲਵਾਰ ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023 ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ, ਜਿਸ ਕਾਰਨ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰਾਂ ਦੀਆਂ ਤਾਕਤਾਂ ਮੁੱਖ ਮੰਤਰੀ ਕੋਲ ਹੋਣਗੀਆਂ।

ਸਦਨ ਵਿੱਚ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਆਪਣਾ ਅਮੀਰ ਸੱਭਿਆਚਾਰ ਤੇ ਰਵਾਇਤਾਂ ਹਨ, ਜਿਸ ਨੂੰ ਨੌਜਵਾਨ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਸਿੱਖਿਆ ਸੰਸਥਾਵਾਂ ਖ਼ਾਸ ਤੌਰ ਉਤੇ ਯੂਨੀਵਰਸਿਟੀਆਂ ਇਸ ਵਿੱਚ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਭਗਵੰਤ ਮਾਨ ਨੇ ਚੇਤੇ ਕਰਵਾਇਆ ਕਿ ਸੂਬੇ ਦੀਆਂ ਯੂਨੀਵਰਸਿਟੀਆਂ ਨੇ ਕਿਵੇਂ ਮਹਾਨ ਬੁੱਧੀਜੀਵੀ, ਕਲਾਕਾਰ ਤੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਅਹਿਮ ਹਸਤੀਆਂ ਪੈਦਾ ਕੀਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਲਈ ਸੂਬੇ ਦੀਆਂ ਯੂਨੀਵਰਸਿਟੀਆਂ ਵਿੱਚ ਵਾਈਸ ਚਾਂਸਲਰ ਵਜੋਂ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨ ਦੀ ਲੋੜ ਹੈ, ਜਿਹੜੇ ਇਮਾਨਦਾਰ, ਵਿਵੇਕਸ਼ੀਲ ਤੇ ਚੰਗੀ ਦਿੱਖ ਵਾਲੇ ਹੋਣ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਰਾਜਪਾਲ, ਜਿਹੜੇ ਸੂਬੇ ਨਾਲ ਸੰਬੰਧਤ ਨਹੀਂ ਹਨ, ਇੱਥੋਂ ਦੇ ਇਤਿਹਾਸ ਤੇ ਸੱਭਿਆਚਾਰ ਬਾਰੇ ਜਾਣੂੰ ਨਾ ਹੋਣ ਕਾਰਨ ਬੇਲੋੜੇ ਅੜਿੱਕੇ ਖੜ੍ਹੇ ਕਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਕਿੰਨੀ ਅਚੰਭੇ ਵਾਲੀ ਗੱਲ ਹੈ ਕਿ ਰਾਜਪਾਲ ਸੂਬੇ ਬਾਰੇ ਕੁੱਝ ਨਹੀਂ ਜਾਣਦੇ, ਪਰ ਉਨ੍ਹਾਂ ਕੋਲ ਵੀ.ਸੀ. ਨਿਯੁਕਤ ਕਰਨ ਦੀ ਤਾਕਤ ਹੋਣਾ ਪੂਰੀ ਤਰ੍ਹਾਂ ਨਾਵਾਜਬ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਹਿੱਤਾਂ ਦੀ ਰਾਖੀ ਦੇ ਉਲਟ ਪੰਜਾਬ ਦੇ ਰਾਜਪਾਲ ਅਕਸਰ ਦੂਜੇ ਬੰਨੇ ਖੜ੍ਹੇ ਦਿਖਾਈ ਦਿੰਦੇ ਹਨ। ਪੰਜਾਬ ਯੂਨੀਵਰਸਿਟੀ ਦੇ ਮਸਲੇ ਦਾ ਹਵਾਲਾ ਦਿੰਦਿਆਂ ਉਨ੍ਹਾ ਕਿਹਾ ਕਿ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਬਜਾਏ ਰਾਜਪਾਲ ਨੇ ਯੂਨੀਵਰਸਿਟੀ ਦੇ ਸੈਨੇਟ ਵਿੱਚ ਦਾਖ਼ਲੇ ਬਾਰੇ ਹਰਿਆਣਾ ਦੇ ਰੁਖ਼ ਦਾ ਪੱਖ ਪੂਰਿਆ। ਭਗਵੰਤ ਮਾਨ ਨੇ ਕਿਹਾ ਕਿ ਇਹ ਬਹੁਤ ਅਜੀਬ ਸਥਿਤੀ ਹੈ ਕਿਉਂਕਿ ਰਾਜਪਾਲ ਦਿੱਲੀ ਵਿੱਚ ਬੈਠੇ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਇਹ ਸਾਰੇ ਢਕਵੰਜ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬੇ ਦੇ ਲੋਕਾਂ ਦੇ ਉਸ ਫਤਵੇ ਦੀ ਸਿੱਧੀ ਨਿਰਾਦਰੀ ਹੈ, ਜਿਸ ਰਾਹੀਂ ਲੋਕਾਂ ਨੇ ਆਪਣੀ ਭਲਾਈ ਲਈ ਕੰਮ ਕਰਨ ਵਾਸਤੇ ਸੂਬਾ ਸਰਕਾਰ ਨੂੰ ਚੁਣਿਆ ਹੈ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਸਰਕਾਰ ਵੱਲੋਂ ਇਸ ਸੰਬੰਧੀ ਪਹਿਲਾਂ ਹੀ ਪਾਸ ਕੀਤੇ ਬਿੱਲ ਦੀ ਤਰਜ਼ ਉਤੇ ਪੰਜਾਬ ਸਰਕਾਰ ਨੇ ਇਹ ਬਿੱਲ ਬਣਾਇਆ ਹੈ, ਜਿਹੜਾ ਯੂਨੀਵਰਸਿਟੀਆਂ ਦੇ ਚਾਂਸਲਰਾਂ ਦੀਆਂ ਸ਼ਕਤੀਆਂ ਮੁੱਖ ਮੰਤਰੀ ਨੂੰ ਮੁਹੱਈਆ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਐਕਟ ਦੇ ਲਾਗੂ

● ਬਾਕੀ ਸਫ਼ਾ 2 'ਤੇ

# ਇੱਕ ਜੁਲਾਈ ਤੋਂ ਫੰਡ ਜਾਰੀ ਨਾ ਕੀਤੇ ਤਾਂ ਸੁਪਰੀਮ ਕੋਰਟ ਜਾਏਗੀ ਸਰਕਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਵੱਖ-ਵੱਖ ਸੂਬਿਆਂ ਵਿੱਚ ਗੈਰ-ਭਾਜਪਾ ਸਰਕਾਰਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਕਿਹਾ ਕਿ ਭਾਜਪਾ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਪੇਂਡੂ ਵਿਕਾਸ ਫੰਡ (ਆਰ.ਡੀ.ਐੱਫ.) ਰੋਕਣ ਵਰਗੇ ਘਟੀਆ ਹੱਥਕੰਡੇ ਅਪਣਾ ਰਹੀ ਹੈ।

ਮੁੱਖ ਮੰਤਰੀ ਨੇ ਪੰਜਾਬ ਵਿਧਾਨ ਸਭਾ ਦੇ ਸਦਨ ਵਿਚ ਸੂਬੇ ਵਿੱਚ ਆਰ.ਡੀ.ਐੱਫ. ਜਾਰੀ ਕਰਨ ਲਈ ਪੇਸ਼ ਕੀਤੇ ਗਏ ਮਤੇ 'ਤੇ ਹੋਈ ਚਰਚਾ ਨੂੰ ਸਮੇਟਦਿਆਂ ਕਿਹਾ ਕਿ ਇਸ ਤੱਥ ਦੇ ਬਾਵਜੂਦ ਕਿ ਮੌਜੂਦਾ ਸੂਬਾ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੀਆਂ ਸਾਰੀਆਂ ਤਰੁੱਟੀਆਂ ਨੂੰ ਦੂਰ ਕਰ ਦਿੱਤਾ, ਪਰ ਕੇਂਦਰ ਨੇ ਫੇਰ ਵੀ ਅਜੇ ਤੱਕ ਫੰਡ ਜਾਰੀ ਨਹੀਂ ਕੀਤੇ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਖ਼ੁਦ ਕੇਂਦਰੀ ਮੰਤਰੀ ਨਾਲ ਮੁਲਾਕਾਤ ਵੀ ਕੀਤੀ ਸੀ, ਜਿਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਇਹ ਫੰਡ ਛੇਤੀ ਜਾਰੀ ਕਰ ਦਿੱਤੇ ਜਾਣਗੇ। ਹਾਲਾਂਕਿ ਉਨ੍ਹਾ ਕਿਹਾ ਕਿ ਇਹ ਭਰੋਸਾ ਹਕੀਕਤ ਵਿਚ ਕਦੇ ਵੀ ਨਹੀਂ ਬਦਲਿਆ ਅਤੇ ਕੇਂਦਰ ਸਰਕਾਰ ਨੇ ਸੂਬੇ ਦੇ 3622 ਕਰੋੜ ਰੁਪਏ ਤੋਂ ਵੱਧ ਦੇ ਦਿਹਾਤੀ ਵਿਕਾਸ ਫੰਡ ਨੂੰ ਰੋਕ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਕੇਂਦਰ ਸਰਕਾਰ ਦੇਸ਼ ਦੀਆਂ ਗੈਰ-ਭਾਜਪਾ ਸਰਕਾਰਾਂ ਨੂੰ ਮਿੱਥ ਕੇ ਨਿਸ਼ਾਨਾ ਬਣਾ ਰਿਹਾ ਹੈ ਅਤੇ ਉਨ੍ਹਾਂ ਨੂੰ ਸੁਚਾਰੂ ਢੰਗ ਨਾਲ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਉਨ੍ਹਾ ਕਿਹਾ ਕਿ ਇਸ ਤਾਨਾਸ਼ਾਹੀ ਵਤੀਰੇ ਨੇ ਦੇਸ਼ ਭਰ ਵਿੱਚ ਲੋਕਤੰਤਰ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਇੱਕ ਖਤਰਨਾਕ ਰੁਝਾਨ ਹੈ, ਜਿਸ ਨੂੰ ਰੋਕਣ ਦੀ ਲੋੜ ਹੈ, ਕਿਉਂਕਿ ਇਹ ਦੇਸ਼ ਦੇ ਹਿੱਤ ਵਿੱਚ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਿਆਂ ਵਿੱਚ ਆਪਣੇ ਨਾਪਾਕ ਮਨਸੂਬਿਆਂ ਨੂੰ ਪੂਰਾ ਕਰਨ ਲਈ ਕੇਂਦਰ ਨੇ ਇੱਕ ਅਜਿਹੇ ਵਿਅਕਤੀ ਦੀ ਨਿਯੁਕਤੀ ਕੀਤੀ ਹੈ ਜਿਸ ਨੂੰ ਰਾਜਪਾਲ ਵਜੋਂ ਜਾਣਿਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਗਵਰਨਰ ਦਾ ਅਹੁਦਾ ਅੰਗਰੇਜ਼ਾਂ ਦੇ ਸ਼ਾਸਨਕਾਲ ਵੇਲੇ ਵੀ ਮੌਜੂਦ ਸੀ ਅਤੇ ਅਜੇ ਵੀ ਕੇਂਦਰ ਦੇ ਚੁਣੇ ਹੋਏ ਇਹ ਲੋਕ ਉਸੇ ਤਰ੍ਹਾਂ ਸ਼ਾਹੀ ਠਾਠ-ਬਾਠ ਨਾਲ ਰਹਿੰਦੇ ਹਨ, ਜਿਵੇਂ ਉਨ੍ਹਾਂ ਤੋਂ ਪਹਿਲਾਂ ਰਹਿੰਦੇ ਸਨ। ਭਗਵੰਤ ਮਾਨ ਨੇ ਕਿਹਾ ਕਿ ਅਸਲ ਵਿੱਚ ਇਹ ਰਾਜ ਭਵਨ ਹੁਣ ਸੂਬੇ ਦੇ ਮਾਮਲਿਆਂ ਵਿੱਚ ਦਖਲ ਦੇਣ ਲਈ ਭਾਜਪਾ ਦੇ ਸੂਬਾਈ ਹੈੱਡਕੁਆਰਟਰ ਵਜੋਂ ਉੱਭਰ ਕੇ ਸਾਹਮਣੇ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਚ_ ਣ ੀ ਅ ਾਂ

● ਬਾਕੀ ਸਫ਼ਾ 2 'ਤੇ

## ਐੱਸ ਜੀ ਪੀ ਸੀ ਦਾ ਅਜਲਾਸ 26 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ 2023 ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ 103 ਸਾਲਾਂ ਦੇ ਸ਼੍ਰੋਮਣੀ ਕਮੇਟੀ ਇਤਿਹਾਸ ਅੰਦਰ ਅੱਜ ਦਾ ਦਿਨ ਕਾਲੇ ਅੱਖਰਾਂ ਵਿਚ ਯਾਦ ਕੀਤਾ ਜਾਵੇਗਾ, ਜਦੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਗੁਰਦੁਆਰਾ ਪ੍ਰਬੰਧਾਂ ਵਿਚ ਦਖ਼ਲਅੰਦਾਜ਼ੀ ਕਰਕੇ ਗੈਰ-ਸੰਵਿਧਾਨਕ ਬਿੱਲ ਪਾਸ ਕੀਤਾ ਗਿਆ। ਇਸ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਸਿੱਖ ਵਿਰੋਧੀ ਹਰਕਤ ਦਾ ਹਰ ਪੱਧਰ 'ਤੇ ਜਵਾਬ ਦਿੱਤਾ ਜਾਵੇਗਾ, ਜਿਸ ਦੀ ਰੂਪ ਰੇਖਾ ਤੈਅ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ 26 ਜੂਨ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦਿਆ ਗਿਆ ਹੈ।

# ਪੰਜਾਬ ਪੁਲਸ ਐਕਟ 'ਚ ਸੋਧ, ਡੀ ਜੀ ਪੀ ਦੀ ਚੋਣ ਯੂ ਪੀ ਐੱਸ ਸੀ ਦੀ ਥਾਂ ਸੂਬਾ ਸਰਕਾਰ ਕਰੇਗੀ

**ਚੰਡੀਗੜ੍ਹ** : ਪੰਜਾਬ ਅਸੈਂਬਲੀ ਨੇ ਮੰਗਲਵਾਰ ਪੰਜਾਬ ਪੁਲਸ ਐਕਟ ਵਿਚ ਸੋਧ ਪਾਸ ਕਰ ਦਿੱਤੀ, ਜਿਸ ਮੁਤਾਬਕ ਉਹ ਆਪਣੀ ਪਸੰਦ ਦਾ ਡੀ ਜੀ ਪੀ ਨਿਯੁਕਤ ਕਰ ਸਕੇਗੀ। ਵਰਤਮਾਨ ਕਾਰਜਕਾਰੀ ਡੀ ਜੀ ਪੀ ਗੌਰਵ ਯਾਦਵ ਦੇ ਕਾਰਜਕਾਲ ਦਾ ਇਕ ਸਾਲ ਪੂਰਾ ਹੋਣ ਵਾਲਾ ਹੈ।



ਬਿੱਲ ਮੁਤਾਬਕ ਇਕ 7 ਮੈਂਬਰੀ ਕਮੇਟੀ ਬਣੇਗੀ, ਜਿਸਦੇ ਮੁਖੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਿਟਾਇਰਡ ਜੱਜ ਹੋਣਗੇ। ਕਮੇਟੀ ਪੁਲਸ ਅਫਸਰਾਂ ਦਾ ਪੈਨਲ ਤਿਆਰ ਕਰਕੇ ਸਰਕਾਰ ਨੂੰ ਦੇਵੇਗੀ ਤੇ ਸਰਕਾਰ ਉਸ ਵਿੱਚੋਂ ਡੀ ਜੀ ਪੀ ਨਿਯੁਕਤ ਕਰੇਗੀ। ਹੁਣ ਤਕ ਸਰਕਾਰ ਤਿੰਨ ਅਫਸਰਾਂ ਦਾ ਪੈਨਲ ਤਿਆਰ ਕਰਕੇ ਯੂ ਪੀ ਐੱਸ ਸੀ ਨੂੰ ਭੇਜਦੀ ਸੀ ਤੇ ਉਹ ਇਕ ਦੀ ਚੋਣ ਕਰਦੀ ਸੀ।

ਅਸੈਂਬਲੀ ਵੱਲੋਂ ਪਾਸ ਕੀਤੇ ਬਿੱਲ ਮੁਤਾਬਕ 7 ਮੈਂਬਰੀ ਕਮੇਟੀ ਵਿਚ ਮੁੱਖ ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਨਾਮਜ਼ਦ ਮੈਂਬਰ, ਗ੍ਰਹਿ ਵਿਭਾਗ ਦੇ ਪ੍ਰਬੰਧਕੀ ਸਕੱਤਰ ਤੇ ਰਿਟਾਇਰਡ ਡੀ ਜੀ ਪੀ ਆਦਿ ਹੋਣਗੇ। ਬਿੱਲ ਵਿਚ ਕਿਹਾ ਗਿਆ ਹੈ ਕਿ ਚੁਣੇ ਗਏ ਡੀ ਜੀ ਪੀ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ। ਡੀ ਜੀ ਪੀ ਦਾ ਅਹੁਦਾ ਖਾਲੀ ਹੋਣ ਦੀ ਸੂਰਤ ਵਿਚ ਸੂਬਾ ਸਰਕਾਰ ਉਸਦੇ ਬਰਾਬਰ ਦੇ ਕਿਸੇ ਅਫਸਰ ਨੂੰ ਵਾਧੂ ਚਾਰਜ ਦੇ ਸਕਦੀ ਹੈ।

## ਨਵਰਾਤੀਲੋਵਾ ਕੈਂਸਰ-ਮੁਕਤ



**ਨਿਊ ਯਾਰਕ** : ਟੈਨਿਸ ਦੀ ਮਹਾਨ ਖਿਡਾਰਨ ਮਾਰਟੀਨਾ ਨਵਰਾਤੀਲੋਵਾ ਨੇ ਕਿਹਾ ਹੈ ਕਿ ਉਹ ਹੁਣ ਕੈਂਸਰ ਮੁਕਤ ਹੈ। ਉਸ ਨੇ ਟਵਿੱਟਰ 'ਤੇ ਲਿਖਿਆ ਕਿ ਉਸ ਨੂੰ ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ 'ਚ ਇੱਕ ਦਿਨ ਦੇ ਟੈਸਟਾਂ ਤੋਂ ਬਾਅਦ ਇਹ ਪਤਾ ਲੱਗਿਆ। ਉਸ ਨੇ ਲਿਖਿਆ—ਸਾਰੇ ਡਾਕਟਰਾਂ, ਨਰਸਾਂ ਅਤੇ ਸਟਾਫ ਦਾ ਧੰਨਵਾਦ। ਕਿੰਨੀ ਰਾਹਤ ਦੀ ਗੱਲ ਹੈ। 18 ਵਾਰ ਦੀ ਗ੍ਰੈਂਡ ਸਲੈਮ ਚੈਂਪੀਅਨ 66 ਸਾਲਾ ਨਵਰਾਤੀਲੋਵਾ ਨੇ ਜਨਵਰੀ 'ਚ ਕਿਹਾ ਸੀ ਕਿ ਉਸ ਨੂੰ ਗਲੇ ਅਤੇ ਛਾਤੀ ਦਾ ਕੈਂਸਰ ਹੈ ਅਤੇ ਉਹ ਇਲਾਜ ਸ਼ੁਰੂ ਕਰੇਗੀ। ਉਸ ਨੂੰ 2010 'ਚ ਛਾਤੀ ਦੇ ਕੈਂਸਰ ਦਾ ਵੀ ਪਤਾ ਲੱਗਿਆ ਸੀ ਅਤੇ ਉਸ ਸਮੇਂ ਉਸ ਦੀ ਸਰਜਰੀ ਹੋਈ ਸੀ।

## ਉਲਟਾ ਚਸ਼ਮਾ



**ਮੁੰਬਈ** : ਪੁਲਸ ਨੇ ਅਭਿਨੇਤਰੀ ਵੱਲੋਂ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਤੋਂ ਬਾਅਦ ਟੈਲੀਵਿਜ਼ਨ ਸ਼ੋਅ 'ਤਾਰਕ ਮਹਿਤਾ ਕਾ ਉਲਟਾ ਚਸ਼ਮਾ' ਦੇ ਨਿਰਮਾਤਾ ਅਸਿਤ ਕੁਮਾਰ ਮੋਦੀ ਅਤੇ ਦੋ ਹੋਰਨਾਂ ਖਿਲਾਫ ਕੇਸ ਦਰਜ ਕੀਤਾ ਹੈ। ਪਵਈ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਹੈ। ਸ਼ੋਅ ਦੀ ਅਭਿਨੇਤਰੀ ਨੇ ਪਿਛਲੇ ਮਹੀਨੇ ਪੁਲਸ ਅਤੇ ਕੌਮੀ ਮਹਿਲਾ ਕਮਿਸ਼ਨ ਕੋਲ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਸਨ।

## ਭੱਠਾ ਮਜ਼ਦੂਰਾਂ ਦੀ ਬੱਸ ਨਹਿਰ 'ਚ

**ਜੰਮੂ** : ਸਾਂਬਾ ਜ਼ਿਲ੍ਹੇ 'ਚ ਮੰਗਲਵਾਰ ਤੜਕੇ ਬੱਸ ਨਹਿਰ 'ਚ ਡਿੱਗਣ ਕਾਰਨ ਔਰਤਾਂ ਤੇ ਬੱਚਿਆਂ ਸਮੇਤ 19 ਲੋਕ ਜ਼ਖਮੀ ਹੋ ਗਏ। ਇਹ ਘਟਨਾ ਸਮੋਤਰਾ ਚੰਨੀ ਇਲਾਕੇ 'ਚ ਡਰਾਈਵਰ ਦੇ ਬੱਸ 'ਤੇ ਕੰਟਰੋਲ ਗੁਆਉਣ ਤੋਂ ਬਾਅਦ ਵਾਪਰੀ। ਜ਼ਖਮੀਆਂ 'ਚ ਮਜ਼ਦੂਰ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਸ਼ਾਮਲ ਹਨ। ਮਜ਼ਦੂਰ ਇੱਟਾਂ ਦੇ ਭੱਠੇ 'ਤੇ ਕੰਮ ਕਰਨ ਲਈ ਕਸ਼ਮੀਰ ਜਾ ਰਹੇ ਸਨ।

## ਰਘਬੀਰ ਸਿੰਘ ਧੂਤ ਨਹੀਂ ਰਹੇ, ਸਸਕਾਰ ਭਲਕੇ

**ਹੁਸ਼ਿਆਰਪੁਰ** : ਮਹਾਨ ਕਮਿਊਨਿਸਟ ਆਗੂ ਤੇ ਆਜ਼ਾਦੀ ਘੁਲਾਟੀਏ ਮਾਸਟਰ ਹਰੀ ਸਿੰਘ ਧੂਤ ਦੇ ਸਪੁੱਤਰ ਕਾਮਰੇਡ ਰਘਬੀਰ ਸਿੰਘ ਦਾ 19 ਜੂਨ ਨੂੰ ਦਿਹਾਂਤ ਹੋ ਗਿਆ ਸੀ। ਰਘਬੀਰ ਸਿੰਘ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਮੈਂਬਰ ਸਨ। ਉਹ ਲੰਮਾ ਸਮਾਂ ਪਿੰਡ ਦੇ ਸਰਪੰਚ ਵੀ ਰਹੇ। ਉਨ੍ਹਾ ਦਾ ਅੰਤਮ ਸੰਸਕਾਰ 22 ਜੂਨ ਨੂੰ ਉਨ੍ਹਾ ਦੇ ਪਰਵਾਰਕ ਮੈਂਬਰਾਂ ਦੇ ਵਿਦੇਸ਼ੋਂ ਆਉਣ ਬਾਅਦ ਪਿੰਡ ਧੂਤ ਵਿਖੇ ਕੀਤਾ ਜਾਵੇਗਾ। 'ਨਵਾਂ ਜ਼ਮਾਨਾ' ਦੇ ਟਰੱਸਟੀਆਂ ਜਤਿੰਦਰ ਪਨੂੰ, ਗੁਰਮੀਤ ਸਿੰਘ ਸ਼ੁਗਲੀ ਤੇ ਚੰਦ ਫਤਿਹਪੁਰੀ ਨੇ ਉਨ੍ਹਾ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਟਰੱਕਾਂ 'ਚ ਲੱਗਣਗੇ ਏ ਸੀ

**ਨਵੀਂ ਦਿੱਲੀ** : ਆਟੋ ਨਿਰਮਾਤਾਵਾਂ ਨੂੰ ਛੇਤੀ ਹੀ ਟਰੱਕ ਡਰਾਈਵਰ ਦੇ ਕੈਬਿਨ ਵਿਚ ਏਅਰਕੰਡੀਸ਼ਨਰ ਲਾਉਣੇ ਪੈਣਗੇ। ਟਰਾਂਸਪੋਰਟ ਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਨੇ ਮੰਗਲਵਾਰ ਇਥੇ ਆਟੋ ਇੰਡਸਟਰੀ ਦੇ ਪ੍ਰੋਗਰਾਮ ਵਿਚ ਕਿਹਾ—ਮੈਂ ਇੱਥੇ ਆਉਣ ਤੋਂ ਪਹਿਲਾਂ ਟਰੱਕ ਡਰਾਈਵਰਾਂ ਲਈ ਏਅਰਕੰਡੀਸ਼ਨਰ ਲਾਉਣੇ ਲਾਜ਼ਮੀ ਕਰਨ ਵਾਲੀ ਫਾਈਲ 'ਤੇ ਦਸਤਖਤ ਕਰਕੇ ਆਇਆ ਹਾਂ। ਸਾਡੇ ਡਰਾਈਵਰ 43 ਤੋਂ 47 ਡਿਗਰੀ ਤਾਪਮਾਨ ਵਿਚ ਟਰੱਕ ਚਲਾਉਂਦੇ ਹਨ। ਮੈਂ ਤਾਂ ਮੰਤਰੀ ਬਣਨ ਵੇਲੇ ਏ ਸੀ ਕੈਬਿਨ ਲਾਜ਼ਮੀ ਕਰਨ ਦੇ ਹੱਕ ਵਿਚ ਸੀ, ਪਰ ਕੁਝ ਲੋਕਾਂ ਨੇ ਕਿਹਾ ਕਿ ਇਸ ਨਾਲ ਟਰੱਕ ਮਹਿੰਗੇ ਹੋ ਜਾਣਗੇ, ਪਰ ਅੱਜ ਮੈਂ ਫਾਈਲ 'ਤੇ ਦਸਤਖਤ ਕਰ ਦਿੱਤੇ ਹਨ। ਗਡਕਰੀ ਨੇ ਇਹ ਵੀ ਕਿਹਾ ਕਿ ਦੇਸ਼ ਵਿਚ ਡਰਾਈਵਰਾਂ ਦੀ ਘਾਟ ਹੈ, ਜਿਸ ਕਰਕੇ ਉਨ੍ਹਾਂ ਨੂੰ 14-16 ਘੰਟੇ ਟਰੱਕ ਚਲਾਉਣੇ ਪੈਂਦੇ ਹਨ। ਹੋਰਨਾਂ ਦੇਸ਼ਾਂ ਵਿਚ ਡਰਾਈਵਰਾਂ ਲਈ ਕੰਮ ਦੇ ਘੰਟੇ ਤੈਅ ਹਨ। ਗਡਕਰੀ ਨੇ ਇਹ ਨਹੀਂ ਦੱਸਿਆ ਕਿ ਟਰੱਕਾਂ ਵਿਚ ਏ ਸੀ ਕਦੋਂ ਲੱਗਣਗੇ, ਪਰ ਰਿਪੋਰਟਾਂ ਹਨ ਅਜਿਹੇ ਟਰੱਕ 2025 ਵਿਚ ਆਉਣਗੇ।



## ਪ੍ਰਧਾਨ ਮੰਤਰੀ ਅਮਰੀਕਾ ਰਵਾਨਾ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਅਮਰੀਕਾ ਤੇ ਮਿਸਰ ਦੀ ਯਾਤਰਾ ਲਈ ਰਵਾਨਾ ਹੋਏ।

ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾ ਕਿਹਾ ਕਿ ਉਨ੍ਹਾ ਦਾ ਅਮਰੀਕਾ ਦੌਰਾ ਭਾਰਤ-ਅਮਰੀਕਾ ਭਾਈਵਾਲੀ ਵਧਾਉਣ ਦਾ ਮੌਕਾ ਹੋਵੇਗਾ ਅਤੇ ਦੋਵੇਂ ਦੇਸ਼ ਮਿਲ ਕੇ ਸਾਂਝੀਆਂ ਆਲਮੀ ਚੁਣੌਤੀਆਂ ਦਾ ਵਧੇਰੇ ਮਜ਼ਬੂਤੀ ਨਾਲ ਟਾਕਰਾ ਕਰ ਸਕਦੇ ਹਨ। ਉਹ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਥਮ ਮਹਿਲਾ ਜਿੱਲ ਬਾਇਡਨ ਦੇ ਸੱਦੇ 'ਤੇ ਅਮਰੀਕਾ ਦਾ ਦੌਰਾ ਕਰ ਰਹੇ ਹਨ ਅਤੇ ਇਹ 'ਵਿਸ਼ੇਸ਼ ਸੱਦਾ' ਦਰਸਾਉਂਦਾ ਹੈ ਕਿ ਦੌਰਾ ਦੋਵੇਂ ਲੋਕਤੰਤਰਾਂ ਲਈ ਕਿੰਨਾ ਮਹੱਤਵਪੂਰਨ ਹੈ।

## ਫੌਜੀ ਸੁਰੱਖਿਆ ਦੀ ਮੰਗ 'ਤੇ ਫੌਰੀ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਨੀਪੁਰ 'ਚ ਜਾਤੀ ਹਿੰਸਾ ਦੌਰਾਨ ਘੱਟ ਗਿਣਤੀ ਕੁੱਕੀ ਕਬਾਇਲੀਆਂ ਲਈ ਫੌਜੀ ਸੁਰੱਖਿਆ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਐੱਮ ਐੱਮ ਸੁੰਦਰੇਸ਼ ਦੀ ਬੈਂਚ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਜਲੰਧਰ 'ਚ 'ਸੀ ਐੱਮ ਦੀ ਯੋਗਸ਼ਾਲਾ' ਦੀ ਅਗਵਾਈ ਕੀਤੀ। ਰਿਪੋਰਟ ਸਫਾ 12 'ਤੇ।

## ਸਵਾਮੀਨਾਥਨ ਜਾਨਕੀਰਮਨ ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ



**ਨਵੀਂ ਦਿੱਲੀ** : ਸਰਕਾਰ ਨੇ ਮੰਗਲਵਾਰ ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਦੇ ਐੱਮ ਡੀ ਸਵਾਮੀਨਾਥਨ ਜਾਨਕੀਰਮਨ ਨੂੰ ਭਾਰਤੀ ਰਿਜ਼ਰਵ ਬੈਂਕ ਦਾ ਡਿਪਟੀ ਗਵਰਨਰ ਨਿਯੁਕਤ ਕੀਤਾ। ਡਿਪਟੀ ਗਵਰਨਰ ਵਜੋਂ ਉਨ੍ਹਾ ਦੀ ਨਿਯੁਕਤੀ ਉਨ੍ਹਾਂ ਦੇ ਚਾਰਜ ਸੰਭਾਲਣ ਦੀ ਮਿਤੀ ਤੋਂ ਜਾਂ ਅਗਲੇ ਹੁਕਮਾਂ ਤੱਕ ਤਿੰਨ ਸਾਲਾਂ ਲਈ ਹੈ। ਉਹ ਐੱਮ ਕੇ ਜੈਨ ਦੀ ਥਾਂ ਲੈਣਗੇ, ਜਿਨ੍ਹਾਂ ਦਾ ਵਧਾਇਆ ਕਾਰਜਕਾਲ ਮੰਗਲਵਾਰ ਖਤਮ ਹੋ ਗਿਆ। ਡਿਪਟੀ ਗਵਰਨਰ ਦਾ ਇੱਕ ਅਹੁਦਾ ਵਪਾਰਕ ਬੈਂਕਰ ਲਈ ਰਾਖਵਾਂ ਹੈ।

# ਇੱਕ ਡਾਕਟਰ ਦੇ 83 ਹਸਪਤਾਲ !

**ਆਗਰਾ** : ਪੱਛਮੀ ਯੂ ਪੀ ਦੇ ਮੇਰਠ, ਕਾਨਪੁਰ ਅਤੇ ਹੋਰ ਕਈ ਜ਼ਿਲ੍ਹਿਆਂ 'ਚ ਇੱਕ ਡਾਕਟਰ ਦੇ ਨਾਂਅ ਉੱਤੇ 83 ਹਸਪਤਾਲ ਰਜਿਸਟਰਡ ਹਨ। ਇਹ ਗੱਲ ਹਸਪਤਾਲਾਂ ਅਤੇ ਕਲੀਨਿਕਾਂ ਦੇ ਲਾਇਸੈਂਸ ਨਵਿਆਉਣ ਦੀਆਂ ਅਰਜ਼ੀਆਂ ਦੀ ਪੜਤਾਲ ਦੌਰਾਨ ਸਾਹਮਣੇ ਆਈ। ਅਧਿਕਾਰੀਆਂ ਨੇ ਕਿਹਾ ਕਿ ਆਗਰਾ ਅਤੇ ਇਸ ਦੇ ਆਸ-ਪਾਸ ਕਰੀਬ 449 ਮੈਡੀਕਲ ਸੁਵਿਧਾਵਾਂ 'ਤੇ 15 ਡਾਕਟਰਾਂ ਵੱਲੋਂ 'ਗੈਰ-ਕਾਨੂੰਨੀ ਢੰਗ ਨਾਲ ਸੇਵਾ' ਕੀਤੀ ਜਾ ਰਹੀ ਹੈ। ਚੀਫ ਮੈਡੀਕਲ ਅਫਸਰ ਅਰੁਣ ਕੁਮਾਰ ਸ੍ਰੀਵਾਸਤਵ ਨੇ ਕਿਹਾ ਕਿ ਇਨ੍ਹਾਂ ਡਾਕਟਰਾਂ ਨੂੰ ਨੋਟਿਸ ਭੇਜੇ ਗਏ ਹਨ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਜਿਹੜੇ ਲੋਕ ਮੈਡੀਕਲ ਪ੍ਰੈਕਟੀਸ਼ਨਰ ਨਹੀਂ ਹਨ, ਉਹ ਹਸਪਤਾਲ, ਕਲੀਨਿਕ ਅਤੇ ਪੈਥੋਲੋਜੀ ਲੈਬ ਚਲਾਉਣ ਲਈ ਸਿਹਤ ਵਿਭਾਗ ਤੋਂ ਡਾਕਟਰ ਦੇ ਨਾਂਅ 'ਤੇ ਲਾਇਸੈਂਸ ਲੈਂਦੇ ਹਨ। ਇਸ ਘਪਲੇ ਦਾ ਪਰਦਾ ਫਾਸ਼ ਸੂਬਾ ਸਰਕਾਰ ਵੱਲੋਂ ਇਸ ਸਾਲ ਲਾਇਸੈਂਸ ਦੇ ਨਵੀਨੀਕਰਨ ਦੀ ਪ੍ਰਕਿਰਿਆ ਆਨਲਾਈਨ ਕੀਤੇ ਜਾਣ ਦੇ ਹੁਕਮ ਤੋਂ ਬਾਅਦ ਹੋਇਆ। ਦੋਸ਼ੀ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਸੂਚੀ 'ਚ ਡਾਕਟਰ, ਕਾਰਡੀਓਲੋਜਿਸਟ, ਬਾਲ ਰੋਗ ਵਿਗਿਆਨੀ ਅਤੇ ਸਰਜਨ ਸ਼ਾਮਲ ਹਨ। ਸਿਹਤ ਵਿਭਾਗ ਦੇ ਰਿਕਾਰਡ ਅਨੁਸਾਰ 2022-23 ਦੌਰਾਨ 1,269 ਮੈਡੀਕਲ ਸੈਂਟਰ ਰਜਿਸਟਰਡ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 494 ਹਸਪਤਾਲ, 493 ਕਲੀਨਿਕ, 170 ਪੈਥੋਲੋਜੀ ਲੈਬ, 104 ਡਾਇਗਨੋਸਟਿਕਸ ਸੈਂਟਰ, ਸੱਤ ਸੈਂਪਲ ਕੁਲੈਕਸ਼ਨ ਸੈਂਟਰ ਅਤੇ ਇੱਕ ਡਾਇਲਸਿਸ ਸੈਂਟਰ ਸਨ। ਸਿਹਤ ਵਿਭਾਗ ਨੇ ਅਰਜ਼ੀਆਂ ਦੀ ਪੜਤਾਲ ਤੋਂ ਬਾਅਦ ਸਾਲ 2023-24 ਲਈ ਹੁਣ ਤੱਕ 570 ਹਸਪਤਾਲਾਂ ਅਤੇ ਕਲੀਨਿਕਾਂ ਦੀ ਰਜਿਸਟ੍ਰੇਸ਼ਨ ਦਾ ਨਵੀਨੀਕਰਨ ਕੀਤਾ ਹੈ।

# ਭਾਰਤ ਤੇ ਪਾਕਿਸਤਾਨ ਵਿਚਾਲੇ ਹਾਕੀ ਮੁਕਾਬਲਾ 9 ਅਗਸਤ ਨੂੰ

**ਚੇਨਈ** : ਭਾਰਤੀ ਪੁਰਸ਼ ਹਾਕੀ ਟੀਮ ਇਥੇ 3 ਤੋਂ 12 ਅਗਸਤ ਤੱਕ ਹੋਣ ਵਾਲੀ ਛੇ ਦੇਸ਼ਾਂ ਦੀ ਏਸ਼ੀਆਈ ਚੈਂਪੀਅਨਜ਼ ਟਰਾਫੀ ਦੇ ਪਹਿਲੇ ਦਿਨ ਚੀਨ ਨਾਲ ਭਿੜੇਗੀ। ਚੀਨ ਤੋਂ ਬਾਅਦ ਭਾਰਤ ਦਾ ਸਾਹਮਣਾ 4 ਅਗਸਤ ਨੂੰ ਜਾਪਾਨ ਅਤੇ 6 ਅਗਸਤ ਨੂੰ ਮਲੇਸ਼ੀਆ ਨਾਲ ਹੋਵੇਗਾ। ਇਸ ਤੋਂ ਇਕ ਦਿਨ ਬਾਅਦ ਕੋਰੀਆ ਨਾਲ ਟਕਰਾਅ ਹੋਵੇਗਾ। ਭਾਰਤ ਅਤੇ ਪਾਕਿਸਤਾਨ ਵਿਚਾਲੇ 9 ਅਗਸਤ ਨੂੰ ਮੁਕਾਬਲਾ ਹੋਵੇਗਾ। ਸਾਰੀਆਂ ਟੀਮਾਂ ਇੱਕੋ ਪੂਲ 'ਚ ਹਨ ਅਤੇ ਉਨ੍ਹਾਂ ਦੀ ਸਥਿਤੀ ਦਾ ਫੈਸਲਾ ਅੰਕ ਸੂਚੀ ਦੇ ਆਧਾਰ 'ਤੇ ਕੀਤਾ ਜਾਵੇਗਾ। ਮੌਜੂਦਾ ਚੈਂਪੀਅਨ ਕੋਰੀਆ ਪਹਿਲੇ ਮੈਚ 'ਚ ਜਾਪਾਨ ਨਾਲ ਭਿੜੇਗਾ। ਸੈਮੀਫਾਈਨਲ 11 ਅਗਸਤ ਨੂੰ ਹੋਣਗੇ ਅਤੇ ਫਾਈਨਲ 12 ਅਗਸਤ ਨੂੰ ਹੋਵੇਗਾ। ਭਾਰਤ (2011, 2016, 2018) ਅਤੇ ਪਾਕਿਸਤਾਨ (2012, 2013, 2018) ਤਿੰਨ ਵਾਰ ਖਿਤਾਬ ਜਿੱਤ ਚੁੱਕੇ ਹਨ।



## ਅੱਜ-ਨਾਮਾ

ਵਧਿਆ ਸਰਕਾਰ-ਗਵਰਨਰ ਦਾ ਹੋਰ ਝੇੜਾ,
ਕਰਿਆ ਏ ਮਤਾ ਸਰਕਾਰ ਜਦ ਪਾਸ ਬੇਲੀ।
ਮਤਾ ਇੱਕ ਕੇਂਦਰ ਦੇ ਬਾਰੇ ਵੀ ਪਾਸ ਕੀਤਾ,
ਜਿਸ ਵਿੱਚ ਕੱਢੀ ਗਈ ਬਹੁਤ ਭੜਾਸ ਬੇਲੀ।
ਧਮਕੀ ਕੋਰਟ ਵੱਲ ਜਾਵਣ ਦੀ ਨਾਲ ਦਿੱਤੀ,
ਜਿਹੜੀ ਲੱਗਦੀ ਨਹੀਂ ਆਵਣੀ ਰਾਸ ਬੇਲੀ।
ਵਧੀ ਇਹ ਗੱਲ ਜਾਵੇ ਜਿਹੜੀ ਹੱਦ ਤੀਕਰ,
ਲੱਗਦੀ ਮੋੜ ਨਹੀਂ ਪਾਉਣ ਦੀ ਆਸ ਬੇਲੀ।
ਦੋਵਾਂ ਈ ਪਾਸਿਉਂ ਕੋਈ ਨਹੀਂ ਢਿੱਲ ਕਰਦਾ,
ਹਰ ਕੋਈ ਕੁੜੱਤਣ ਦਾ ਰਾਗ ਅਲਾਪਦਾ ਈ।
ਕੁੜੱਤਣ ਕੇਂਦਰ ਪੰਜਾਬ ਵਿੱਚ ਵਧੀ ਜਿਹੜੀ,
ਮਾਮਲਾ ਬਹੁਤ ਇਹ ਵਿਗੜਦਾ ਜਾਪਦਾ ਈ।

-ਤੀਸ ਮਾਰ ਖਾਂ

# ਜਿੱਥੇ ਗੁਰੂ ਨਾਨਕ ਸ਼ੇਖ ਬਹਿਲੂਲ ਦਾਨਾ ਦੇ ਕਹਿਣ 'ਤੇ 3 ਮਹੀਨੇ ਰੁਕੇ ਸਨ...

**ਨਵੀਂ ਦਿੱਲੀ** : ਇਥੇ ਇਰਾਕ ਦੇ ਉੱਪ ਪ੍ਰਧਾਨ ਮੰਤਰੀ ਹੇਯਾਨ ਅਬਦੁਲਗਨੀ ਅਬਦੁਲਜ਼ਾਹਰਾ ਅਲ-ਸਵਾਦ ਨਾਲ ਮੀਟਿੰਗ ਦੌਰਾਨ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਇਰਾਕ ਸਰਕਾਰ ਤੋਂ ਉਸ ਜਗ੍ਹਾ 'ਤੇ ਗੁਰਦੁਆਰਾ ਬਣਾਉਣ ਦੀ ਇਜਾਜ਼ਤ ਮੰਗੀ, ਜਿਥੇ ਗੁਰੂ ਨਾਨਕ ਦੇਵ ਜੀ ਸੂਫੀ ਸੰਤ ਸ਼ੇਖ ਬਹਿਲੂਲ ਦਾਨਾ ਦੇ ਸੱਦੇ 'ਤੇ 3 ਮਹੀਨੇ ਲਈ ਰੁਕੇ ਸਨ। ਸਾਹਨੀ ਨੇ ਇਹ ਵੀ ਦੱਸਿਆ ਕਿ ਇਹ ਗੁਰਦੁਆਰਾ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੀ ਸਰਪ੍ਰਸਤੀ ਹੇਠ ਉਸਾਰਿਆ ਜਾਵੇਗਾ ਅਤੇ ਉਹ ਖੁਦ ਵੀ ਇਸ ਕਾਰਜ 'ਚ ਆਪਣਾ ਬਣਦਾ ਯੋਗਦਾਨ ਪਾਉਣਗੇ। ਉਨ੍ਹਾ ਕਿਹਾ ਕਿ ਇਸ ਨਾਲ ਸਿੱਖ ਅਤੇ ਸਿੰਧੀ ਸ਼ਰਧਾਲੂਆਂ, ਜਿਹੜੇ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਹਨ, ਨੂੰ ਬਗਦਾਦ ਦੇ ਇਸ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਲਈ ਉਤਸ਼ਾਹ ਮਿਲੇਗਾ ਅਤੇ ਇਰਾਕ ਵਿਚਲੇ ਸੈਰ ਸਪਾਟਾ ਉਦਯੋਗ ਨੂੰ ਵੀ ਹੁਲਾਰਾ ਮਿਲੇਗਾ। ਉਨ੍ਹਾ ਇਰਾਕ 'ਚ ਭਾਰਤੀ ਰਾਜਦੂਤ ਅਤੇ ਵਿਦੇਸ਼ ਮੰਤਰਾਲੇ ਵਿਚ ਖਾੜੀ ਮਾਮਲਿਆਂ ਦੇ ਸਕੱਤਰ ਨੂੰ ਵੀ ਬੇਨਤੀ ਕੀਤੀ ਕਿ ਇਸ ਕਾਰਜ ਨੂੰ ਜਲਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜੋ ਗੁਰਦੁਆਰੇ ਦੀ ਉਸਾਰੀ ਜਲਦੀ ਤੋਂ ਜਲਦੀ ਸ਼ੁਰੂ ਕੀਤੀ ਜਾ ਸਕੇ।




# ਖਿਝਿਆ ਪਤੀ

**ਜੈਪੁਰ** : ਪਤਨੀ ਦੇ ਗੁਜ਼ਾਰੇ ਲਈ ਨੌਜਵਾਨ 7 ਬੋਰੀਆਂ ਵਿਚ 55 ਹਜ਼ਾਰ ਰੁਪਏ ਦੇ ਸਿੱਕੇ ਕੋਰਟ 'ਚ ਲੈ ਕੇ ਪੁੱਜਾ। ਸਿੱਕੇ ਦੇਖ ਕੇ ਪਤਨੀ ਬੋਲੀ ਕਿ ਇਹ ਤਾਂ ਉਸ ਨੂੰ ਮਾਨਸਕ ਤਸੀਹਾ ਦੇਣ ਵਾਲੀ ਹਰਕਤ ਹੈ। ਪਤੀ ਨੇ ਕਿਹਾ ਕਿ ਇਹ ਕਾਨੂੰਨੀ ਮੁਦਰਾ ਹੈ। ਕੋਰਟ ਨੇ ਪਤੀ ਨੂੰ ਹੁਕਮ ਦਿੱਤਾ ਕਿ ਉਹ ਇਕ-ਇਕ ਹਜ਼ਾਰ ਰੁਪਏ ਦੀਆਂ ਥੈਲੀਆਂ ਬਣਾ ਕੇ ਪਤਨੀ ਨੂੰ ਦੇਵੇ। ਮਾਮਲੇ ਦੀ ਅਗਲੀ ਸੁਣਵਾਈ 26 ਜੂਨ ਨੂੰ ਹੋਵੇਗੀ।



ਦਸ਼ਰਥ ਕੁਮਾਵਤ ਦੇ ਵਕੀਲ ਰਮਨ ਗੁਪਤਾ ਨੇ ਦੱਸਿਆ ਕਿ ਦਸ਼ਰਥ ਦੀ ਸ਼ਾਦੀ 10 ਸਾਲ ਪਹਿਲਾਂ ਸੀਮਾ ਕੁਮਾਵਤ ਨਾਲ ਹੋਈ ਸੀ। ਤਿੰਨ-ਚਾਰ ਸਾਲ ਬਾਅਦ ਅਣਬਣ ਹੋ ਗਈ। ਪਤੀ ਨੇ ਤਲਾਕ ਦੀ ਅਰਜ਼ੀ ਦਿੱਤੀ। ਫੈਮਿਲੀ ਕੋਰਟ ਨੇ ਉਸ ਨੂੰ ਹਰ ਮਹੀਨੇ ਪਤਨੀ ਨੂੰ 5 ਹਜ਼ਾਰ ਰੁਪਏ ਦੇਣ ਦਾ ਹੁਕਮ ਦਿੱਤਾ। ਦਸ਼ਰਥ ਨੇ 11 ਮਹੀਨੇ ਪੈਸੇ ਨਹੀਂ ਦਿੱਤੇ। ਕੋਰਟ ਨੇ ਵਸੂਲੀ ਵਾਰੰਟ ਜਾਰੀ ਕਰ ਦਿੱਤੇ। ਇਸ ਦੇ ਬਾਅਦ ਵੀ ਪੈਸੇ ਨਹੀਂ ਦਿੱਤੇ ਤਾਂ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਪੁਲਸ ਨੇ ਦਸ਼ਰਥ ਨੂੰ ਫੜ ਕੇ ਕੋਰਟ ਵਿਚ ਪੇਸ਼ ਕੀਤਾ। ਪੈਸੇ ਦੇਣ 'ਤੇ ਉਸ ਨੂੰ ਜ਼ਮਾਨਤ ਮਿਲੀ। ਸੀਮਾ ਕੁਮਾਵਤ ਦੇ ਵਕੀਲ ਰਾਮ ਪ੍ਰਕਾਸ਼ ਕੁਮਾਵਤ ਨੇ ਕਿਹਾ ਕਿ ਸਿੱਕੇ ਗਿਣਨ ਵਿਚ ਹੀ 10 ਦਿਨ ਲੱਗ ਜਾਣਗੇ।

CMYK

21-JUNE-PAGE-1.qxd 6/20/2023 10:03 PM Page 2



## ਬੰਗੀ ਰੁਲਦੂ ਵਿਖੇ ਅਧਿਕਾਰਤ ਪੰਚ ਦੀ ਚੋਣ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪਿੰਡ ਬੰਗੀ ਰੁਲਦੂ ਪੰਚਾਇਤ ਦੀ ਸਾਂਝੀ ਮੀਟਿੰਗ ਦਫਤਰ ਕਾਰਜ ਸਾਧਕ ਅਫਸਰ ਪੰਚਾਇਤ ਸੰਮਤੀ ਕਮ ਬੀ.ਡੀ.ਪੀ ਓ ਦਫਤਰ ਤਲਵੰਡੀ ਸਾਬੋ ਵਿਖੇ ਕੀਤੀ ਗਈ। ਮੀਟਿੰਗ ਵਿੱਚ ਅਧਿਕਾਰਤ ਪੰਚ ਦੀ ਚੋਣ ਕੀਤੀ ਗਈ, ਜਿਸ ਵਿੱਚ ਸ਼ਰਨਜੀਤ ਕੌਰ ਪਤਨੀ ਗੁਰਸੇਵਕ ਨੂੰ ਅਧਿਕਾਰਤ ਪੰਚ ਚੁਣਿਆ ਗਿਆ। ਹਾਜ਼ਰ ਪੰਚਾਂ ਤੇ ਮੋਹਤਵਰਾਂ ਵੱਲੋਂ ਸ਼ਰਨਜੀਤ ਕੌਰ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਜਸਵੰਤ ਕੌਰ ਪੰਚ, ਅਮਨਦੀਪ ਕੌਰ ਪੰਚ, ਸੁਖਵਿੰਦਰ ਕੌਰ ਪੰਚ, ਗੁਰਦੀਪ ਸਿੰਘ ਪੰਚ, ਜਲੌਰ ਸਿੰਘ ਪੰਚ, ਟੇਕ ਸਿੰਘ ਬੰਗੀ ਚੇਅਰਮੈਨ ਮਾਰਕੀਟ ਕਮੇਟੀ ਤਲਵੰਡੀ ਸਾਬੋ, ਮਨਦੀਪ ਸਿੰਘ ਬੰਗੀ, ਦਰਸ਼ਨ ਸਿੰਘ, ਮਨਜੀਤ ਸਿੰਘ ਸਮੇਤ ਹੋਰ ਮੋਹਤਵਰ ਆਗੂ ਹਾਜ਼ਰ ਸਨ।

## ਪੰਚਾਇਤੀ ਜ਼ਮੀਨ ਦਾ ਕਬਜ਼ਾ ਛੱਡਣ ਵਾਲੇ ਕਿਸਾਨਾਂ ਦਾ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਹਸਨਪੁਰ ਵਿਖੇ ਪਿਛਲੇ ਲੰਮੇ ਸਮੇਂ ਤੋਂ ਪੰਚਾਇਤ ਜ਼ਮੀਨ 'ਤੇ ਕਾਬਜ਼ 2 ਕਿਸਾਨਾਂ ਵੱਲੋਂ ਆਪਣੀ ਇੱਛਾ ਅਨੁਸਾਰ ਇਹ ਜ਼ਮੀਨ ਮੁੜ ਪੰਚਾਇਤ ਨੂੰ ਸੌਂਪ ਦਿੱਤੀ ਹੈ, ਜਿਸ 'ਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਪਿੰਡ ਦੇ ਪੰਚ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਪੀਲ ਕੀਤੀ ਗਈ ਸੀ ਕਿ ਜੋ ਕਿਸਾਨ ਪੰਚਾਇਤੀ ਜ਼ਮੀਨਾਂ ਦਾ ਆਪਣੀ ਇੱਛਾ ਅਨੁਸਾਰ ਕਬਜ਼ਾ ਛੱਡ ਦੇਣਗੇ, ਉਨ੍ਹਾਂ ਦੀ ਪਿਛਲੀ ਰਿਕਵਰੀ ਨਹੀਂ ਪਾਈ ਜਾਵੇਗੀ, ਬਲਕਿ ਪੰਚਾਇਤ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਗੁਰਮੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਦੋ ਕਿਸਾਨ ਤਰਸੇਮ ਸਿੰਘ ਤੇ ਧਰਮਪਾਲ ਵੱਲੋਂ 2013 ਵਿੱਚ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਗਿਆ ਸੀ ਤੇ ਹੁਣ ਉਨ੍ਹਾਂ ਨੇ ਇਹ ਜ਼ਮੀਨ ਛੱਡ ਪੰਚਾਇਤ ਨੂੰ ਸੰਭਾਲ ਦਿੱਤੀ ਹੈ। ਅੱਜ ਇਨ੍ਹਾਂ ਦੋਵੇਂ ਕਿਸਾਨਾਂ ਦਾ ਪੰਚਾਇਤੀ ਅਧਿਕਾਰੀਆਂ ਤੇ ਨਗਰ ਨਿਵਾਸੀਆਂ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਸੁਪਰਡੈਂਟ ਗੁਰਮੀਤ ਸਿੰਘ, ਅਧਿਕਾਰਤ ਸਰਪੰਚ ਜਤਿੰਦਰ ਸਿੰਘ, ਸੈਕੇਟਰੀ ਕੁਲਜੀਤ ਸਿੰਘ, ਪੰਚ ਗੁਰਮੀਤ ਸਿੰਘ, ਗੁਰਨਾਮ ਸਿੰਘ, ਹਰਬੰਸ ਸਿੰਘ, ਮੁਖਤਿਆਰ ਸਿੰਘ, ਦਲਵੀਰ ਸਿੰਘ ਕੋਟਲਾ ਹਾਜ਼ਰ ਸਨ।

## ਅਮਰਿੰਦਰ ਪਟਵਾਰੀ ਤੇ ਮਾਨਸਾ ਪੁਲਸ ਵਿਰੁੱਧ ਬੀ ਕੇ ਯੂ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)**-ਪਿੰਡ ਕੋਟਲੀ ਕਲਾਂ ਵਿੱਚ ਰਾਤ 11 ਵਜੇ ਅਮਰਿੰਦਰ ਪਟਵਾਰੀ ਵੱਲੋਂ ਸੁਖਮਨ ਸਿੰਘ ਦੇ ਘਰ ਉੱਤੇ ਹਮਲਾ ਕਰ ਦਿੱਤਾ। ਅਮਰਿੰਦਰ ਪਟਵਾਰੀ ਦੇ ਨਾਲ 15 ਬੰਦੇ ਹੋਰ ਵੀ ਸੀ। ਉਨ੍ਹਾਂ ਵੱਲੋਂ ਸੁਖਮਨ ਦੇ ਗੰਭੀਰ ਸੱਟਾਂ ਮਾਰੀਆਂ ਗਈਆਂ ਤੇ ਘਰ ਦੀ ਵੀ ਭੰਨਤੋੜ ਕੀਤੀ ਗਈ। ਇਸ ਤੋਂ ਬਾਅਦ ਜਦੋਂ ਸੁਖਮਨ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਤਾਂ ਪੁਲਸ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਬਾਅਦ 'ਚ ਜਦੋਂ ਬੀ.ਕੇ.ਯੂ.ਦੇ ਸੰਘਰਸ਼ ਤੋਂ ਬਾਅਦ ਪੁਲਿਸ ਨੇ ਅਮਰਿੰਦਰ ਪਟਵਾਰੀ ਸਮੇਤ 9 ਹੋਰ ਬੰਦਿਆਂ 'ਤੇ ਪਰਚਾ ਦਰਜ ਕੀਤਾ ਗਿਆ, ਪਰ ਪਰਚਾ ਦਰਜ ਹੋਣ ਤੋਂ ਬਾਅਦ ਵੀ ਅਜੇ ਤੱਕ ਮੁੱਖ ਦੋਸ਼ੀ ਅਮਰਿੰਦਰ ਪਟਵਾਰੀ ਤੇ ਬਾਕੀ ਦੋਸ਼ੀ ਗ੍ਰਿਫ਼ਤਾਰ ਨਹੀਂ ਕੀਤੇ ਗਏ ਤੇ ਸੁਖਮਨ 'ਤੇ ਪਰਚਾ ਰੱਦ ਨਹੀਂ ਕੀਤਾ ਗਿਆ। ਇਸ ਪੂਰੇ ਮਾਸਲੇ ਵਿੱਚ ਪੁਲਸ ਸ਼ੁਰੂ ਤੋਂ ਹੀ ਅਮਰਿੰਦਰ ਪਟਵਾਰੀ ਦਾ ਸਾਥ ਦਿੰਦੀ ਨਜ਼ਰ ਆ ਰਹੀ ਹੈ। ਹੁਣ ਬੀ.ਕੇ.ਯੂ ਨੇ ਮੀਟਿੰਗ ਕਰਕੇ ਇਹ ਤੈਅ ਕੀਤਾ ਕਿ ਇਸ ਮਸਲੇ ਨੂੰ ਲੈ ਕੇ ਸੀ.ਐਮ ਨੂੰ ਮਿਲਿਆ ਜਾਵੇਗਾ। ਮੀਟਿੰਗ ਵਿੱਚ ਮਾਨਸਾ ਦੇ ਆਗੂ ਹਰਚਰਨ ਸਿੰਘ, ਦਲਜੀਤ ਸਿੰਘ, ਗੁਰਜੰਟ ਸਿੰਘ, ਬਲਕਾਰ ਸਿੰਘ ਤੇ ਹੋਰ ਆਗੂ ਸ਼ਾਮਲ ਸਨ।

## 'ਖੇਡਾਂ ਵਤਨ ਪੰਜਾਬ ਦੀਆਂ' ਨਾਲ ਨੌਜਵਾਨ ਵਰਗ 'ਚ ਖੇਡਾਂ ਲਈ ਉਤਸ਼ਾਹ ਵਧਿਆ : ਚੇਅਰਮੈਨ ਜੱਸੀ ਸੋਹੀਆਂ ਵਾਲਾ

**ਨਾਭਾ (ਵਰਿੰਦਰ ਵਰਮਾ)**

ਮੀਰੀ ਪੀਰੀ ਸਪੋਰਟਸ ਕਲੱਬ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਸੌਜਾ ਵਿਖੇ ਘੋੜੇ ਘੋੜੀਆਂ ਦੀਆਂ ਸਪੱਟਾਂ ਦੌੜਾਂ ਦਾ ਖੇਡ ਮੇਲਾ ਕਰਾਇਆ ਗਿਆ। ਇਸ ਖੇਡੇ ਮੇਲੇ ਵਿੱਚ ਬੋਲੀਆਂ ਦੇ ਬਾਦਸ਼ਾਹ ਇੰਟਰਨੈਸ਼ਨਲ ਗਾਇਕ ਪੰਮੀ ਬਾਈ ਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੁੱਖ ਮਹਿਮਾਨ ਵਜੋਂ ਪੁੱਜ ਕੇ ਜੇਤੂਆਂ ਨੂੰ ਇਨਾਮ ਵੰਡੇ। ਇਸ ਮੌਕੇ ਸੰਤ ਬਾਬਾ ਹਰਭਜਨ ਸਿੰਘ ਜੀ ਸੁਰਾਜਪੁਰ ਵਾਲੇ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ, ਫ਼ਿਲਮੀ ਅਦਾਕਾਰ ਗੋਸਾ, ਥਾਣਾ ਸਦਰ ਨਾਭਾ ਦੇ ਇੰਚਾਰਜ ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ, ਮਾਰਕੀਟ ਕਮੇਟੀ ਭਾਦਸੋਂ ਦੇ ਚੇਅਰਮੈਨ ਦੀਪਾ ਰਾਮਗੜ੍ਹ, ਯੂਥ ਆਗੂ ਤੇਜਿੰਦਰ ਸਿੰਘ ਖਹਿਰਾ ਆਦਿ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕਰਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨੌਜਵਾਨ ਵਰਗ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੁ ਨੌਜਵਾਨਾਂ ਅੰਦਰ ਖੇਡਾਂ ਖੇਡਣ ਤੇ ਖੇਡ ਮੇਲੇ ਕਰਾਉਣ ਲਈ ਉਤਸ਼ਾਹ ਪੈਦਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਿਛਲੇ ਸਾਲ ਕਰਾਈਆਂ ਖੇਡਾਂ ਵਤਨ ਪੰਜਾਬ ਦੀਆਂ ਨਾਲ ਜਿੱਥੇ ਵੱਡੀ ਪੱਧਰ 'ਤੇ ਨਵੇਂ ਖਿਡਾਰੀ ਪੈਦਾ ਹੋਏ ਹਨ, ਉਥੇ ਹੀ ਖੇਡ ਮੇਲੇ ਕਰਾਉਣ ਲਈ ਨੌਜਵਾਨਾਂ ਵਿੱਚ ਉਤਸ਼ਾਹ ਵਧਿਆ ਹੈ। ਗਾਇਕ ਪੰਮੀ ਬਾਈ ਨੇ ਕਿਹਾ ਕਿ ਮੀਰੀ ਪੀਰੀ ਸਪੋਰਟਸ ਕਲੱਬ ਵੱਲੋਂ ਘੋੜੇ ਘੋੜੀਆਂ ਦੀ ਦੌੜਾਂ ਕਰਾਉਣ ਦਾ ਉਪਰਾਲਾ ਸ਼ਲਾਘਯੋਗ ਕਦਮ ਹੈ, ਕਿਉਂਕਿ ਜੇਕਰ ਨੌਜਵਾਨ ਪੀੜ੍ਹੀ ਖੇਡ ਮੇਲੇ ਕਰਾਉਣ ਲਈ ਜਾਗਰੂਕ ਹੋਵੇਗੀ ਤਾਂ ਉਹ ਨਸ਼ਿਆਂ ਤੇ ਸਮਾਜਿਕ ਬੁਰਾਈਆਂ ਤੋਂ ਵੀ ਬਚੇਗੀ। ਉਨ੍ਹਾਂ ਕਿਹਾ ਕਿ ਸਾਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੇ ਖੇਡ ਮੇਲੇ ਕਰਾਉਣੇ ਚਾਹੀਦੇ ਹਨ। ਇਸ ਮੌਕੇ ਕਲੱਬ ਪ੍ਰਧਾਨ ਗੁਰਮੇਲ ਸਿੰਘ ਕਾਲਾ, ਗੁਰਦੀਪ ਸਿੰਘ ਸ਼ੈਲੀ ਸਾਬਕਾ ਸਰਪੰਚ, ਬਹਾਦਰ ਸਿੰਘ ਸਰਪੰਚ, ਗੁਰਬਖਸ਼ ਸਿੰਘ ਵਿਰਕ, ਸੁਖਜੀਤ ਪਾਠਕ ਤੇ ਰਾਜੀਵ ਕੁਮਾਰ ਆਦਿ ਪ੍ਰਬੰਧਕਾਂ ਨੇ ਆਏ ਮਹਿਮਾਨਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਵਿੰਦਰ ਨਿਰਮਾਨ, ਧੀਰਜ ਠਾਕੁਰ, ਰਾਜੀਵ ਪਾਠਕ, ਗੁਰਤੇਜ ਵਿਰਕ, ਸਤਵੰਤ ਸਿੰਘ, ਹਰਦੇਵ ਸਿੰਘ, ਮਨਵੀਰ ਸਿੰਘ ਖੱਟੜਾ, ਬਚਿੱਤਰ ਸਿੰਘ ਜੌਲੀ, ਹੈਪੀ ਅਰੋੜਾ, ਨੀਟੂ ਸ਼ਰਮਾ ਜੱਸੋਮਾਜਰਾ, ਲਾਡੀ ਖਹਿਰਾ, ਜਸਕਰਨਵੀਰ ਸਿੰਘ ਤੇਜੇ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਨੇ ਇਨ੍ਹਾਂ ਖੇਡਾਂ ਦਾ ਆਨੰਦ ਮਾਣਿਆ।



## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਮੁੱਖ ਮੰਤਰੀ ਨਾਲ ਮੀਟਿੰਗ ਭਲਕੇ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਦੱਸਿਆ ਕਿ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਜਥੇਬੰਦੀਆਂ ਵੱਲੋਂ ਸਾਂਝੇ ਮੰਗ ਪੱਤਰ 'ਤੇ ਵਿਚਾਰ ਚਰਚਾ ਤੇ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਮੁੱਖ ਮੰਤਰੀ ਨਾਲ 22 ਜੂਨ ਨੂੰ ਮੀਟਿੰਗ ਹੋਵੇਗੀ। ਉਨ੍ਹਾ ਕਿਹਾ ਕਿ ਮਜ਼ਦੂਰਾਂ ਦੀਆਂ ਮਾਈਕਰੋ ਕੰਪਨੀਆਂ ਦੇ ਤੇ ਸਰਕਾਰੀ ਕਰਜ਼ੇ ਮਾਫ ਕਰਨਾ ਫਨਾਇਸਰਾਂ ਵੱਲੋਂ ਕਰਜ਼ਾ ਉਗਰਾਹੁਣ ਦੇ ਨਾਂ 'ਤੇ ਕੀਤੀ ਜਾਂ ਰਹੀ ਗੁੰਡਾਗਰਦੀ ਤੇ ਕਰਜ਼ਾ ਧਾਰੀਆਂ ਦੀ ਕੁੱਟ-ਮਾਰ ਕਰਨ ਵਾਲਿਆਂ 'ਤੇ ਪੁਲਸ ਕਾਰਵਾਈ ਕਰਨ, ਮਜ਼ਦੂਰਾਂ ਨੂੰ ਦਸ ਦਸ ਮਰਲੇ ਦੇ ਰਿਹਾਇਸ਼ੀ ਪਲਾਟ ਅਲਾਟ ਕਰਨ ਤੇ ਜਿੱਥੇ ਪੰਚਾਇਤਾਂ ਨੇ ਮਤੇ ਪਾਏ ਫੌਰੀ ਕਬਜ਼ਾ ਦੇਣ, ਮਜ਼ਦੂਰਾਂ ਨੂੰ ਘਰ ਬਣਾਉਣ ਲਈ ਪੰਜ ਪੰਜ ਲੱਖ ਦੀ ਗਰਾਂਟ ਦੇਣ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਜ਼ਮੀਨ ਸਸਤੇ ਠੇਕੇ 'ਤੇ ਦੇਣ ਤੇ ਡੰਮੀ ਬੋਲੀਆਂ ਰੱਦ ਕਰਨ, ਬੁੱਢਾਪਾ, ਵਿਧਵਾ ਤੇ ਅੰਗਹੀਣ ਵਿਅਕਤੀਆਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਕਰਕੇ ਇਸ ਦੀ ਰਕਮ ਪੰਜ ਹਜ਼ਾਰ ਰੁਪਏ ਮਹੀਨਾ ਕਰਨ ਅਤੇ ਪੈਨਸ਼ਨਾਂ ਦੀ ਲਗਾਤਾਰਤਾ ਦੇਣੀ ਯਕੀਨੀ ਬਣਾਉਣ, ਰਾਸ਼ਨ ਡਿੱਪੂਆਂ ਉੱਪਰ ਨਿੱਤ ਵਰਤੋਂ ਦੀਆਂ ਜ਼ਰੂਰੀ ਖਾਣ-ਪੀਣ ਵਾਲੀਆਂ ਸਾਰੀਆਂ ਚੀਜ਼ਾਂ ਅੱਧੀ ਕੀਮਤ 'ਤੇ ਸਪਲਾਈ ਕੀਤੀਆਂ ਜਾਣ, ਨਰੇਗਾ ਅਧੀਨ ਸਾਰੇ ਪਰਿਵਾਰ ਨੂੰ ਸਾਰਾ ਸਾਲ ਕੰਮ ਦੇਣ, ਦਿਹਾੜੀ ਸੱਤ ਸੌ ਰੁਪਏ ਕਰਨ ਤੇ ਨਰੇਗਾ ਕਾਨੂੰਨ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ, ਮਜ਼ਦੂਰਾਂ ਨੂੰ ਰੂੜੀਆਂ ਸੁੱਟਣ ਲਈ ਜਗ੍ਹਾ ਦੇਣ, ਸ਼ਗਨ ਸਕੀਮ ਦੀ ਰਾਸ਼ੀ ਫੌਰੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ 'ਚ ਪਾਉਣ ਆਦਿ ਮੰਗਾਂ ਸ਼ਾਮਲ ਹਨ। ਉਪਰੋਕਤ ਮਜ਼ਦੂਰ ਆਗੂ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਘਰ ਸਾਹਮਣੇ ਚਾਰ ਵਾਰ ਪੰਜਾਬ ਦੇ ਮਜ਼ਦੂਰਾਂ ਦੇ ਵੱਡੇ ਇਕੱਠ ਕਰਕੇ ਲਗਾਤਾਰ ਦਿਨ-ਰਾਤ ਦੇ ਧਰਨੇ ਮਾਰੇ ਗਏ ਅਤੇ ਪੰਜ ਵਾਰ ਮੁੱਖ ਮੰਤਰੀ ਵੱਲੋਂ ਮੀਟਿੰਗਾਂ ਦਾ ਸਮਾਂ ਦੇਣ 'ਤੇ ਮੁੱਖ ਮੰਤਰੀ ਮੀਟਿੰਗਾਂ ਤੋਂ ਕਿਨਾਰਾ ਕਰਦੇ ਰਹੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੇ ਹੁਣ ਵੀ ਅਜਿਹਾ ਕੀਤਾ ਤਾਂ ਮਜ਼ਦੂਰ ਜਥੇਬੰਦੀਆਂ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੀਆਂ।

## ਵਿਕਾਸ ਮਿਸ਼ਨ ਨੇ ਦੀਵਾਨ ਚੰਦ ਠਾਕਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਕਰੀਬ ਚਾਰ ਦਹਾਕਿਆਂ ਤੋਂ ਇਲਾਕੇ ਵਿਚ ਵਿੱਦਿਆ ਦੇ ਚਾਨਣ ਦੀ ਲੋਅ ਰੌਸ਼ਨ ਕਰਨ ਵਾਲੀ ਇੰਦੂ ਮਾਡਲ ਸਕੂਲ ਦੀ ਪ੍ਰਿੰਸੀਪਲ ਸੰਤੋਸ਼ ਠਾਕਰ (62) ਧਰਮ ਪਤਨੀ ਦੀਵਾਨ ਚੰਦ ਠਾਕਰ ਪਿਛਲੇ ਕਰੀਬ ਦੋ ਸਾਲ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ। ਬਿਮਾਰੀ ਦੇ ਘਾਤਕ ਦੈਂਤ ਮੂਹਰੇ ਉਹ ਹਾਰ ਗਏ ਤੇ ਕੁੱਝ ਦਿਨ ਪਹਿਲਾਂ ਸਵਰਗ ਸਿਧਾਰ ਗਏ ਸਨ। ਉਨ੍ਹਾਂ ਨੇ ਆਪਣੇ ਪਤੀ ਦੇ ਸਹਿਯੋਗ ਨਾਲ ਬੱਚਿਆਂ ਨੂੰ ਉੱਚ ਪੱਧਰੀ ਵਿੱਦਿਆ ਪ੍ਰਾਪਤ ਕਰਾਈ। ਬੇਟੀ ਨੂੰ ਪੀ.ਐੱਚ. ਕਰਾ ਕੇ ਡਾਕਟਰੇਟ ਦੀ ਡਿਗਰੀ ਦਿਵਾਈ। ਬੇਟੀ ਡਾ. ਇੰਦੂ ਬਿਸ਼ਟ ਖਾਨਪੁਰ ਵਿਖੇ ਬਤੌਰ ਪ੍ਰੋਫੈਸਰ ਨੌਕਰੀ ਕਰ ਰਹੀ ਹੈ ਅਤੇ ਆਪਣੇ ਪਤੀ ਡਾ. ਮਨਜੀਤ ਬਿਸ਼ਟ, ਪੁੱਤਰੀ ਮਹਿਕ ਅਤੇ ਪਾਰਥ ਸਮੇਤ ਆਪਣਾ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਹੈ। ਇਕ ਬੇਟਾ ਭੰਗੜਾ ਕੋਚ ਸ਼ਮਿੰਦਰ ਠਾਕਰ ਤੇ ਅਧਿਆਪਕ ਪਤਨੀ ਅਨੀਤਾ ਠਾਕਰ ਕਿਡਜ਼ ਪੈਰਾਡਾਈ ਸਕੂਲ ਨੂੰ ਚਲਾ ਕੇ ਆਪਣੀ ਸਵ: ਮਾਤਾ ਦੇ ਬਾਕੀ ਰਹਿੰਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹਨ। ਦੂਜਾ ਬੇਟਾ ਵਿਕਰਮਜੀਤ ਸਿੰਘ ਠਾਕਰ ਤੇ ਉਸ ਦੀ ਪਤਨੀ ਕਵਿਤਾ ਠਾਕਰ ਸਰਕਾਰੀ ਅਧਿਆਪਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਤੇ ਬੇਟੇ ਧਰੇਸ਼ ਅਤੇ ਪਰਿਤੇਸ਼ ਨਾਲ ਜਲੰਧਰ ਵਿਖੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਹੇ ਹਨ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਮੈਂਬਰਾਂ ਨੇ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਠਾਕਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਮਿਸ਼ਨ ਦੇ ਇੰਜ. ਅਸ਼ੋਕ ਕੁਮਾਰ ਭਾਰਤੀ, ਜਗਦੀਸ਼ ਚੰਦਰ ਧਵਾਲ, ਵਿਜੇ ਸਿਡਾਨਾ, ਰਾਜਿੰਦਰ ਖੁਰਾਣਾ, ਪ੍ਰਦੀਪ ਧੁੜੀਆ, ਡਾ. ਸੰਜੀਵ ਮਿੱਡਾ, ਸ਼ਾਮ ਲਾਲ ਗੋਇਲ, ਮਨੋਹਰ ਲਾਲ, ਚੌ. ਬਲਬੀਰ ਸਿੰਘ, ਓ.ਪੀ. ਖਿੱਚੀ ਤੇ ਸੰਜੀਵ ਜਿੰਦਲ ਆਦਿ ਮੌਜੂਦ ਸਨ। ਮਿਸ਼ਨ ਵੱਲੋਂ ਠਾਕਰ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪ੍ਰਮਾਤਮਾ ਕੋਲ ਦੁਖੀ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਦੁਆ ਕੀਤੀ। ਸਵ. ਪ੍ਰਿੰ. ਸੰਤੋਸ਼ ਠਾਕਰ ਨਮਿਤ ਅੰਤਮ ਅਰਦਾਸ ਅਤੇ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 26 ਜੂਨ ਨੂੰ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਪਵੇਗਾ।

## ਸਿਹਤ ਵਿਭਾਗ ਜਣੇਪੇ ਦੌਰਾਨ ਮੌਤਾਂ ਰੋਕਣ ਲਈ ਗੰਭੀਰ : ਸਿਵਲ ਸਰਜਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਿਹਤ ਵਿਭਾਗ ਜਣੇਪੇ ਦੌਰਾਨ ਹੋਣ ਵਾਲੀਆਂ ਮੌਤਾਂ ਰੋਕਣ ਲਈ ਸਾਰੇ ਢੁਕਵੇਂ ਪ੍ਰਬੰਧ ਕਰਨ ਲਈ ਯਤਨਸ਼ੀਲ ਹੈ।ਇਸ ਮੰਤਵ ਲਈ ਵਿਭਾਗ ਵੱਲੋਂ ਜੱਚਾ-ਬੱਚਾ ਸੇਵਾਵਾਂ ਹੋਰ ਵਧੇਰੇ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਸਿਵਲ ਸਰਜਨ ਡਾ. ਰਜਿੰਦਰ ਪਾਲ ਨੇ ਮੁੱਖ ਦਫ਼ਤਰ ਸਿਹਤ ਤੇ ਪਰਿਵਾਰ ਭਲਾਈ ਦੁਆਰਾ ਜਾਰੀ ਪੱਤਰ ਦੀ ਰੌਸ਼ਨੀ ਵਿੱਚ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣ ਲਈ ਜ਼ਿਲ੍ਹੇ ਵਿੱਚ ਆਉਂਦੇ ਸਾਰੇ ਹਸਪਤਾਲਾਂ ਨੂੰ ਪੱਤਰ ਜਾਰੀ ਕਰਨ ਮੌਕੇ ਕੀਤਾ।ਉਨ੍ਹਾ ਕਿਹਾ ਕਿ ਵਿਭਾਗ ਵੱਲੋਂ ਜਾਰੀ ਤਾਜ਼ਾ ਹਦਾਇਤਾਂ ਅਨੁਸਾਰ ਸਮੂਹ ਜ਼ਿੰਮੇਵਾਰ ਅਧਿਕਾਰੀਆਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਹਰੇਕ ਗਰਭਵਤੀ ਮਹਿਲਾ ਦੀ ਹਰ ਹਾਲ ਰਜਿਸਟ੍ਰੇਸ਼ਨ ਯਕੀਨੀ ਬਣਾਈ ਜਾਵੇ ਤਾਂ ਕਿ ਵਿਭਾਗ ਵੱਲੋਂ ਉਪਲੱਬਧ ਕਰਵਾਈਆਂ ਜਾਂਦੀਆਂ ਸਾਰੀਆਂ ਸਹੂਲਤਾਂ ਇਨ੍ਹਾਂ ਲਾਭਪਾਤਰੀਆਂ ਨੂੰ ਮਿਲ ਸਕਣ।ਉਨ੍ਹਾਂ ਕਿਹਾ ਕਿ ਗਰਭਕਾਲ ਦੀ ਦੂਜੀ ਤਿਮਾਹੀ ਵਿੱਚ ਘੱਟੋ-ਘੱਟ ਇਕ ਵਾਰ ਜ਼ਰੂਰ ਮੈਡੀਕਲ ਸਪੈਸ਼ਲਿਸਟ ਤੋਂ ਚੈੱਕ ਕਰਵਾਇਆ ਜਾਵੇ, ਇਸ ਵਿੱਚ ਥਾਇਰਾਇਡ ਟੈਸਟ ਤੇ ਈਸੀਜੀ ਜ਼ਰੂਰ ਕਰਵਾਈ ਜਾਵੇ ਤਾਂ ਕਿ ਉੱਚ ਜੋਖ਼ਮ ਵਾਲੇ ਜਣੇਪਿਆਂ ਦੀ ਜਲਦੀ ਪਛਾਣ ਕੀਤੀ ਜਾ ਸਕੇ।ਉੱਚ ਜੋਖਮ ਵਾਲੇ ਜਣੇਪਿਆਂ ਦੀ ਸਮੇਂ ਸਿਰ ਪਛਾਣ ਤੇ ਇਲਾਜ ਲਈ ਹਰ ਗਰਭਵਤੀ ਦੀ ਇੱਕ ਵਾਰ ਮਾਨਤਾ ਪ੍ਰਾਪਤ ਸਕੈਨ ਸੈਂਟਰ ਤੋਂ ਸਕੈਨ ਕਰਵਾਈ ਜਾਵੇ।ਏ ਐੱਨ ਐੱਮ ਤੇ ਆਸ਼ਾ ਵਰਕਰ ਦੁਆਰਾ ਸਾਰੀਆਂ ਉੱਚ ਜੋਖਮ ਵਾਲੀਆਂ ਗਰਭਵਤੀ ਮਹਿਲਾਵਾਂ ਦੀ ਢੁਕਵੀਂ ਨਿਗਰਾਨੀ ਰੱਖੀ ਜਾਵੇ ਤੇ ਵਿਭਾਗ ਵੱਲੋਂ ਮਿਲਦੀਆਂ ਸਹੂਲਤਾਂ ਉਨ੍ਹਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ, 100 ਫੀਸਦੀ ਸੰਸਥਾਗਤ ਜਣੇਪੇ ਯਕੀਨੀ ਬਣਾਉਣ ਲਈ ਭਰਪੂਰ ਯਤਨ ਕੀਤੇ ਜਾਣ ਤੇ ਕਿਸੇ ਕੇਸ ਵਿੱਚ ਦਾਈ ਦੁਆਰਾ ਕੀਤੇ ਗਏ ਜਣੇਪੇ ਦੌਰਾਨ ਔਰਤ ਦੀ ਮੌਤ ਹੋਣ 'ਤੇ ਦਾਈ ਵਿਰੁੱਧ ਪਰਚਾ ਦਰਜ ਕਰਵਾਇਆ ਜਾਵੇ।ਹਰ ਗਰਭਵਤੀ ਔਰਤ ਨੂੰ ਪਰਿਵਾਰ ਨਿਯੋਜਨ ਪ੍ਰਤੀ ਸੁਚੇਤ ਕੀਤਾ ਜਾਵੇ, ਕਿਉਂਕਿ ਕਈ ਵਾਰ ਘੱਟ ਵਕਫ਼ੇ ਤੇ ਗਰਭ ਧਾਰਨ ਕਰਨਾ ਵੀ ਔਰਤ ਲਈ ਖਤਰੇ ਦਾ ਸਬੱਬ ਬਣ ਸਕਦਾ ਹੈ।ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਦੇ ਨਾਮ ਇੱਕ ਅਪੀਲ ਵਿੱਚ ਇਹ ਵੀ ਕਿਹਾ ਕਿ ਹੈ ਵਿਭਾਗ ਵੱਲੋਂ ਉਪਲੱਬਧ ਕਰਵਾਈਆਂ ਜਾਂਦੀਆਂ ਮੁਫਤ ਜੱਚਾ-ਬੱਚਾ ਸੇਵਾਵਾਂ ਦਾ ਲਾਭ ਲੈਣ ਲਈ ਜਣੇਪਾ ਸਰਕਾਰੀ ਹਸਪਤਾਲਾਂ ਵਿੱਚ ਹੀ ਕਰਵਾਉਣ ਦੀ ਤਰਜੀਹ ਦੇਣ।

■ **ਵਿਭਾਗ ਵੱਲੋਂ ਜੱਚਾ-ਬੱਚਾ ਸੇਵਾਵਾਂ ਵਧੇਰੇ ਪ੍ਰਭਾਵੀ ਬਣਾਉਣ ਲਈ ਹਦਾਇਤਾਂ ਜਾਰੀ**

## ਰਾਜਪਾਲ ਸਿਨੇਮਾ ਪੁੱਜੇ 'ਸ਼ੌਕ ਸਰਦਾਰੀ' ਫ਼ਿਲਮ ਦਾ ਹੀਰੋ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-23 ਜੂਨ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਸ਼ੌਕ ਸਰਦਾਰੀ' ਦਾ ਹੀਰੋ ਅਤੇ ਸਿੰਗਰ ਕਮਲ ਗਰੇਵਾਲ ਮਲੋਟ ਰੋਡ 'ਤੇ ਸਥਿਤ ਰਾਜਪਾਲ ਸਿਨੇਮਾ ਵਿਖੇ ਪੁੱਜੇ। ਸਿਨੇਮਾ ਦੇ ਮਾਲਕ ਜਗਜੀਤ ਸਿੰਘ ਬਰਾੜ, ਹਨੀ ਫੱਤਣਵਾਲਾ ਤੇ ਮਨਜੀਤ ਸਿੰਘ ਫੱਤਣਵਾਲਾ ਨੇ ਪੁੱਜੇ ਹੀਰੋ ਤੇ ਸਿੰਗਰ ਦਾ ਸਵਾਗਤ ਕੀਤਾ। ਗਾਇਕ ਕਮਲ ਗਰੇਵਾਲ ਨੇ ਕਿਹਾ ਕਿ ਇਹ ਫ਼ਿਲਮ ਪਰਵਾਰਕ ਫ਼ਿਲਮ ਹੈ ਤੇ ਹਿੱਟ ਗਾਣੇ ਹਨ। ਕਮਲ ਗਰੇਵਾਲ ਨੇ ਦਰਸ਼ਕਾਂ ਨੂੰ ਆਪਣੇ ਹਿੱਟ ਗੀਤ ਵੀ ਸੁਣਾਏ। ਇਸ ਦੌਰਾਨ ਸਿਨੇਮਾ ਮਾਲਕਾਂ ਨੇ ਸਾਰੀ ਟੀਮ ਦਾ ਸਵਾਗਤ ਕੀਤਾ ਤੇ ਕਿਹਾ ਕਿ ਐਸੇ ਤਰ੍ਹਾਂ ਚੰਗੇ ਮਿਆਰ ਦੀਆਂ ਪੰਜਾਬੀ ਫ਼ਿਲਮਾਂ ਬਣਦੀਆਂ ਰਹਿਣ ਤੇ ਪੰਜਾਬੀ ਫ਼ਿਲਮ ਇੰਡਸਟਰੀ ਹੋਰ ਤਰੱਕੀ ਕਰੇ। ਇਸ ਮੌਕੇ ਡਿਸਟ੍ਰੀਬਿਊਟਰ ਬੌਬੀ ਨੰਦਾ, ਮਨਰਾਜ ਸਿੰਘ ਬਰਾੜ, ਜੈਰਾਜ ਸਿੰਘ ਬਰਾੜ, ਮਿੱਕੀ ਫੱਤਣਵਾਲਾ, ਹਰਜਿੰਦਰ ਸਿੰਘ ਔਲਖ, ਹਰਗੋਪਾਲ ਸਿੰਘ ਸੰਧੂ, ਗੁੱਲੂ ਵਰਮਾ ਬਰੀਵਾਲਾ, ਰਾਜਪਾਲ ਸਿਨੇਮਾ ਦਾ ਸਾਰਾ ਸਟਾਫ਼, ਫਿਲਮ ਦੀ ਪੂਰੀ ਪ੍ਰੋਡਕਸ਼ਨ ਟੀਮ ਤੇ 500 ਦੇ ਕਰੀਬ ਦਰਸ਼ਕ ਹਾਜ਼ਰ ਸਨ।

## ਪੰਜਾਬ ਦੇ ਬੱਚੇ ਵਿਦੇਸ਼ਾਂ 'ਚ ਚਮਕਾ ਰਹੇ ਦੇਸ ਤੇ ਪਿੰਡ ਦਾ ਨਾਂਅ : ਮੱਟ ਸ਼ੇਰੋਵਾਲਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਪੰਜਾਬ ਦੇ ਬੱਚੇ ਅੱਜ ਕਿਸੇ ਨਾਲੋਂ ਘੱਟ ਨਹੀਂ। ਪਿੰਡਾਂ ਵਿੱਚੋਂ ਉੱਠ ਕੇ ਚੰਗੀ ਸਿੱਖਿਆ ਪ੍ਰਾਪਤ ਕਰਕੇ ਵਿਦੇਸ਼ਾਂ ਦੀ ਧਰਤੀ 'ਤੇ ਦੇਸ ਅਤੇ ਪਿੰਡਾਂ ਦਾ ਨਾਂਅ ਰੌਸ਼ਨ ਕਰ ਰਹੇ ਹਨ। ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਪੁਲਾਘਾਂ ਪੁੱਟਣ ਵਾਲੇ ਵਿਦਿਆਰਥੀਆਂ 'ਤੇ ਹਰ ਇੱਕ ਨੂੰ ਮਾਣ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੀਤਕਾਰ ਮੱਟ ਸ਼ੇਰੋਂਵਾਲਾ ਨੇ 'ਦਾ ਇਮੀਗ੍ਰੇਸ਼ਨ ਐਕਸਪਰਟਜ਼' ਵਿਖੇ ਕੀਤਾ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਕੌਰ ਭੰਗੂ, ਡਾਇਰੈਕਟਰ ਗੁਰਦੀਪ ਸਿੰਘ ਅਤੇ ਸੁਖਚੈਨ ਸਿੰਘ ਧਾਲੀਵਾਲ ਵੱਲੋਂ ਮੱਟ ਸ਼ੇਰੋਵਾਲਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮਨਜਿੰਦਰ ਕੌਰ ਬਾਜਵਾ, ਨੰਬਰਦਾਰ ਗੁਰਦੀਪ ਸਿੰਘ, ਰਸਵੀਰ ਸਿੰਘ, ਯਾਦਵਿੰਦਰ ਸਿੰਘ ਲਾਡੀ, ਸੰਤੋਖ ਸਿੰਘ, ਖੁਸ਼ੀ ਚੀਮਾ, ਬਲਜੀਤਾ ਧਾਲੀਵਾਲ, ਪ੍ਰਭਜੋਤ ਕੌਰ, ਅਮਨਦੀਪ ਕੌਰ ਤੇ ਪਰਮਜੀਤ ਕੌਰ ਹਾਜ਼ਰ ਸਨ।

## ਪੰਜਾਬੀ ਸੱਭਿਆਚਾਰ ਮੰਚ ਟੋਰਾਂਟੋ ਵੱਲੋਂ ਗੁਰਮੀਤ ਕੜਿਆਲਵੀ ਤੇ ਸੁਰਜੀਤ ਸਿੰਘ ਕਾਉਂਕੇ ਸਨਮਾਨਤ



**ਮੋਗਾ (ਅਮਰਜੀਤ ਬੱਬਰੀ)**

ਬਹੁਪੱਖੀ ਸਾਹਿਤਕਾਰ ਗੁਰਮੀਤ ਕੜਿਆਲਵੀ ਤੇ ਸਾਹਿਤਕਾਰ ਸੁਰਜੀਤ ਸਿੰਘ ਕਾਉਂਕੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਦਿੱਤੀਆਂ ਸ਼ਾਨਦਾਰ ਸੇਵਾਵਾਂ ਲਈ ਪੰਜਾਬੀ ਸੱਭਿਆਚਾਰ ਮੰਚ ਟੋਰਾਂਟੋ (ਕਨੇਡਾ) ਵੱਲੋਂ ਸਨਮਾਨਤ ਕੀਤੇ ਗਏ। ਕਾਉਂਕੇ ਨੂੰ ਸੰਤ ਰਾਮ ਉਦਾਸੀ ਐਵਾਰਡ ਤੇ ਗੁਰਮੀਤ ਕੜਿਆਲਵੀ ਨੂੰ ਡਾ. ਵਰਿਆਮ ਸਿੰਘ ਸੰਧੂ ਐਵਾਰਡ ਦਿੱਤਾ ਗਿਆ। ਮੋਗਾ ਵਿਖੇ ਕੀਤੇ ਸੰਖੇਪ ਸਮਾਗਮ ਦੌਰਾਨ ਇਹ ਐਵਾਰਡ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਵੱਲੋਂ ਪ੍ਰਦਾਨ ਕੀਤੇ ਹਨ। ਰਿਟਾ: ਸੁਪਰਡੈਂਟ ਤੇ ਲੇਖਕ ਪਰਮਜੀਤ ਸਿੰਘ ਚੂਹੜਚੱਕ ਨੇ ਸੁਰਜੀਤ ਸਿੰਘ ਕਾਉਂਕੇ ਦੀ ਸਾਹਿਤਕ ਦੇਣ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਾਉਂਕੇ ਵੱਲੋਂ 'ਸਮੇਂ ਦੀ ਮੰਗ', 'ਚਿਲਮਨ ਦੇ ਉਸ ਪਾਰ', 'ਨਿੱਕੇ ਨਿੱਕੇ ਤਾਰੇ' (ਬਾਲ ਕਵਿਤਾਵਾਂ), 'ਚੇਤਨਾ ਦੇ ਅਕਸ', 'ਅਹਿਸਾਸਾਂ ਦੀ ਖੁਸ਼ਬੋ', 'ਪੀੜਾਂ ਦੇ ਪਰਛਾਵੇਂ', 'ਜੈਤੋ ਮੋਰਚੇ ਦੀ ਨਾਇਕਾ ਮਾਤਾ ਕਿਸ਼ਨ ਕੌਰ' ਤੇ 'ਸੁਰਾਂ ਦੀ ਸਰਗਮ' ਆਦਿ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਗਈਆਂ ਹਨ। ਗੁਰਮੀਤ ਕੜਿਆਲਵੀ ਦੇ ਸਾਹਿਤਕ ਸਫ਼ਰ ਬਾਰੇ ਬੋਲਦਿਆਂ ਸੁਰਜੀਤ ਸਿੰਘ ਕਾਉਂਕੇ ਨੇ ਕਿਹਾ ਕਿ ਕੜਿਆਲਵੀ ਊਣੇ ਅਤੇ ਹਾਸ਼ੀਏ ਤੋਂ ਪਰੇ ਧੱਕ ਦਿੱਤੇ ਗਏ ਲੋਕਾਂ ਦਾ ਕਹਾਣੀਕਾਰ ਹੈ। ਉਸਨੇ ਆਪਣੀ ਨਿਵੇਕਲੀ ਕਥਾ ਸ਼ੈਲੀ ਰਾਹੀਂ ਪੰਜਾਬੀ ਸਾਹਿਤ ਵਿਚ ਪ੍ਰਪੱਕ ਸਥਾਨ ਬਣਾਇਆ ਹੈ। ਕੜਿਆਲਵੀ ਨੇ 'ਅੱਕ ਦਾ ਬੂਟਾ', 'ਊਣੇ', 'ਆਤੂ ਖੋਜੀ', 'ਢਾਲ', 'ਹਾਰੀਂ ਨਾ ਬਚਨਿਆ' ਆਦਿ ਕਹਾਣੀ ਸੰਗ੍ਰਹਿ ਪਾਠਕਾਂ ਨੂੰ ਦਿੱਤੇ ਹਨ। ਕੜਿਆਲਵੀ ਨੇ ਕਰੋਨਾ ਮਹਾਂਮਾਰੀ ਬਾਰੇ ਇਕ ਨਾਵਲ 'ਉਹ ਇੱਕੀ ਦਿਨ' ਲਿਖਿਆ, ਜੋ ਬਹੁਤ ਚਰਚਿਤ ਹੋਇਆ ਹੈ। ਇਸਤੋਂ ਇਲਾਵਾ ਇਸ ਲੇਖਕ ਵੱਲੋਂ ਵਾਰਤਕ ਦੀਆਂ ਤਿੰਨ ਅਤੇ ਬਾਲ ਸਾਹਿਤ ਦੀਆਂ 7 ਪੁਸਤਕਾਂ ਲਿਖੀਆਂ ਹਨ। ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਸਨਮਾਨਤ ਕੀਤੇ ਲੇਖਕਾਂ ਅੰਦਰਲੀ ਸੁਹਿਰਦਤਾ ਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਮਾਨਵਵਾਦੀ ਸਾਹਿਤਕਾਰ ਆਖ ਕੇ ਵਡਿਆਇਆ। ਸਹਿਦੇਵ ਵੱਲੋਂ ਆਪਣੀ ਕਿਤਾਬ 'ਮੈਂ ਬੋਲਾਂ ਪੰਜਾਬ' ਨਾਂਅ ਦੀ ਕਾਵਿ ਪੁਸਤਕ ਵੀ ਸਨਮਾਨਤ ਲੇਖਕਾਂ ਨੂੰ ਭੇਟ ਕੀਤੀ। ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਵਿੱਤ ਸਕੱਤਰ ਗੁਰਪ੍ਰੀਤ ਧਰਮਕੋਟ, ਕੁਲਵੰਤ ਸਿੰਘ ਚਾਨੀ ਕੋਟਕਪੂਰਾ, ਭੁਪਿੰਦਰ ਸਿੰਘ ਜੋਗੇਵਾਲਾ, ਜਸਵਿੰਦਰ ਸੋਨੀ ਤੇ ਨਵਨੀਤ ਸਿੰਘ ਸੇਖਾ ਆਦਿ ਸਾਹਿਤਕਾਰ ਵੀ ਇਸ ਮੌਕੇ ਹਾਜ਼ਰ ਸਨ।

## ਪੰਜਾਬ ਸਰਕਾਰ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਕੇ ਖੇਡ ਸੱਭਿਆਚਾਰ ਨੂੰ ਕਰੇਗੀ ਸੁਰਜੀਤ : ਲਿੱਬੜਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸੰਜੀਦਗੀ ਨਾਲ ਕਦਮ ਚੁੱਕ ਰਹੀ ਹੈ ਤੇ ਸਰਕਾਰ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਕੇ ਮੁੜ ਤੋਂ ਖੇਡ ਸੱਭਿਆਚਾਰ ਨੂੰ ਸੁਰਜੀਤ ਕਰੇਗੀ ਤਾਂ ਜੁ ਪੰਜਾਬ ਇੱਕ ਵਾਰ ਮੁੜ ਤੋਂ ਹੱਸਦਾ, ਵੱਸਦਾ ਤੇ ਖੇਡਦਾ ਪੰਜਾਬ ਬਣ ਸਕੇ। ਇਹ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੇ ਸਿੰਘ ਲਿਬੜਾ ਨੇ ਪਿੰਡ ਅੰਨੀਆਂ ਵਿਖੇ ਕਰਾਏ ਕ੍ਰਿਕਟ ਟੂਰਨਾਮੈਂਟ ਵਿੱਚ ਜੇਤੂਆਂ ਨੂੰ ਇਨਾਮ ਵੰਡਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਨੂੰ ਉਤਸ਼ਾਹਤ ਕਰਨ ਵਾਸਤੇ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਕਰਾਈਆਂ ਗਈਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਖੇਡਾਂ ਦੀ ਸਫ਼ਲਤਾ ਨੇ ਸਰਕਾਰ ਦੇ ਫੈਸਲਿਆਂ 'ਤੇ ਮੋਹਰ ਲਾਈ ਹੈ ਅਤੇ ਨੌਜਵਾਨਾਂ ਨੂੰ ਮੁੜ ਤੋਂ ਖੇਡ ਮੈਦਾਨਾਂ ਵਿੱਚ ਵਾਪਸ ਲਿਆਂਦਾ ਹੈ। ਲਿਬੜਾ ਨੇ ਕਿਹਾ ਕਿ ਖੇਡਾਂ ਸਾਡੇ ਪੰਜਾਬੀਆਂ ਦੀ ਜਿੰਦ ਜਾਨ ਹਨ ਅਤੇ ਪੰਜਾਬੀ ਮੁੱਢ ਤੋਂ ਹੀ ਖੇਡਾਂ ਨਾਲ ਜੁੜ ਕੇ ਪੰਜਾਬ ਦਾ ਨਾਂਅ ਰੌਸ਼ਨ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਜੇਤੂ ਟੀਮਾਂ ਨੂੰ ਇਨਾਮ ਵੀ ਵੰਡੇ। ਵਰਨਣਯੋਗ ਹੈ ਕਿ ਇਸ ਕ੍ਰਿਕਟ ਟੂਰਨਾਮੈਂਟ ਵਿੱਚ ਇਸਮਾਈਲਪੁਰ ਦੀ ਟੀਮ ਪਹਿਲੇ ਤੇ ਸਲਾਣੇ ਦੀ ਟੀਮ ਦੂਜੇ ਨੰਬਰ 'ਤੇ ਰਹੀ। ਟੂਰਨਾਮੈਂਟ ਦੇ ਮੁਖੀ ਇਕਬਾਲ ਸਿੰਘ ਰਾਏ ਨੇ ਜੇਤੂ ਟੀਮਾਂ ਨੂੰ 31 ਹਜ਼ਾਰ ਤੇ 21 ਹਜ਼ਾਰ ਰੁਪਏ ਦਾ ਨਕਦ ਇਨਾਮ ਅਤੇ ਟਰਾਫ਼ੀਆਂ ਵੀ ਦਿੱਤੀਆਂ। ਇਸ ਟੂਰਨਾਮੈਂਟ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਚਾਂਦੀ ਦੀਆਂ ਚੈਨਾਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨਵਦੀਪ ਸਿੰਘ ਨਵੀ, ਰਾਜਵੰਤ ਸਿੰਘ ਰਾਜੂ, ਲਾਡੀ ਸ਼ਰਮਾ, ਸਾਹਿਲ, ਯਾਦਵਿੰਦਰ ਯਾਦੂ, ਕੁਲਵਿੰਦਰ ਸਿੰਘ ਰਿੰਗ ਸਿਉਣ, ਸਰਪੰਚ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਜੋਨੀ ਸ਼ਰਮਾ, ਗੁਰਦੀਪ ਸਿੰਘ, ਜਗਦੀਪ ਸਿੰਘ, ਭਵਨਦੀਪ ਸਿੰਘ, ਜੋਨੀ, ਕੁਲਬੀਰ ਸਿੰਘ ਆਦਿ ਹਾਜ਼ਰ ਸਨ।

## …ਸਫ਼ਾ 1 ਦੇ ਬਾਕੀ

### ਸਿੱਖ ਗੁਰਦੁਆਰਾ (ਸੋਧ)…

ਦੀਆਂ ਸਿੱਖਿਆਵਾਂ ਦੇ ਪਾਸਾਰ ਲਈ ਬੋਰਡ (ਸ਼੍ਰੋਮਣੀ ਕਮੇਟੀ) ਦਾ ਫਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਸ, ਪਲੇਟਫਾਰਮ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ। ਇਸ ਐਕਟ ਵਿਚ ਇਹ ਵਿਵਸਥਾ ਵੀ ਹੋਵੇਗੀ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉਤੇ ਇਸ਼ਤਿਹਾਰਬਾਜ਼ੀ/ਵਪਾਰੀਕਰਨ/ਵਿਗਾੜ ਨਾ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਇਕ ਨਿਮਾਣੇ ਤੇ ਸ਼ਰਧਾਵਾਨ ਸਿੱਖ ਵਜੋਂ ਉਹ ਦੁਨੀਆ ਭਰ ਵਿਚ ਗੁਰਬਾਣੀ ਦੇ ਮੁਫਤ ਪ੍ਰਸਾਰਨ ਲਈ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ। ਉਹਨਾ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਇਕ ਵਿਸ਼ੇਸ਼ ਚੈਨਲ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਉਤੇ ਕੰਟਰੋਲ ਕੀਤੇ ਹੋਣ ਦਾ ਵਿਰੋਧ ਕਰਨ ਨਾਲ ਪੰਥ ਉਤੇ ਹਮਲਾ ਕਿਵੇਂ ਆਖਿਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਪ੍ਰਸਾਰਨ ਦੇ ਹੱਕ ਇਕ ਚੈਨਲ ਤੱਕ ਸੀਮਤ ਰੱਖਣਾ ਪੂਰੀ ਤਰ੍ਹਾਂ ਅਨਿਆਂਪੂਰਨ ਹੈ। ਉਨ੍ਹਾ ਕਿਹਾ ਕਿ ਇਸ ਕਦਮ ਦਾ ਉਦੇਸ਼ ਸਰਕਾਰ ਦੇ ਕਿਸੇ ਵਿਸ਼ੇਸ਼ ਚੈਨਲ ਜਾਂ ਪ੍ਰਾਈਵੇਟ ਤੌਰ ਉਤੇ ਕਿਸੇ ਵਿਅਕਤੀ ਨੂੰ ਦੇਣ ਦਾ ਨਹੀਂ, ਸਗੋਂ ਇਸ ਦਾ ਮਨੋਰਥ ਦੁਨੀਆ ਦੇ ਕੋਨੇ-ਕੋਨੇ ਵਿਚ ਗੁਰਬਾਣੀ ਦਾ ਸੰਦੇਸ਼ ਫੈਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ, ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰ-ਰਾਜੀ ਐਕਟ ਨਹੀਂ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਲੰਮੇ ਸਮੇਂ ਤੋਂ ਇੱਕ ਹੀ ਪਰਵਾਰ ਦਾ ਦਬਦਬਾ ਰਿਹਾ ਹੈ, ਜਿਸ ਕਾਰਨ ਸਿੱਖ ਪੰਥ ਦਾ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਇਆ ਹੈ। ਉਹਨਾ ਕਿਹਾ ਕਿ ਗੰਦੀ ਖੇਡ ਖੇਡਦੇ ਹੋਏ ਇਸ ਪਰਵਾਰ ਨੇ ਆਪਣੇ ਚਹੇਤੇ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਨ ਦਾ ਵਿਸ਼ੇਸ਼ ਅਧਿਕਾਰ ਦੇ ਕੇ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ ਐਕਟ ਵਿੱਚ ਸ਼ਬਦ ਟੈਲੀਕਾਸਟ ਜਾਂ ਪ੍ਰਸਾਰਨ ਦਾ ਕੋਈ ਜ਼ਿਕਰ ਨਹੀਂ ਹੈ।

### ਸਰਕਾਰ ਤੇ ਸ਼੍ਰੋਮਣੀ ਕਮੇਟੀ…

ਮਿਲ-ਬੈਠ ਕੇ ਆਪਸੀ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਗੁਰਬਾਣੀ ਦੇ ਪ੍ਰਸਾਰਨ ਦਾ ਮਾਮਲਾ ਭਾਵੇਂ ਮਰਿਆਦਾ ਨਾਲ ਨਹੀਂ ਜੁੜਿਆ, ਪਰ ਇਸ ਦੇ ਪ੍ਰਸਾਰਨ ਤੋਂ ਬਾਅਦ ਇਹ ਮਰਿਆਦਾ ਨਾਲ ਜੁੜਿਆ ਹੋਇਆ ਹੈ। ਉਨ੍ਹਾ ਸ਼ੰਕਾ ਪ੍ਰਗਟਾਈ ਹੈ ਕਿ ਜੇ ਗੁਰਬਾਣੀ ਦੇ ਪ੍ਰਸਾਰਨ ਨੂੰ ਖੁੱਲ੍ਹਾ ਛੱਡ ਦਿੱਤਾ ਜਾਵੇਗਾ ਤਾਂ ਅਗਾਂਹ ਚੱਲ ਕੇ ਇਹ ਮਰਿਆਦਾ ਦਾ ਮਸਲਾ ਬਣੇਗਾ। ਉਨ੍ਹਾ ਨੇ ਆਮ ਆਦਮੀ ਪਾਰਟੀ ਅਤੇ ਹੋਰ ਪਾਰਟੀਆਂ ਦੇ ਸਿੱਖ ਵਿਧਾਇਕਾਂ ਨੂੰ ਕਿਹਾ ਕਿ ਇਸ ਮਾਮਲੇ 'ਚ ਮਤਾ ਲਿਆਉਣ ਅਤੇ ਪਾਸ ਕਰਨ ਲਈ ਕੋਈ ਕਾਹਲੀ ਨਾ ਕੀਤੀ ਜਾਵੇ। ਮਸਲੇ ਨੂੰ ਮਿਲ-ਬੈਠ ਕੇ ਹੱਲ ਕਰਨਾ ਚਾਹੀਦਾ ਹੈ। ਉਨ੍ਹਾ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਹਨ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਕੀਰਤਨ ਦੇ ਪ੍ਰਸਾਰਨ ਬਾਰੇ ਕੀਤੇ ਗਏ ਆਦੇਸ਼ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਸੰਬੰਧ 'ਚ ਹੁਣ ਤੱਕ ਕੀਤੀ ਗਈ ਕਾਰਵਾਈ ਦੀ ਰਿਪੋਰਟ ਅਕਾਲ ਤਖਤ ਨੂੰ ਸੌਂਪੀ ਜਾਵੇ। ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕੀਰਤਨ ਦੇ ਪ੍ਰਸਾਰਨ ਲਈ ਆਪਣਾ ਚੈਨਲ ਸ਼ੁਰੂ ਕਰਨ ਲਈ ਕਿਹਾ ਗਿਆ ਸੀ।

### ਇੱਕ ਜੁਲਾਈ ਤੋਂ ਫੰਡ ਜਾਰੀ…

ਹੋਈਆਂ ਸਰਕਾਰਾਂ ਦੇ ਕੰਮ ਵਿੱਚ ਬੇਲੋੜੇ ਅੜਿੱਕੇ ਡਾਹ ਰਹੇ ਹਨ। ਉਨ੍ਹਾਂ ਵਿਅੰਗ ਕਰਦਿਆਂ ਕਿਹਾ, "ਜੇਕਰ ਰਾਜਪਾਲ ਸੂਬਿਆਂ ਦੇ ਮਾਮਲਿਆਂ ਵਿੱਚ ਦਖਲ ਨਹੀਂ ਦਿੰਦੇ ਤਾਂ ਕੇਂਦਰ ਰਾਜਪਾਲਾਂ ਨੂੰ ਇਸ ਲਈ ਝਿੜਕਦਾ ਹੈ ਕਿ ਉਹ ਦਫਤਰਾਂ ਵਿੱਚ ਵਿਹਲੇ ਕਿਉਂ ਬੈਠੇ ਹਨ।" ਭਗਵੰਤ ਮਾਨ ਨੇ ਪੰਜਾਬ ਦੇ ਰਾਜਪਾਲ ਵੱਲੋਂ ਲਿਖੀਆਂ ਚਿੱਠੀਆਂ ਦਾ ਰਿਕਾਰਡ ਸਦਨ ਵਿਚ ਪੇਸ਼ ਕਰਦਿਆਂ ਕਿਹਾ ਕਿ ਰਾਜਪਾਲ ਨੂੰ ਅਜਿਹੇ ਪੱਤਰ ਲਿਖਣ ਦੀ ਬਜਾਏ ਆਰ.ਡੀ.ਐੱਫ. ਵਰਗੇ ਮੁੱਦਿਆਂ ਨੂੰ ਕੇਂਦਰ ਕੋਲ ਹੱਲ ਕਰਵਾਉਣ ਲਈ ਤਰੱਦਦ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਦੀ ਬਜਾਏ ਪੰਜਾਬ ਯੂਨੀਵਰਸਿਟੀ ਦੇ ਮੁੱਦੇ 'ਤੇ ਪੰਜਾਬ ਦੇ ਹੀ ਰਾਜਪਾਲ ਅਕਸਰ ਹੀ ਦੂਜੇ ਪਾਸੇ ਭੁਗਤਦੇ ਨਜ਼ਰ ਆਉਂਦੇ ਹਨ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ 3622 ਕਰੋੜ ਰੁਪਏ ਰੋਕ ਦਿੱਤੇ ਹਨ, ਜੋ ਕਿ ਲਿੰਕ ਸੜਕਾਂ ਦੇ ਨਿਰਮਾਣ, ਮੰਡੀਆਂ ਵਿੱਚ ਬੁਨਿਆਦੀ ਢਾਂਚੇ ਨੂੰ ਉੱਚਾ ਚੁੱਕਣ ਅਤੇ ਹੋਰ ਕੰਮਾਂ ਲਈ ਵਰਤੇ ਜਾ ਸਕਦੇ ਸਨ। ਉਨ੍ਹਾਂ ਕਿਹਾ ਕਿ ਜੇਕਰ ਇਹ ਫੰਡ ਜਾਰੀ ਨਾ ਕੀਤਾ ਗਿਆ ਤਾਂ ਸੂਬਾ ਸਰਕਾਰ ਇਸ ਦੇ ਛੇਤੀ ਹੱਲ ਲਈ ਮਾਮਲਾ ਸੁਪਰੀਮ ਕੋਰਟ ਵਿੱਚ ਲੈ ਕੇ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਮੰਦਭਾਗੀ ਗੱਲ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸੂਬੇ ਦੇ ਫੰਡਾਂ ਨੂੰ ਕੇਂਦਰ ਰੋਕ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਇਹ ਉਨ੍ਹਾਂ ਮਹਾਨ ਕੌਮੀ ਨਾਇਕਾਂ ਦੇ ਅਥਾਹ ਯੋਗਦਾਨ ਦਾ ਸਤਿਕਾਰ ਹੈ ਜਿਨ੍ਹਾਂ ਨੇ ਮਾਤ ਭੂਮੀ ਦੀ ਖਾਤਰ ਆਪਣੀਆਂ ਕੀਮਤੀ ਜਾਨਾਂ ਨਿਛਾਵਰ ਕਰ ਦਿੱਤੀਆਂ ਸਨ? ਭਗਵੰਤ ਮਾਨ ਨੇ ਕਿਸਾਨਾਂ ਦੀ ਫਸਲ ਖਰੀਦਣ ਤੋਂ ਆਪਣੇ ਪੈਰ ਪਿੱਛੇ ਖਿੱਚਣ ਲਈ ਵੀ ਕੇਂਦਰ 'ਤੇ ਤਿੱਖਾ ਹਮਲਾ ਬੋਲਿਆ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਖਰੀਦ ਏਜੰਸੀਆਂ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਕਿਸੇ ਨਾ ਕਿਸੇ ਬਹਾਨੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਇੱਥੋਂ ਤੱਕ ਕਿ ਮੁੱਲ ਕਟੌਤੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਨੂੰ ਮੁੱਲ ਕਟੌਤੀ ਦੇ ਇਵਜ਼ ਵਿਚ ਮੁਆਵਜ਼ਾ ਦੇ ਕੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕੀਤੀ। ਭਗਵੰਤ ਮਾਨ ਨੇ ਕਿਹਾ, "ਜੇਕਰ ਸੂਬੇ ਦੇ ਕਿਸਾਨ ਇਨ੍ਹਾਂ ਏਜੰਸੀਆਂ ਨੂੰ ਅਨਾਜ ਵੇਚਣ ਤੋਂ ਹੀ ਨਾਂਹ ਕਰ ਦੇਣ ਤਾਂ ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐੱਸ.) ਲਈ ਅਨਾਜ ਕਿੱਥੋਂ ਲੈ ਕੇ ਆਵੇਗੀ?"

ਇਸ ਅਹਿਮ ਮੁੱਦੇ 'ਤੇ ਬਹਿਸ ਤੋਂ ਭੱਜਣ ਲਈ ਕਾਂਗਰਸ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਕਰਕੇ ਉਹ ਸੂਬੇ ਦੇ ਹਿੱਤਾਂ ਦਾ ਸਿੱਧੇ ਤੌਰ ਉਤੇ ਨੁਕਸਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਪੰਜਾਬ ਨਾਲ ਜੁੜੇ ਮਸਲਿਆਂ ਬਾਰੇ ਜਵਾਬ ਦੇਣ ਦੀ ਬਜਾਏ ਸਦਨ ਵਿੱਚੋਂ ਭੱਜ ਗਏ ਹਨ। ਭਗਵੰਤ ਮਾਨ ਨੇ ਪੰਜਾਬ ਵਾਸੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਲੀਡਰਾਂ ਪਾਸੋਂ ਪੁੱਛਣਾ ਚਾਹੀਦਾ ਹੈ ਕਿ ਜਦੋਂ ਆਰ.ਡੀ.ਐੱਫ. ਨੂੰ ਰੋਕਣ ਦਾ ਬਿੱਲ ਪਾਸ ਕੀਤਾ ਜਾ ਰਿਹਾ ਸੀ ਤਾਂ ਉਹ ਬਾਈਕਾਟ ਕਰਕੇ ਆਪਣੇ ਘਰ ਕਿਉਂ ਭੱਜ ਗਏ ਸਨ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੂਬੇ ਦੇ ਹਿੱਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਕਿਉਂਕਿ ਇਨ੍ਹਾਂ ਨੂੰ ਹਮੇਸ਼ਾ ਆਪਣੇ ਨਿੱਜੀ ਸਵਾਰਥਾਂ ਦੀ ਚਿੰਤਾ ਰਹਿੰਦੀ ਹੈ।

### ਚਾਂਸਲਰਾਂ ਦੀਆਂ ਸ਼ਕਤੀਆਂ..

ਹੋਣ ਨਾਲ ਰਾਜਪਾਲ ਦੀ ਥਾਂ ਮੁੱਖ ਮੰਤਰੀ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਰੋਜ਼ਾਨਾ ਦੇ ਕੰਮਕਾਜ ਵਿੱਚ ਰਾਜਪਾਲ ਦੀ ਦਖ਼ਲਅੰਦਾਜ਼ੀ ਦੀ ਕੋਈ ਲੋੜ ਨਹੀਂ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਇਸ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਰਵਾਇਤੀ ਸ਼ਾਨ ਬਹਾਲ ਕਰਨ ਲਈ ਹਰੇਕ ਕਦਮ ਚੁੱਕੇਗੀ।

## ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਕਿਸਾਨੀ ਮੰਗਾਂ ਸੰਬੰਧੀ ਪਾਵਰਕਾਮ ਅਧਿਕਾਰੀ ਨੂੰ ਮਿਲਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਿਰਤੀ ਕਿਸਾਨ ਯੂਨੀਅਨ ਦਾ ਵਫ਼ਦ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਦੀ ਅਗਵਾਈ ਹੇਠ ਬਿਜਲੀ ਬੋਰਡ ਨਾਲ ਸਬੰਧਤ ਮੰਗ ਨੂੰ ਲੈ ਕੇ ਡਵੀਜ਼ਨ ਦੇ ਐਸ ਈ ਮੋਹਤਮ ਸਿੰਘ ਨੂੰ ਮਿਲਿਆ, ਇਨ੍ਹਾਂ ਮੰਗਾਂ ਵਿੱਚ ਝੋਨੇ ਦੀ ਫ਼ਸਲ ਦੀ ਬਿਜਾਈ ਲਈ ਅੱਠ ਘੰਟੇ ਤੇ ਘਰੇਲੂ ਚੌਵੀ ਘੰਟੇ ਲਗਾਤਰ ਨਿਰਵਿਘਨ ਬਿਜਲੀ ਦੀ ਸਪਲਾਈ ਦਿੱਤੀ ਜਾਵੇ। ਸਬ ਡਵੀਜ਼ਨ/ਫੀਡਰ ਤੇ ਸਟਾਫ਼ ਦੀ ਭਾਰੀ ਕਮੀ ਹੈ, ਲੋੜੀਂਦਾ ਸਟਾਫ ਪੂਰਾ ਕੀਤਾ ਜਾਵੇ ਤਾਂ ਜੁ ਸਪਲਾਈ 'ਚ ਸਮੱਸਿਆ ਨਾ ਆਵੇ। ਅਧਿਕਾਰੀ ਨੇ ਕਿਹਾ ਕਿ ਸਾਰੀਆਂ ਸਬ ਡਵੀਜ਼ਨ ਤੋਂ ਖਾਲੀ ਪੋਸਟਾਂ ਦਾ ਵੇਰਵਾ ਇਕੱਤਰ ਕਰਕੇ ਲੋੜੀਂਦਾ ਸਟਾਫ਼ ਦਿੱਤਾ ਜਵੇਗਾ ਤਾਂ ਜੁ ਅੱਗੇ ਤੋਂ ਕੋਈ ਮੁਸ਼ਕਲ ਨਾ ਆਵੇ। ਆਗੂਆਂ ਵੱਲੋਂ ਧਿਆਨ 'ਚ ਲਿਆਂਦਾ ਗਿਆ ਕਿ ਬਹੁਤ ਸਾਰੇ ਪਿੰਡਾਂ 'ਚ 11 ਕੇ ਵੀ ਦੀਆਂ ਲਾਈਨਾਂ ਲੋਕਾਂ ਦੇ ਘਰਾਂ ਉਤੋਂ ਲੰਘਦੀਆਂ ਹਨ, ਜਿਸ ਕਾਰਨ ਕਦੇ ਵੀ ਕੋਈ ਅਣਸੁਖਾਵੀਂ ਘਟਨਾ ਘਟ ਸਕਦੀ ਹੈ, ਵਿਸ਼ੇਸ ਤੌਰ 'ਤੇ ਪਿੰਡ ਝਬੇਲਵਾਲੀ ਤੇ ਲੁਬਾਣੀਆ ਵਾਲੀ ਦੀ ਉਦਾਹਰਨ ਦਿੱਤੀ। ਜੇਥੇਬੰਦੀ ਦੇ ਜਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਤੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਦੱਸਿਆ ਕਿ ਇਸ ਸਬੰਧੀ ਉਹ ਸਬੰਧਤ ਅਧਿਕਾਰੀਆਂ ਨੂੰ ਕਈ ਵਾਰ ਮਿਲ ਚੁੱਕੇ ਹਨ, ਪਰ ਮਸਲਾ ਜਿਉਂ ਦਾ ਤਿਉਂ ਖੜਾ ਹੈ। ਮਸਲੇ ਦੀ ਗੰਭੀਰਤਾ ਨੂੰ ਦੇਖਦਿਆਂ ਉਨ੍ਹਾਂ ਕਿਹਾ ਕਿ ਮੈਂ ਜਲਦ ਖੁਦ ਮੌਕਾ ਦੇਖ ਕੇ ਮਸਲਾ ਹੱਲ ਕਰਾਵਾਂਗਾ। ਖਰਾਬ ਟਰਾਂਸਫਾਰਮਰ ਨੂੰ ਤਰੁੰਤ ਤਬਦੀਲ ਕਰਕੇ ਨਵਾਂ ਟਰਾਂਸਫਾਰਮਰ ਦੇਣ ਬਾਰੇ ਉਨ੍ਹਾਂ ਕਿਹਾ ਕਿ ਅੱਗੇ ਤੋਂ ਇਹ ਸਮੱਸਿਆ ਨਹੀਂ ਆਵੇਗੀ।

## ਤਕਨੀਕੀ ਸਿੱਖਿਆ ਅਧਿਆਪਕਾਂ ਲਈ ਜ਼ਰੂਰੀ : ਡਾ. ਨਾਜ਼



**ਜਗਰਾਉਂ (ਸੰਜੀਵ ਅਰੋੜਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਅਧਿਆਪਕਾਂ ਲਈ ਤਕਨੀਕੀ ਸਿੱਖਿਆ ਕੈਂਪ ਲਾਇਆ ਗਿਆ, ਜਿਸ ਵਿੱਚ ਉਨ੍ਹਾਂ ਨੂੰ ਕੰਪਿਊਟਰ ਦੇ ਯੁੱਗ ਵਿੱਚ ਹੋਰ ਚੰਗੀ ਮੁਹਾਰਤ ਹਾਸਲ ਕਰਨ ਲਈ ਕਲਾਸਾਂ ਲਗਾਈਆਂ ਗਈਆਂ। ਵਿਦਿਆਰਥੀ ਵਰਗ ਲਈ ਤੇ ਆਪਣੀ ਉੱਨਤੀ ਲਈ ਇਹ ਸਿੱਖਿਆ ਜ਼ਰੂਰੀ ਹੈ। ਸਮੇਂ ਦੀ ਤੇਜ਼ ਰਫ਼ਤਾਰ ਨਾਲ ਅੱਗੇ ਵਧਣਾ ਤੇ ਵਧਾਉਣਾ ਸਾਡਾ ਫਰਜ਼ ਹੈ। ਇਸ ਮੌਕੇ ਸਕੂਲ ਦੇ ਪ੍ਰਿੰ. ਡਾ: ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਅੱਜ ਦੇ ਤੇਜ਼-ਤਰਾਰ ਯੁੱਗ ਵਿੱਚ ਹਰ ਕੰਮ ਕੰਪਿਊਟਰ ਨਾਲ ਸੰਭਵ ਹੋ ਰਿਹਾ ਹੈ। ਅਸੀਂ ਆਪਣੇ ਅਧਿਆਪਕਾਂ ਨੂੰ ਤਕਨੀਕੀ ਸਿੱਖਿਆ ਨਾਲ ਜੋੜ ਕੇ ਵਿਦਿਆਰਥੀ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦੇ ਹਾਂ। ਹਰ ਕੰਮ ਆਨਲਾਈਨ ਹੋਣ ਦੀ ਵਜ੍ਹਾ ਕਰਕੇ ਹਰ ਵਿਅਕਤੀ ਨੂੰ ਇਸ ਦੀ ਜਾਣਕਾਰੀ ਜ਼ਰੂਰੀ ਹੈ। ਅੱਜ ਦੇ ਯੁੱਗ ਵਿੱਚ ਅਧਿਆਪਕਾਂ ਲਈ ਤਕਨੀਕੀ ਸਿੱਖਿਆ ਲਾਜ਼ਮੀ ਹੋ ਚੁੱਕੀ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਸੇਖੋਂ ਵੀ ਹਾਜ਼ਰ ਸਨ।


ਉੱਤਰ ਰੇਲਵੇ

G20

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| | |
|---|---|
| ਨੀਲਾਮੀ ਸੂਚੀ ਨੰ. | EAFZR-OH23-10 |
| ਨੀਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 03.07.2023 at 10:30 hrs. |
| ਕੰਮ ਦਾ ਨਾਮ | ਰੇਲਵੇ ਸਟੇਸ਼ਨਾਂ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦਾ ਅਲਾਟਮੈਂਟ |
| ਸਟੇਸ਼ਨਾਂ ਦਾ ਨਾਮ | ਮੁਕਤਸਰ, ਸਾਂਬਾ, ਕਠੂਆ, ਮਖੂ, ਗੋਨਿਆਨਾ ਪਾਈ ਜਗਤਾ, ਬਟਾਲਾ, ਨਕੋਦਰ, ਦੀਨਾ ਨਗਰ, ਤਰਨ ਤਾਰਨ, ਗੰਗਸਰ ਜੈਤੋਂ, ਫਰੀਦਕੋਟ, ਕੋਟਕਪੂਰਾ, ਅੰਮ੍ਰਿਤਸਰ |
| ਕੰਮ ਦਾ ਨਾਮ | ਫਿਰੋਜਪੁਰ ਮੰਡਲ ਵਿਚ ਰੇਲਵੇ ਸਟੇਸ਼ਨ ਤੇ ਪਾਣੀ ਦੀ ਟੰਕੀ ਦੇ ਓਵਰਹੇਡ ਦੇ ਬਾਹਰੀ ਹਿਸੇ ਤੇ ਵਾਣਿਜ ਵਿਗਿਆਪਨ ਅਧਿਕਾਰਾਂ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ |
| ਸਟੇਸ਼ਨਾਂ ਦਾ ਨਾਮ | ਪਠਾਨਕੋਟ, ਜੰਮੂਤਵੀ, ਅੰਮ੍ਰਿਤਸਰ ਅਤੇ ਲੁਧਿਆਣਾ |
| ਨੀਲਾਮੀ ਸੂਚੀ ਨੰ. | EAFZR-WVM23-1 |
| ਨੀਲਾਮੀ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | 04.07.2023 at 11:00 hrs. |
| ਕੰਮ ਦਾ ਨਾਮ | ਵਾਟਰ ਵੇਂਡਿੰਗ ਮਸ਼ੀਨ (WVMs) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ |
| ਸਟੇਸ਼ਨਾਂ ਦਾ ਨਾਮ | ਜਲੰਧਰ ਸ਼ਹਿਰ, ਅੰਮ੍ਰਿਤਸਰ, ਲੁਧਿਆਣਾ ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ |

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 1900/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ੴ ਵਾਹਿਗੁਰੂ ਜੀ ਕੀ ਫ਼ਤਹ॥

**ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ**

**੮ ਹਾੜ, ਸੰਮਤ ਨਾਨਕਸ਼ਾਹੀ ੫੫੫ (22 ਜੂਨ 2023) ਦਿਨ ਵੀਰਵਾਰ ਨੂੰ**

**ਸੇਵਾ ਸੰਭਾਲ ਸਮਾਗਮ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਅੰਤ੍ਰਿੰਗ ਕਮੇਟੀ ਦੇ ਫੈਸਲੇ ਅਨੁਸਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦਾ ਸੇਵਾ ਸੰਭਾਲ ਸਮਾਗਮ 22 ਜੂਨ 2023 ਦਿਨ ਵੀਰਵਾਰ ਨੂੰ ਸਵੇਰੇ 10:00 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਵੇਗਾ।

ਸਮੂਹ ਪੰਥਕ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਸੰਪਰਦਾਵਾਂ, ਸੰਤ ਮਹਾਂਪੁਰਸ਼ਾਂ, ਗੁਰਮਤਿ ਟਕਸਾਲਾਂ, ਪੰਥਕ ਆਗੂਆਂ, ਸਿੱਖ ਸੰਸਥਾਵਾਂ ਅਤੇ ਸੰਗਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਗੁਰੂ ਪੰਥ ਦਾ ਦਾਸ,
**ਐਡਵੋਕੇਟ ਹਰਜਿੰਦਰ ਸਿੰਘ**
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਆਸ਼ਾ ਵਰਕਰਾਂ ਨੇ ਹੱਕੀ ਮੰਗਾਂ ਬਾਬਤ ਸਿਵਲ ਸਰਜਨਾਂ ਨੂੰ ਮੰਗ ਪੱਤਰ ਸੌਂਪੇ



**ਪੱਟੀ, ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)**—ਆਸ਼ਾ ਵਰਕਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਤੇ ਨੌਕਰੀ ਕਰਦੇ ਸਮੇਂ ਆ ਰਹੀਆਂ ਔਕੜਾਂ ਨੂੰ ਲੈ ਕੇ ਸੂਬੇ ਭਰ ਦੇ ਸਿਵਲ ਸਰਜਨਾਂ ਨੂੰ ਮੰਗ ਪੱਤਰ ਸੌਂਪੇ ਗਏ। ਤਰਨਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਦੀ ਅਗਵਾਈ ਵਿਚ ਵੱਡੀ ਗਿਣਤੀ ਵਿਚ ਆਸ਼ਾ ਵਰਕਰਾਂ ਵੱਲੋਂ ਸਿਵਲ ਸਰਜਨ ਦੇ ਦਫਤਰ ਦੇ ਬਾਹਰ ਧਰਨਾ ਦੇਣਾ ਸ਼ੁਰੂ ਕੀਤਾ ਗਿਆ। ਲੰਮਾ ਸਮਾਂ ਬੀਤ ਜਾਣ 'ਤੇ ਵੀ ਕੋਈ ਅਧਿਕਾਰੀ ਮੰਗ ਪੱਤਰ ਲੈਣ ਨਾ ਆਇਆ ਤਾਂ ਵਰਕਰਾਂ ਵੱਲੋਂ ਰੋਸ ਧਰਨੇ ਦੇ ਨਾਲ ਨਾਲ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਕਾਫੀ ਸਮਾਂ ਰੌਲਾ ਰੱਪਾ ਪੈਣ ਤੋਂ ਬਾਅਦ ਆਸ਼ਾ ਵਰਕਰਾਂ ਦੇ ਆਪਣੇ ਹੀ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਨਾ ਚਾਹੁੰਦੇ ਹੋਏ ਮਜਬੂਰੀ ਵੱਸ ਮੰਗ ਪੱਤਰ ਲਿਆ ਗਿਆ। ਮਨਜਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੂਬੇ ਭਰ ਦੇ ਜ਼ਿਲਿਆ ਵਿਚ ਆਸ਼ਾ ਵਰਕਰਾਂ ਦਾ ਬਕਾਇਆ ਰੁਕਿਆ ਹੋਇਆ। ਸਰਕਾਰ ਤੇ ਮਹਿਕਮੇ ਵੱਲੋਂ ਉਨ੍ਹਾਂ ਪਾਸੋਂ ਪੂਰਾ ਕੰਮ ਲਿਆ ਜਾਂਦਾ ਪਰ ਬਜਟ ਨਾ ਆਉਣ ਦੇ ਬਹਾਨੇ ਲਗਾ ਕੇ ਉਨ੍ਹਾਂ ਨੂੰ ਦੋ ਦੋ ਮਹੀਨੇ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ ? ਖੱਜਲ-ਖੁਆਰ ਕੀਤਾ ਜਜ਼ਦਾ। ਤਨਖਾਹ ਤੋਂ ਇਲਾਵਾ ਜਿਹੜੇ ਵੱਖਰੇ ਕੰਮ ਦਾ ਮਿਹਨਤਾਨਾ ਮਿਲਣਾ ਚਾਹੀਦਾ ਉਹ ਵੀ ਨਹੀਂ ਮਿਲ ਰਿਹਾ। ਆਸ਼ਾ ਵਰਕਰਾਂ ਨੇ ਭਰੇ ਮਨ ਨਾਲ ਦੱਸਿਆ ਕਿ ਸੂਬਾ ਸਰਕਾਰ ਤੇ ਸਿਵਲ ਸਰਜਨਾਂ ਵੱਲੋਂ ਉਨ੍ਹਾਂ ਦਾ ਗਲਾ ਘੁੱਟਿਆ ਜਾ ਰਿਹਾ, ਵਾਧੂ ਮਿਹਨਤਾਨਾ ਦੇਣ ਦੀ ਬਜਾਏ ਉਨ੍ਹਾਂ ਦੀ ਮਜ਼ਦੂਰੀ ਵੀ ਪੱਲੇ ਨਹੀਂ ਪਾਈ ਜਾ ਰਹੀ। ਇਸ ਤੋਂ ਇਲਾਵਾ ਸੀਨੀਅਰ ਸਟਾਫ ਵੱਲੋਂ ਉਨਾਂ ਨਾਲ ਕੋਈ ਬਹੁਤਾ ਵਧੀਆ ਵਿਹਾਰ ਨਹੀਂ ਕੀਤਾ ਜਾਂਦਾ। ਮਨਜਿੰਦਰ ਕੌਰ ਨੇ ਦੱਸਿਆ ਕਿ ਸਿਵਲ ਸਰਜਨ ਵੱਲੋਂ ਮੀਟਿੰਗ 'ਚ ਹੱਕੀ ਮੰਗਾਂ ਮੰਨਣ ਦੇ ਭਰੋਸੇ ਤੋਂ ਬਾਅਦ ਧਰਨਾ ਸਮਾਪਤ ਕੀਤਾ ਗਿਆ। ਉਨ੍ਹਾਂ ਚਿਤਾਵਨੀ ਭਰ ਲਹਿਜੇ ਵਿਚ ਦੱਸਿਆ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਦੌਰਾਨ ਵੱਡੇ ਸੰਘਰਸ਼ ਆਰੰਭਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ਜਿਸਦੀ ਜ਼ਿੰਮੇਵਾਰੀ ਸੂਬਾ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਸੀਮਾ ਸੋਹਲ ਝਬਾਲ ਜਨਰਲ ਸੈਕਟਰੀ, ਸਰਬਜੀਤ ਕੌਰ ਘਰਿਆਲਾ, ਮੀਤ ਪ੍ਰਧਾਨ, ਰਾਜਵਿੰਦਰ ਕੌਰ ਖਜਾਨਚੀ, ਹਰਜੀਤ ਕੌਰ ਚੂਸਲੇਵੜ ਬਲਾਕ ਪ੍ਰਧਾਨ, ਗੁਰਵੰਤ ਕੌਰ ਮੀਆਂਵਿੰਡ, ਪਰਮਿੰਦਰ ਕੌਰ ਅਤੇ ਹਰੀਕੇ ਵੀਰਪਾਲ ਕੌਰ ਆਦਿ ਹਾਜ਼ਰ ਸਨ।

# ਰਿਮਾਂਡ ਦੌਰਾਨ ਚੋਰੀਸ਼ੁਦਾ ਸਾਮਾਨ ਬਰਾਮਦ



**ਗੁਰਦਾਸਪੁਰ (ਜਨਕ ਮਹਾਜਨ)**-ਪੁਲਸ ਸਟੇਸ਼ਨ ਪੁਰਾਣਾ ਅੰਦਰ ਪੈਂਦੇ ਪਿੰਡ ਕੋਟ ਭੱਲਾ ਦੇ ਰਹਿਣ ਵਾਲੇ ਇਕ ਵਿਅਕਤੀ ਦੇ ਟਰੈਕਟਰ ਦੀਆਂ ਬੈਟਰੀਆਂ ਚੋਰੀਆਂ ਕਰਨ ਵਾਲੇ ਚੋਰ ਨੂੰ ਪੁਲਸ ਨੇ ਫੜ ਕੇ ਰਿਮਾਂਡ ਦੌਰਾਨ ਉਸ ਪਾਸੋਂ ਹੋਰ ਵੀ ਚੋਰੀਸ਼ੁਦਾ ਸਾਮਾਨ ਬਰਾਮਦ ਕੀਤਾ ਹੈ। ਥਾਣਾ ਮੁਖੀ ਪੁਰਾਣਾ ਸ਼ਾਲਾ ਹਰਮਿੰਦਰ ਸਿੰਘ ਨੇ ਦੱਸਿਆ ਕਿ ਚੋਰ ਰਮਨ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਕੋਟਭੱਲਾ ਦਾ ਚੋਰੀਆਂ ਸਬੰਧੀ ਇਕ ਦਿਨਾ ਰਿਮਾਂਡ ਹਾਸਲ ਕੀਤਾ ਗਿਆ ਸੀ ਜਿਸ ਪਾਸੋਂ ਪੁੱਛਗਿੱਛ ਦੌਰਾਨ ਇਕ ਗੀਜ਼ਰ, ਪਾਣੀ ਵਾਲੀ ਮੋਟਰ ਬਰਾਮਦ ਹੋਈ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਲਾਕੇ ਅੰਦਰ ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਵਾਸਤੇ ਦੋ ਮੋਟਰਸਾਈਕਲ ਪੀਸੀਆਰ ਅਤੇ ਗਸ਼ਤ 'ਤੇ ਦੋ ਪੁਲਸ ਦੀਆਂ ਗੱਡੀਆਂ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਲੋਕਲ ਨਸ਼ੇੜੀ ਬੰਦੇ ਬਾਹਰੋਂ ਵਿਅਕਤੀ ਬੁਲਾ ਕੇ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ ਜਿਨ੍ਹਾਂ ਉਪਰ ਪੁਲਸ ਵਲੋਂ ਪੂਰੀ ਨਜ਼ਰ ਰੱਖੀ ਜਾ ਰਹੀ ਹੈ।

# ਨਾਜਾਇਜ਼ ਬਦਲੀਆਂ ਰੱਦ ਨਾ ਹੋਈਆਂ ਤਾਂ ਵਿੱਢਾਂਗੇ ਤਿੱਖਾ ਸੰਘਰਸ਼ : ਉੱਪਲ, ਖਾਲਸਾ



**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680/22 ਬੀ ਦੇ ਸੂਬਾ ਪ੍ਰੈੱਸ ਸਕੱਤਰ ਪ੍ਰਭਜੀਤ ਸਿੰਘ ਉੱਪਲ, ਸੂਬਾ ਸੀਨੀਅਰ ਆਗੂ ਬਲਕਾਰ ਸਿੰਘ ਵਲਟੋਹਾ, ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੇ ਜ਼ਿਲਾ ਅੰਮ੍ਰਿਤਸਰ ਕਨਵੀਨਰ ਗਗਨਦੀਪ ਸਿੰਘ ਖਾਲਸਾ ਅਤੇ ਜ਼ਿਲ੍ਹਾ ਪ੍ਰਧਾਨ ਅਜੈ ਕੁਮਾਰ ਸਨਹੋਤਰਾ ਨੇ ਪਿਛਲੇ ਦਿਨੀਂ ਸਿਹਤ ਵਿਭਾਗ ਵਿੱਚ ਹੋਈਆਂ ਬੇਲੋੜੀਆਂ ਬਦਲੀਆਂ 'ਤੇ ਗਹਿਰਾ ਰੋਸ ਪ੍ਰਗਟ ਕਰਦਿਆਂ ਅੱਜ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ਦੇ ਮਲਟੀਪਰਪਜ਼ ਹੈਲਥ ਵਰਕਰ ਮੇਲ ਬਲਰਾਜ ਸਿੰਘ ਦੀ ਬਦਲੀ ਬਿਨਾਂ ਕਿਸੇ ਕਾਰਨ ਅਤੇ ਬਿਨਾਂ ਕਿਸੇ ਬੇਨਤੀ ਪੱਤਰ ਦੇ ਜ਼ਿਲਾ ਕਪੂਰਥਲਾ ਕਰ ਦਿੱਤੀ ਗਈ। ਇਸੇ ਤਰ੍ਹਾਂ ਸਰਬਜੀਤ ਸਿੰਘ ਦੀ ਬਦਲੀ ਬਿਨਾਂ ਕਾਰਨ ਬਾਬਾ ਬਕਾਲਾ ਸਾਹਿਬ ਤੋਂ ਜ਼ਿਲਾ ਜਲੰਧਰ ਵਿਖੇ ਕਰ ਦਿੱਤੀ ਗਈ ਹੈ ਅਤੇ ਇਥੇ ਹੀ ਬੱਸ ਨਹੀਂ ਸਗੋਂ ਮਲਟੀਪਰਪਜ਼ ਕੇਡਰ ਦੇ ਕੁੱਝ ਹੋਰ ਮੁਲਾਜ਼ਮਾਂ ਦੀਆਂ ਬਿਨਾਂ ਕਿਸੇ ਕਾਰਨ ਅਤੇ ਬਿਨਾਂ ਕਿਸੇ ਬੇਨਤੀ ਪੱਤਰ ਦੇ ਬਦਲੀਆਂ ਕਰ ਦਿੱਤੀਆਂ ਗਈਆਂ ਹਨ, ਜਿਸ ਕਾਰਨ ਮਲਟੀਪਰਪਜ਼ ਕੇਡਰ ਦੇ ਨਾਲ ਨਾਲ ਸਮੁੱਚੇ ਸਿਹਤ ਵਿਭਾਗ ਦੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹ ਬਿਲਕੁਲ ਧੱਕੇਸ਼ਾਹੀ ਹੈ। ਫੈਡਰੇਸ਼ਨ ਇਨ੍ਹਾਂ ਹੋਈਆਂ ਬਦਲੀਆਂ ਦੀ ਨਿੰਦਾ ਕਰਦੀ ਹੈ ਅਤੇ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਇਹ ਨਾਜਾਇਜ਼ ਕੀਤੀਆਂ ਗਈਆਂ ਬਦਲੀਆਂ ਤੁਰੰਤ ਰੱਦ ਕੀਤੀਆਂ ਜਾਣ, ਨਹੀਂ ਤਾਂ ਫੈਡਰੇਸ਼ਨ ਨੂੰ ਮਜਬੂਰਨ ਵਿਰੋਧ ਵਿੱਚ ਤਿੱਖਾ ਸੰਘਰਸ਼ ਵਿੱਢਣਾ ਪਵੇਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਜਸਵੰਤ ਰਾਏ, ਜ਼ਿਲ੍ਹਾ ਮੀਤ ਪ੍ਰਧਾਨ ਸਤਨਾਮ ਸਿੰਘ ਗੁਮਾਨਪੁਰਾ, ਬਲਵਿੰਦਰ ਰਾਮਪੁਰਾ, ਨਿਰਮਲ ਸਿੰਘ ਤਰਸਿੱਕਾ, ਪ ਪ ਪ ਮੋਰਚੇ ਦੇ ਸੂਬਾ ਆਗੂ ਅਮਰਪ੍ਰੀਤ ਸਿੰਘ ਬੋਹੜੂ ਨੇ ਪਿਛਲੇ ਦਿਨੀਂ ਜ਼ਿਲਾ ਅੰਮ੍ਰਿਤਸਰ ਦੀ ਇਕ ਮਲਟੀਪਰਪਜ਼ ਹੈਲਥ ਵਰਕਰ ਰੁਪਿੰਦਰ ਕੌਰ ਲਈ ਬਿਨਾਂ ਕਸੂਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਵਰਤੀ ਗਈ ਬਹੁਤ ਹੀ ਅਸੱਭਿਅਕ ਸ਼ਬਦਾਵਲੀ ਦੀ ਨਿੰਦਾ ਕਰਦਿਆਂ ਕਿਹਾ ਕਿ ਮੁਲਾਜ਼ਮ ਆਪਣੀ ਤਨਦੇਹੀ ਨਾਲ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ, ਪਰ ਉਨ੍ਹਾਂ ਦੇ ਕੰਮ ਵਿੱਚ ਇਸ ਤਰ੍ਹਾਂ ਦਖਲਅੰਦਾਜ਼ੀ ਅਤੇ ਸਿਆਸੀ ਧੱਕੇਸ਼ਾਹੀ ਬੰਦ ਕੀਤੀ ਜਾਵੇ, ਨਹੀਂ ਤਾਂ ਮਜਬੂਰਨ ਮੁਲਾਜ਼ਮਾਂ ਨੂੰ ਸਰਕਾਰ ਦੇ ਖਿਲਾਫ ਸੰਘਰਸ਼ ਵਿੱਢਣਾ ਪਵੇਗਾ।

# 92 ਫੀਸਦੀ ਅੰਕ ਲੈਣ 'ਤੇ ਡਾ. ਸੰਧੂ ਨੇ ਪ੍ਰਭਦੀਪ ਬਾਵਾ ਨੂੰ ਕੀਤਾ ਸਨਮਾਨਤ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਸਵਰਗੀ ਪੱਤਰਕਾਰ ਰਾਕੇਸ਼ ਬਾਵਾ ਦੇ ਹੋਣਹਾਰ ਪੁੱਤਰ ਪ੍ਰਭਦੀਪ ਬਾਵਾ ਨੇ ਹਾਲ ਹੀ ਵਿੱਚ 10+2 ਦੇ ਨਤੀਜਿਆਂ 'ਚ 92 ਫੀਸਦੀ ਨੰਬਰ ਲੈਂ ਕੇ ਜਿੱਥੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦਾ ਨਾਮ ਉੱਚਾ ਕੀਤਾ ਉਥੇ ਆਪਣੇ ਸਵਰਗੀ ਪਿਤਾ ਦਾ ਸੁਪਨਾ ਸਾਕਾਰ ਕਰਕੇ ਆਪਣੇ ਦਾਦਾ ਰਿਟਾਇਰਡ ਬੀਡੀਪੀਓ ਬਲਦੇਵ ਰਾਜ ਦਾ ਸਿਰ ਹੋਰ ਉੱਚਾ ਕੀਤਾ। ਬਾਵਾ ਪਰਿਵਾਰ ਦੇ ਲਾਡਲੇ ਫਰਜੰਦ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ ਲਈ ਪ੍ਰਸਿੱਧ ਨੌਜਵਾਨ ਹੋਮਿਓਪੈਥਿਕ ਡਾਕਟਰ ਰਸਬੀਰ ਸਿੰਘ ਸੰਧੂ ਵਾਈਸ ਚੇਅਰਮੈਨ ਆਸ ਹੋਮਿਓਪੈਥਿਕ ਸੁਸਾਇਟੀ ਪੰਜਾਬ ਨੇ ਆਪਣੇ ਬੱਸ ਸਟੈਂਡ 'ਚ ਸਥਿਤ ਡਿਵਾਈਨ ਹੋਮਿਓਪੈਥਿਕ ਕਲੀਨਿਕ 'ਚ ਸੁੰਦਰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕਰਕੇ ਉਸਦਾ ਹੌਸਲਾ ਵਧਾਇਆ। ਡਾਕਟਰ ਸੰਧੂ ਨੇ ਕਿਹਾ ਕਿ ਪ੍ਰਭਦੀਪ ਬਾਵਾ ਜਲਦ ਹੀ ਉੱਚੀ ਤਾਲੀਮ ਲੈ ਕੇ ਆਪਣੇ ਪਿਤਾ ਤੇ ਪਰਿਵਾਰ ਦਾ ਨਾਮ ਸੁਨਹਿਰੀ ਅੱਖਰਾਂ 'ਚ ਲਿਖਾਵੇਗਾ। ਇਸ 'ਤੇ ਸਮੁੱਚੇ ਪਰਿਵਾਰ ਤੇ ਇਲਾਕਾ ਨਿਵਾਸੀਆਂ ਨੂੰ ਭਾਰੀ ਉਮੀਦਾਂ ਹਨ।

# ਪਿੰਡ ਠੱਠਾ ਦੇ ਤਿੰਨ ਦਰਜਨ ਪਰਿਵਾਰਾਂ ਨੇ 'ਆਪ' ਦਾ ਪੱਲਾ ਫੜਿਆ



**ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)**—ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਹੇਠ ਕਸਬਾ ਝਬਾਲ ਦੇ ਨਜ਼ਦੀਕੀ ਪਿੰਡ ਠੱਠਾ ਵਿਖੇ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦ ਪਿੰਡ ਦੇ ਤਕਰੀਬਨ ਤਿੰਨ ਦਰਜਨ ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ। ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਨੂੰ ਵਿਧਾਇਕ ਸੋਹਲ ਨੇ ਜੀ ਆਇਆਂ ਕਿਹਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਹਰੇਕ ਵਲੰਟੀਅਰ ਨੂੰ ਉਸ ਦਾ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।

ਇਸ ਮੌਕੇ ਵਿਧਾਇਕ ਡਾ. ਸੋਹਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਤੇ ਗਰੰਟੀਆਂ ਦਿੱਤੀਆਂ ਗਈਆਂ ਸੀ ਉਨਾਂ ਨੂੰ ਇੱਕ ਇਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਜਿਸ ਕਾਰਨ ਲੋਕ ਧੜਾ-ਧੜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਵਿਧਾਇਕ ਸੋਹਲ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨਾਂ ਦੀਆਂ ਮੁਸ਼ਕਲਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਵਚਨਬੱਧ ਹੈ ਤੇ ਪੰਜਾਬ ਨੂੰ ਮੁੜ ਵਿਕਾਸ ਦੀਆਂ ਲੀਹਾਂ ਤੇ ਲਿਆਂਦਾ ਜਾਵੇਗਾ।

ਇਸ ਮੌਕੇ ਪਿੰਡ ਠੱਠਾ ਦੇ ਆਪ ਆਗੂ ਗੁਰਵਿੰਦਰ ਸਿੰਘ ਨੇ ਕਿਹਾ ਕਿ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕੇ ਵਿਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਲੋਕ ਬੇਹੱਦ ਖੁਸ਼ ਹਨ ਤੇ ਹਰ ਵਰਗ ਦੇ ਲੋਕ ਉਨ੍ਹਾਂ ਦੀ ਪ੍ਰਸੰਸਾ ਕਰ ਰਹੇ ਹਨ ਤੇ ਵਿਧਾਇਕ ਸੋਹਲ ਵੱਲੋਂ ਹਲਕੇ ਦਾ ਵਿਕਾਸ ਜੰਗੀ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਕੋਮਲਪ੍ਰੀਤ ਸਿੰਘ ਪੀਏ, ਅਵਤਾਰ ਸਿੰਘ ਫੌਜੀ, ਸਵਿੰਦਰ ਸਿੰਘ, ਬਾਬਾ ਬੇਲਾ ਸਿੰਘ, ਮੋਹਨ ਸਿੰਘ ਹਲਵਾਈ, ਮਿਸਤਰੀ ਜਗੀਰ ਸਿੰਘ, ਮਨਦੀਪ ਸਿੰਘ, ਸਰਦਾਰ ਹਰਦੇਵ ਸਿੰਘ, ਸਰਬਜੀਤ ਸਿੰਘ, ਹਰਭਜਨ ਸਿੰਘ, ਸੁਰਜੀਤ ਸਿੰਘ, ਜਗਤਾਰ ਸਿੰਘ, ਸਵਿੰਦਰ ਸਿੰਘ, ਕਾਬਲ ਸਿੰਘ ਫੌਜੀ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ ਡੀਲਰ, ਧਰਮਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਵਿੰਦਰ ਸਿੰਘ ਡਾਕਟਰ, ਭੁਪਿੰਦਰ ਸਿੰਘ, ਬੇਅੰਤ ਸਿੰਘ, ਲਾਲ ਸਿੰਘ ਖਾਲਸਾ ਅਤੇ ਹੋਰ ਸਾਥੀ ਹਾਜ਼ਰ ਸਨ।

# ਨਸ਼ਾ ਤਸਕਰਾਂ ਖ਼ਿਲਾਫ਼ ਪੁਲਸ ਵੱਲੋਂ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਐੱਸਆਈ ਦਲਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਪੱਕੀ ਸੜਕ ਘਰੋਟਾ ਰੋਡ ਤੋਂ ਪਿੰਡ ਡੀਡਾ ਸਾਂਸੀਆਂ ਤੋਂ ਦੋਸ਼ੀ ਗੌਰਵ ਪੁੱਤਰ ਚਾਂਦੀ ਰਾਮ ਵਾਸੀ ਡੀਡਾ ਸਾਂਸੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲ ਮੌਜੂਦ ਮੋਮੀ ਲਿਫਾਫੇ ਵਿਚੋਂ 15 ਗ੍ਰਾਮ ਹੈਰੋਇਨ, 1,15,700 ਰੁਪਏ ਡਰੱਗ ਮਨੀ ਅਤੇ ਇਕ ਕੰਪਿਊਟਰ ਕੰਡਾ ਬ੍ਰਾਮਦ ਹੋਇਆ ਹੈ। ਪੁਲਸ ਨੇ ਦੋਸ਼ੀ ਗੌਰਵ ਪੁੱਤਰ ਚਾਂਦੀ ਰਾਮ ਵਾਸੀ ਡੀਡਾ ਸਾਂਸੀਆਂ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਥਾਣਾ ਬਹਿਰਾਮਪੁਰ ਦੇ ਏਐਸਆਈ ਜਗੀਰ ਚੰਦ ਨੇ ਸਮੇਤ ਪੁਲਸ ਪਾਰਟੀ ਗਸ਼ਤ ਬਾ ਤਲਾਸ਼ ਭੈੜੇ ਪੁਰਸ਼ਾਂ ਦੇ ਸੰਬੰਧ ਵਿਚ ਮੁਖਬਰ ਖਾਸ ਦੀ ਇਤਲਾਹ 'ਤੇ ਦੋਸ਼ੀ ਜਸਵਿੰਦਰ ਕੁਮਾਰ ਲਾਡੀ ਪੁੱਤਰ ਲੇਟ. ਬਾਵਾ ਰਾਮ ਵਾਸੀ ਝਬਕਰਾ ਦੇ ਘਰ ਰੇਡ ਕਰਕੇ ਦੋਸ਼ੀ ਨੂੰ 22,500 ਐਮਐਲ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਉਕਤ ਵਿਅਕਤੀ ਖ਼ਿਲਾਫ਼ ਪੁਲਸ ਨੇ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਡੀਜ਼ਲ ਤੇ ਪੈਟ੍ਰੋਲ ਦੇ ਰੇਟਾਂ 'ਚ ਵਾਧੇ ਦੀ ਸਖ਼ਤ ਨਿਖੇਧੀ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਟੈਕਸ ਵਧਾ ਕੇ ਡੀਜ਼ਲ ਪੈਟਰੋਲ ਦੇ ਰੇਟਾਂ ਵਿੱਚ ਕੀਤੇ ਗਏ ਵਾਧੇ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸਖਤ ਨਿਖੇਧੀ ਕਰਦਿਆਂ ਮੰਗ ਕੀਤੀ ਗਈ ਹੈ ਕਿ ਇਹ ਵਾਧਾ ਤੁਰੰਤ ਵਾਪਸ ਲਿਆ ਜਾਵੇ। ਇਸ ਬਾਰੇ ਇੱਥੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਖਜ਼ਾਨਚੀ ਹਰਦੀਪ ਸਿੰਘ ਜੌੜਾ, ਨੌਸ਼ਹਿਰਾ ਪੰਨੂੰਆਂ ਬਲਾਕ ਦੇ ਜਨਰਲ ਸਕੱਤਰ ਤਰਸੇਮ ਸਿੰਘ ਕੁਹਾੜਕਾ ਅਤੇ ਪੱਟੀ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਪੱਟੀ ਨੇ ਦੋਸ਼ ਲਾਇਆ ਕਿ ਗੁਆਂਢੀ ਸੂਬਿਆਂ ਦੇ ਮੁਕਾਬਲੇ ਪਹਿਲਾਂ ਹੀ ਉੱਚੇ ਰੇਟਾਂ ਦੇ ਬਾਵਜੂਦ ਅਤੇ ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਬੀਤੇ ਸਾਲਾਂ ਦੇ ਮੁਕਾਬਲੇ ਕਾਫੀ ਨੀਵੀਆਂ ਹੋਣ ਦੇ ਬਾਵਜੂਦ ਕੀਤਾ ਗਿਆ ਇਹ ਫੈਸਲਾ ਸਾਰੇ ਤੇਲ-ਬਾਲਣ ਖਪਤਕਾਰਾਂ ਉੱਤੇ ਸਰਾਸਰ ਨਾਜਾਇਜ਼ ਬੋਝ ਪਾਉਣ ਵਾਲਾ ਫੈਸਲਾ ਹੈ।

ਇਸ ਤੋਂ ਵੀ ਅੱਗੇ ਖੇਤੀ ਕੰਮਾਂ ਵਿੱਚੋਂ ਸਭ ਤੋਂ ਵੱਧ ਡੀਜ਼ਲ ਖਪਤ ਵਾਲਾ ਝੋਨਾ ਬੀਜਣ ਦਾ ਕੰਮ ਸ਼ੁਰੂ ਹੋਣ ਸਾਰ ਡੀਜ਼ਲ ਦੇ ਰੇਟ ਵਿੱਚ ਕੀਤਾ ਵਾਧਾ ਵਿਸ਼ੇਸ਼ ਤੌਰ 'ਤੇ ਕਿਸਾਨ ਮਾਰੂ ਫੈਸਲਾ ਹੈ। ਕਿਸਾਨ ਪਹਿਲਾਂ ਹੀ ਭਾਰੀ ਕਰਜ਼ਿਆਂ ਦੇ ਬੋਝ ਥੱਲੇ ਦੱਬੇ ਹੋਏ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਫੈਸਲਾ ਤੇਲ ਕੰਪਨੀਆਂ ਨੂੰ ਵੱਧ ਤੋਂ ਵੱਧ ਮੁਨਾਫੇ ਖਟਾ ਕੇ ਆਉਂਦੇ ਵਰ੍ਹੇ ਸੰਸਦੀ ਚੋਣਾਂ ਮੌਕੇ ਉਨ੍ਹਾਂ ਕੋਲੋਂ ਆਪ ਪਾਰਟੀ ਲਈ ਖੁੱਲ੍ਹੇ ਚੋਣ ਫੰਡ ਬਟੋਰਨ ਦੀ ਮੌਕਾਪ੍ਰਸਤ ਲੋਕ-ਵਿਰੋਧੀ ਰਾਜਨੀਤੀ ਤੋਂ ਪ੍ਰੇਰਿਤ ਹੈ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਇਹ ਵਾਧਾ ਵਾਪਸ ਨਾ ਲੈਣ ਦੀ ਸੂਰਤ ਵਿੱਚ ਸਾਂਝੇ ਜਨਤਕ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਹੈ।

# ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦਿਆਲਗੜ੍ਹ ਨੇ ਫੁੱਟਬਾਲ ਟੂਰਨਾਮੈਂਟ ਕਰਵਾਇਆ



**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਪਿੰਡ ਦਿਆਲਗੜ੍ਹ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਕਰਵਾਏ ਗਏ ਸੀਨੀਅਰ ਵਰਗ ਫੁੱਟਬਾਲ ਟੂਰਨਾਮੈਂਟ ਵਿੱਚ ਜਿੱਥੇ ਵੱਖ-ਵੱਖ ਪਿੰਡਾਂ ਅਤੇ ਕਲੱਬਾਂ ਦੀਆਂ ਲਗਭਗ 36 ਟੀਮਾਂ ਨੇ ਹਿੱਸਾ ਲਿਆ ਉੱਥੇ ਹੀ ਪਿੰਡ ਨੌਸ਼ਹਿਰਾ ਮੱਝਾ ਸਿੰਘ ਦੀ ਟੀਮ ਨੇ ਵਧੀਆ ਪ੍ਰਦਰਸ਼ਨ ਕਰ ਕੇ ਰਨਰਅੱਪ ਦਾ ਖਿਤਾਬ ਆਪਣੇ ਨਾਮ ਕੀਤਾ। ਟੀਮ ਦੇ ਕਪਤਾਨ ਹਰਮਨਜੋਤ ਸਿੰਘ ਨੂੰ ਬੈਸਟ ਪਲੇਅਰ ਆਫ ਦਾ ਟੂਰਨਾਮੈਂਟ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਉਥੇ ਹੀ ਟੀਮ ਦਾ ਪਿੰਡ ਨੌਸ਼ਹਿਰਾ ਮੱਝਾ ਸਿੰਘ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ। ਟੀਮ ਕਪਤਾਨ ਹਰਮਨਜੋਤ ਸਿੰਘ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਬਹੁਤ ਘੱਟ ਗਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਇਸ ਨੂੰ ਨਸ਼ੇ ਦੇ ਬੁਰੇ ਰੁਝਾਨ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਖੇਡਾਂ ਜਿੱਥੇ ਸਾਨੂੰ ਸਰੀਰਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ ਉਥੇ ਆਪਸੀ ਭਾਈਚਾਰਾ ਤੇ ਅਨੁਸ਼ਾਸਨਕ ਜ਼ਿੰਦਗੀ ਜਿਊਣ ਲਈ ਵੀ ਪ੍ਰੇਰਿਤ ਕਰਦੀਆਂ ਹਨ। ਕਪਤਾਨ ਹਰਮਨਜੋਤ ਸਿੰਘ ਨੇ ਕਿਹਾ ਕਿ ਸਾਡੀ ਸਾਰੀ ਟੀਮ ਬਹੁਤ ਮਹਿਨਤੀ ਹੈ ਅਤੇ ਇਸ ਤੋਂ ਪਹਿਲਾ ਵੀ ਟੀਮ ਬਹੁਤ ਸਾਰੇ ਟੂਰਨਾਮੈਂਟ ਜਿੱਤ ਚੁੱਕੀ ਹੈ। ਇਸ ਮੌਕੇ ਟੀਮ ਵਿੱਚ ਜਗਜੀਤ ਸਿੰਘ ਗੋਲ ਕੀਪਰ (ਪੰਜਾਬ ਪੁਲਸ), ਗੁਰਪ੍ਰੀਤ ਸਿੰਘ ਮੱਲ੍ਹੀ (ਕੋਚ), ਉਂਕਾਰ ਬਾਜਵਾ, ਸਿਮਰਨਜੀਤ ਸਿੰਘ, ਸੁਰਖਾਬ ਸਿੰਘ, ਚਰਨਦੀਪ ਸਿੰਘ, ਪਵਨਪ੍ਰੀਤ ਸਿੰਘ, ਪਲਵਿੰਦਰ ਬਾਜਵਾ, ਹੀਰਾ ਸਿੰਘ, ਕਵਲਦੀਪ ਸਿੰਘ, ਗੋਲੂ, ਜੀਤਾ, ਹਰਮਨ ਸਿੰਘ, ਬਿੱਲਾ, ਵੰਸ ਆਦਿ ਖਿਡਾਰੀ ਮੌਜੂਦ ਸਨ।

# ਕਾਮਰੇਡ ਸੋਹਣ ਸਿੰਘ ਜੋਸ਼ ਲਾਇਬ੍ਰੇਰੀ 'ਚ 'ਸਤਰੰਗੀ' ਰਿਲੀਜ਼



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਪੰਜਾਬੀ ਸਭਿਆਚਾਰ ਸੱਥ ਤੇ ਸਾਹਿਤ ਸੰਸਥਾ ਅੰਮ੍ਰਿਤਸਰ ਵੱਲੋਂ ਕੌਮੀ ਪੜ੍ਹਨ ਦਿਵਸ ਮੌਕੇ ਕਾਮਰੇਡ ਸੋਹਣ ਸਿੰਘ ਜੋਸ਼ ਲਾਇਬ੍ਰੇਰੀ ਵਿੱਚ ਸਤਰੰਗੀ ਮੈਗਜ਼ੀਨ ਰਿਲੀਜ਼ ਕੀਤਾ ਗਿਆ। ਡਾ. ਪ੍ਰਭਜੋਤ ਕੌਰ ਦੀ ਹਾਜ਼ਰੀ ਵਿੱਚ ਸਤਰੰਗੀ ਮੈਗਜ਼ੀਨ ਪ੍ਰਬੰਧਕੀ ਬੋਰਡ ਤੇ ਸੰਪਾਦਕੀ ਬੋਰਡ ਵੱਲੋਂ ਰਿਲੀਜ਼ ਕੀਤਾ ਗਿਆ ਜੋ ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਸਾਹਿਤਕਾਰ ਗੁਰਬਖਸ਼ ਸਿੰਘ ਪ੍ਰੀਤ ਲੜੀ ਨੂੰ ਸਮਰਪਿਤ ਕੀਤਾ ਗਿਆ। ਇਸ ਸਮੇਂ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਸਤਰੰਗੀ ਦੇ ਮੁੱਖ ਸੰਪਾਦਕ ਮਨਮੋਹਨ ਸਿੰਘ ਬਾਸਰਕੇ, ਸੰਪਾਦਕ ਜਸਬੀਰ ਸਿੰਘ ਝਬਾਲ, ਸਾਹਿਤ ਸੰਪਾਦਕ ਜਸਵਿੰਦਰ ਸਿੰਘ ਢਿੱਲੋਂ, ਜਗੀਰ ਕੌਰ ਮੀਰਾਂਕੋਟ, ਸਰਬਜੀਤ ਸੰਧੂ, ਡਾ. ਮੋਹਨ, ਬਲਵਿੰਦਰ ਕੌਰ ਪੰਧੇਰ, ਜਸਵੰਤ ਥਾਪ, ਸਤਿੰਦਰਪਾਲ ਸਿੰਘ ਉਠੀ, ਬਲਵਿੰਦਰ ਸਿੰਘ ਬੇਦੀ, ਰਮੇਸ਼ ਜਾਨੂੰ, ਡਾ. ਭੁਪਿੰਦਰ ਸਿੰਘ ਫੇਰੂਮਾਨ, ਬਲਜਿੰਦਰ ਸਿੰਘ ਮਾਂਗਟ, ਹਰਭਜਨ ਭੱਗਰਥ, ਗੁਰਚਰਨ ਸਿੰਘ ਸਭਰਾ, ਜਸਪਾਲ ਸਿੰਘ, ਡਾ. ਭੁਪਿੰਦਰ ਸਿੰਘ ਮੱਟੂ, ਅਜੀਤ ਸਿੰਘ ਨਬੀਪੁਰ ਹਾਜ਼ਰ ਸਨ। ਇਸ ਮੌਕੇ ਸਟੇਜ ਸੰਚਾਲਨ ਰਾਜਬੀਰ ਕੌਰ ਨੇ ਬਾਖੂਬੀ ਨਿਭਾਇਆ। ਸਾਰੇ ਸਾਹਿਤਕਾਰਾਂ ਨੂੰ ਜੀ ਆਇਆਂ ਡਾ. ਪ੍ਰਭਜੋਤ ਕੌਰ ਨੇ ਕਿਹਾ। ਇਸ ਮੌਕੇ ਬਹੁਤ ਸਾਰੇ ਕਵੀ ਹਾਜ਼ਰ ਸਨ।

# ਪੰਜਾਬੀ ਭਾਸ਼ਾ 'ਚ ਤਕਨੀਕੀ ਸ਼ਬਦਾਵਲੀ ਦੇ ਵਿਕਾਸ ਬਾਰੇ ਪੰਜ ਦਿਨਾ ਵਰਕਸ਼ਾਪ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਕਨੀਕੀ ਅਤੇ ਇੰਜੀਨੀਅਰਿੰਗ ਸਿੱਖਿਆ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵੱਲੋਂ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਕਮਿਸ਼ਨ ਦੇ ਸਹਿਯੋਗ ਨਾਲ ਪੰਜਾਬੀ ਭਾਸ਼ਾ ਵਿੱਚ ਤਕਨੀਕੀ ਪਰਿਭਾਸ਼ਾਵਾਂ ਦੇ ਵਿਕਾਸ ਬਾਰੇ ਪੰਜ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਵਿੱਚ ਪੰਜਾਬੀ ਇੰਜੀਨੀਅਰਿੰਗ ਸ਼ਬਦਾਵਲੀ ਦੀ ਸਮੀਖਿਆ ਦੇ ਕੰਮ ਵਿੱਚ ਜੀਐਨਡੀਯੂ ਦੇ ਇਲੈਕਟ੍ਰੋਨਿਕਸ ਟੈਕਨਾਲੋਜੀ, ਕੰਪਿਊਟਰ ਇੰਜੀਨੀਅਰਿੰਗ ਅਤੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਦੇ ਕੁੱਲ 12 ਵਿਸ਼ਾ ਮਾਹਿਰਾਂ ਦੇ ਨਾਲ-ਨਾਲ ਹੋਰ ਸੰਸਥਾਵਾਂ ਦੇ ਮਾਹਿਰਾਂ ਨੇ ਭਾਗ ਲਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਯਤਨਸ਼ੀਲ ਰਹੀ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦੀ ਯੋਗ ਅਗਵਾਈ ਅਤੇ ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਰਵਿੰਦਰ ਕੁਮਾਰ ਦੇ ਨਿਰੰਤਰ ਯਤਨਾਂ ਸਦਕਾ ਇਸ ਵਿਭਾਗ ਨੇ ਪੰਜਾਬੀ ਭਾਸ਼ਾ ਦੇ ਇੰਜੀਨੀਅਰਿੰਗ ਦੇ ਖੇਤਰ ਵਿਚ ਵਿਕਾਸ ਲਈ ਕਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਮੌਜੂਦਾ ਵਰਕਸ਼ਾਪ ਪਿਛਲੀਆਂ ਵਰਕਸ਼ਾਪਾਂ ਵਿੱਚ ਪਹਿਲਾਂ ਹੀ ਵਿਕਸਤ ਤਕਨੀਕੀ ਸ਼ਬਦਾਵਲੀ ਦੀ ਸਮੀਖਿਆ ਕਰਨ ਲਈ ਕਰਵਾਈ ਗਈ ਸੀ।

# ਤਰਸਿੱਕਾ ਪੁਲਸ ਵੱਲੋਂ ਹੈਰੋਇਨ ਸਮੇਤ ਦੋ ਦੋਸ਼ੀ ਕਾਬੂ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸਤਿੰਦਰ ਸਿੰਘ ਆਈਪੀਐੱਸ ਸੀਨੀਅਰ ਪੁਲਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋਂ ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਸਖਤ ਹਦਾਇਤਾਂ ਜਾਰੀ ਸਨ ਕਿ ਨਸ਼ਾ ਤਸਕਰਾਂ ਵਿਰੁੱਧ ਸਖਤ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਉਨ੍ਹਾਂ ਹਦਾਇਤਾਂ ਦੀ ਪਾਲਣਾ ਤਹਿਤ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਨੂੰ ਉਸ ਵੇਲੇ ਸਫਲਤਾ ਹਾਸਲ ਹੋਈ ਜਦ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਵੱਲੋਂ ਦੌਰਾਨੇ ਗਸ਼ਤ ਪਿੰਡ ਜੋਧਾਨਗਰੀ ਦੇ ਬਾਹਰਵਾਰ ਤੋਂ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸਰਵਨ ਸਿੰਘ ਵਾਸੀ ਜੋਧਾਨਗਰੀ ਨੂੰ 6.5 ਗ੍ਰਾਮ ਹੈਰੋਇਨ ਸਮੇਤ ਅਤੇ ਲਵਜੋਤ ਸਿੰਘ ਉਰਫ ਮੋਟਾ ਪੁੱਤਰ ਸਾਹਿਬ ਸਿੰਘ ਵਾਸੀਆਨ ਪਿੰਡ ਜੋਧਾਨਗਰੀ ਨੂੰ 5.5 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਅਤੇ ਐਨਡੀਐਸ ਐਕਟ ਦੀਆਂ ਧਾਰਾਵਾਂ ਤਹਿਤ ਉਕਤ ਦੋਸ਼ੀਆਂ ਖਿਲਾਫ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। ਥਾਣਾ ਤਰਸਿੱਕਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਸਮੇਂ ਐਸ.ਐਚ.ਓ. ਅਵਤਾਰ ਸਿੰਘ ਥਾਣਾ ਤਰਸਿੱਕਾ, ਐਸ. ਆਈਤ. ਬਘੇਲ ਸਿੰਘ, ਏ. ਐਸ. ਆਈ. ਬਖਸ਼ੀਸ਼ ਸਿੰਘ, ਹਰਜੀਤ ਸਿੰਘ ਅਤੇ ਨਵਜੋਤ ਸਿੰਘ ਮੌਜੂਦ ਸਨ।

# ਭਾਜਪਾ ਦੀ ਅਜਨਾਲਾ 'ਚ 25 ਨੂੰ ਰੈਲੀ



**ਅਜਨਾਲਾ (ਸੁਖਤਿੰਦਰ ਸਿੰਘ)**—ਭਾਰਤੀ ਜਨਤਾ ਪਾਰਟੀ ਵਲੋਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਵਿਸ਼ੇਸ਼ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਸਦੇ ਚਲਦੇ ਅੰਮ੍ਰਿਤਸਰ ਦੇ ਅਜਨਾਲਾ ਵਿਚ ਵੀ 25 ਜੂਨ ਨੂੰ ਭਾਜਪਾ ਦੇ ਨੌਂ ਸਾਲ ਪੂਰੇ ਹੋਣ 'ਤੇ ਇਕ ਵਿਸ਼ਾਲ ਰੈਲੀ ਕੀਤੀ ਜਾਏਗੀ ਜਿਸ ਗੱਲ ਦੀ ਜਾਣਕਾਰੀ ਭਾਜਪਾ ਦੇ ਸੂਬਾ ਕਾਰਜਕਾਰਨੀ ਮੈਂਬਰ ਅਤੇ ਸਾਬਕਾ ਐਮਐਲਏ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਇਕ ਵਿਸ਼ੇਸ਼ ਬੈਠਕ ਉਪਰੰਤ ਦਿੱਤੀ। ਇਸ ਬੈਠਕ ਵਿਚ ਭਾਜਪਾ ਦੇ ਸੂਬਾ ਜਨਰਲ ਸੈਕਟਰੀ ਬਿਕਰਮਜੀਤ ਸਿੰਘ ਚੀਮਾ, ਜਰਨੈਲ ਸੈਕਟਰੀ ਰਾਜੇਸ਼ ਬੱਗਾ, ਅੰਮ੍ਰਿਤਸਰ ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਸੰਧੂ, ਜਰਨੈਲ ਸੈਕਟਰੀ ਅੰਮ੍ਰਿਤਸਰ ਸਾਹਿਲ ਕਪੂਰ, ਜਰਨੈਲ ਸੈਕਟਰੀ ਅੰਮ੍ਰਿਤਸਰ ਸੰਜੀਵ ਕੁਮਾਰ, ਜ਼ਿਲਾ ਵਾਈਸ ਪ੍ਰਧਾਨ ਬਲਦੇਵ ਰਾਜ ਬੱਗਾ, ਜ਼ਿਲਾ ਵਾਈਸ ਪ੍ਰਧਾਨ ਪਰਮਜੀਤ ਬੱਤਰਾ, ਜ਼ਿਲਾ ਦਿਹਾਤੀ ਪ੍ਰਧਾਨ ਮਨਜੀਤ ਸਿੰਘ ਮੰਨਾ, ਹਲਕਾ ਰਾਜਾਸਾਂਸੀ ਇੰਚਾਰਜ ਮੁਖਵਿੰਦਰ ਸਿੰਘ ਮਾਹਲ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਬੈਠਕ ਸਬੰਧੀ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਦੱਸਿਆ ਕਿ ਪਾਰਟੀ ਉੱਚ ਅਧਿਕਾਰੀਆਂ ਵਲੋਂ ਅਜਨਾਲਾ ਵਿਚ 25 ਜੂਨ ਨੂੰ ਇਕ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਲਿਆ ਗਿਆ ਹੈ ਜੋ ਅਜਨਾਲਾ ਦੀ ਦਾਣਾ ਮੰਡੀ ਵਿੱਚ ਕੀਤੀ ਜਾਏਗੀ। ਉਨਾਂ ਦੱਸਿਆ ਕਿ ਇਸ ਰੈਲੀ ਵਿਚ ਕੇਂਦਰ ਤੋਂ ਵੱਡੀ ਲੀਡਰਸ਼ਿਪ ਇਸ ਰੈਲੀ ਨੂੰ ਸੰਬੋਧਨ ਕਰਨ ਪਹੁੰਚੇਗੀ ਜਿਸ ਵਿਚ ਵਿਸ਼ੇਸ਼ ਤੌਰ 'ਤੇ ਬਾਰਡਰ ਬੈਲਟ ਦੇ ਲੋਕਾਂ ਨੂੰ ਭਾਜਪਾ ਵਲੋਂ ਉਨ੍ਹਾਂ ਦੇ ਹਿੱਤ ਵਿਚ ਲਏ ਫੈਸਲਿਆਂ ਬਾਰੇ ਜਾਗਰੂਕ ਕੀਤਾ ਜਾਏਗਾ ਅਤੇ ਭਾਜਪਾ ਸਰਕਾਰ ਦੇ ਨੌਂ ਸਾਲ ਪੂਰੇ ਹੋਣ 'ਤੇ ਲੋਕਾਂ ਲਈ ਕੀਤੇ ਕੰਮਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਏਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ-ਚੜ੍ਹ ਕੇ ਇਸ ਰੈਲੀ ਦਾ ਹਿੱਸਾ ਬਣਨ। ਇਸ ਮੌਕੇ ਸ਼ਹਿਰੀ ਪ੍ਰਧਾਨ ਪ੍ਰਦੀਪ ਕੁਮਾਰ ਬਾਂਟਾ, ਠੇਕੇਦਾਰ ਧਰਮਿੰਦਰ ਪ੍ਰਿੰਸ, ਕੌਂਸਲਰ ਦੀਪੂ ਅਰੋੜਾ, ਯੂਥ ਆਗੂ, ਲਾਲੀ ਸਫੇਵਾਲੀ, ਵਿਜੈ ਸਰੀਨ, ਗੁਰਜੀਤ ਪਾਲ ਭਨੋਟ, ਦਫਤਰ ਇੰਚਾਰਜ ਕਸ਼ਮੀਰ ਸਿੰਘ ਕਾਕੂ ਆਦਿ ਹਾਜ਼ਰ ਸਨ।

# ਮਾਪਿਆਂ ਨੂੰ ਸਰਕਾਰੀ ਸਕੂਲ ਕਮੇਟੀ ਦੇ ਮੈਂਬਰ/ਚੇਅਰਮੈਨ ਬਣਨ ਦਾ ਅਧਿਕਾਰ ਦਿੱਤਾ ਜਾਵੇ: ਜੀਟੀਯੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਇਸ ਸਮੇਂ ਸਕੂਲ ਮੈਨੇਜਮੈਂਟ ਕਮੇਟੀਆਂ ਬਣਾਉਣ ਲਈ ਸਿੱਖਿਆ ਵਿਭਾਗ ਵੱਲੋਂ ਇੱਕ ਨਵਾਂ ਫਰਮਾਨ ਅਧਿਆਪਕਾਂ ਦੀ ਸਿਰਦਰਦੀ ਬਣਿਆ ਹੋਇਆ ਹੈ। ਸਿੱਖਿਆ ਵਿਭਾਗ ਪੰਜਾਬ ਦੇ ਡੀ.ਪੀ.ਆਈ.ਵਲੋਂ 5 ਮਈ 2023 ਨੂੰ ਜਾਰੀ ਪੱਤਰ/ਮੀਮੋ ਨੰਬਰ ਈ-84946 ਰਾਹੀਂ ਰਾਜ ਦੇ ਸਮੂਹ ਸਕੂਲ ਮੁਖੀਆਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਜਿਹੜੇ ਵਿਦਿਆਰਥੀਆਂ ਨੇ ਸਕੂਲ ਵਿੱਚ ਤਿੰਨ ਸਾਲ ਜਾਂ ਉਸ ਤੋਂ ਵੱਧ ਸਮਾਂ ਦਾਖਲ ਰਹਿਣਾ ਹੈ, ਉਨ੍ਹਾਂ ਵਿਦਿਆਰਥੀਆਂ ਦੇ ਮਾਪੇ ਹੀ ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਜਾਂ ਚੇਅਰਮੈਨ ਬਣ ਸਕਦੇ ਹਨ। ਸਿੱਖਿਆ ਵਿਭਾਗ ਦੇ ਇਸ ਹੁਕਮ ਦੇ ਲਾਗੂ ਹੋਣ ਨਾਲ ਪ੍ਰਾਇਮਰੀ ਸਕੂਲਾਂ ਵਿੱਚ ਚੌਥੀ, ਪੰਜਵੀਂ ਅਤੇ ਮਿਡਲ ਜਾਂ ਹਾਈ ਸਕੂਲ ਵਿੱਚ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਮਾਪੇ ਚੇਅਰਮੈਨ ਜਾਂ ਮੈਂਬਰ ਨਹੀਂ ਬਣ ਸਕਣਗੇ।

ਇਸ ਸਬੰਧੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਮੀਤ ਪ੍ਰਧਾਨ ਕੁਲਦੀਪ ਪੂਰੇਵਾਲ, ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਕਿਹਾ ਸਿੱਖਿਆ ਵਿਭਾਗ ਦਾ ਇਹ ਹੁਕਮ ਸਰਾਸਰ ਲੋਕਤੰਤਰ ਪ੍ਰਕਿਰਿਆਵਾਂ ਦਾ ਘਾਣ ਹੈ।

ਸਿੱਖਿਆ ਵਿਭਾਗ ਨੂੰ ਹਰੇਕ ਵਿਦਿਆਰਥੀ ਦੇ ਮਾਪੇ ਨੂੰ ਕਮੇਟੀ ਦਾ ਮੈਂਬਰ ਜਾਂ ਚੇਅਰਮੈਨ ਚੁਣੇ ਜਾਣ ਅਤੇ ਚੁਣਨ ਦਾ ਅਧਿਕਾਰ ਦੇਣਾ ਚਾਹੀਦਾ ਹੈ। ਇੱਕ ਪਾਸੇ ਕਮੇਟੀ ਸਕੂਲ ਮੁਖੀਆਂ ਨੂੰ ਕਮੇਟੀ ਬਣਾਉਣ ਲਈ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੱਦਾ ਦੇਣ ਦਾ ਨਿਯਮ ਹੈ। ਜੇਕਰ ਉਪਰੋਕਤ ਜਮਾਤਾਂ ਦੇ ਵਿਦਿਆਰਥੀਆਂ ਦੇ ਮਾਪੇ ਕਮੇਟੀ ਦੀ ਚੋਣ ਵਿੱਚ ਹਿੱਸਾ ਲੈਣ ਦੇ ਹੱਕਦਾਰ ਹਨ ਤਾਂ ਚੁਣੇ ਜਾਣ ਦੇ ਹੱਕਦਾਰ ਕਿਉਂ ਨਹੀਂ ? ਆਗੂਆਂ ਨੇ ਦੱਸਿਆ ਕਿ ਸਰਕਾਰੀ ਕੁੱਝ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਪੰਜਵੀਂ ਤੱਕ ਅਤੇ ਛੇਵੀਂ ਜਮਾਤ ਤੋਂ ਅੱਠਵੀਂ ਤੱਕ ਜਮਾਤਾਂ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਚੌਥੀ, ਪੰਜਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਤੱਕ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਚੇਅਰਮੈਨ ਬਣਾ ਕੇ ਕਮੇਟੀ ਪ੍ਰਵਾਨ ਕਰਨ ਲਈ ਆਪਣੇ ਅਧਿਕਾਰੀਆਂ ਕੋਲ ਭੇਜੀ ਗਈ ਤਾਂ ਅਧਿਕਾਰੀਆਂ ਵੱਲੋਂ ਇਤਰਾਜ਼ ਲਗਾ ਦਿੱਤਾ ਗਿਆ ਕਿ ਇਨਾਂ ਜਮਾਤਾਂ ਦੇ ਮਾਪੇ ਚੇਅਰਮੈਨ ਨਹੀਂ ਬਣ ਸਕਦੇ। ਇਸ ਸਬੰਧੀ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵਿਭਾਗੀ ਅਧਿਕਾਰੀਆਂ ਦੇ ਇਸ ਫੁਰਮਾਨ ਨੇ ਸਕੂਲ ਮੁਖੀਆਂ ਦੀ ਵੀ ਸਿਰਦਰਦੀ ਵਧਾ ਦਿੱਤੀ ਹੈ।

ਅਧਿਆਪਕ ਆਗੂਆਂ ਨੇ ਸਿੱਖਿਆ ਮੰਤਰੀ ਪੰਜਾਬ ਕੋਲੋਂ ਮੰਗ ਕੀਤੀ ਹੈ ਕਿ ਡੀਪੀਆਈ ਵਲੋਂ ਜਾਰੀ ਹੁਕਮ ਸੋਧ ਕਰਕੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲ ਕਮੇਟੀ ਦੇ ਮੈਂਬਰ ਜਾਂ ਚੇਅਰਮੈਨ ਬਣਨ ਦਾ ਅਧਿਕਾਰ ਦਿੱਤਾ ਜਾਵੇ।


## ਉੱਤਰ ਰੇਲਵੇ

G20 | Azadi Ka Amrit Mahotsav

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 10.07.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 16.06.2023<br>17.06.2023 | ਨਿਵਿਦਾ ਸ਼ੁਰੂ ਦੀ ਮਿਤੀ | 26.06.2023<br>26.06.2023 | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ | 10.07.2023 / 15:00 ਵਜੇ<br>10.07.2023 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | ਸਮਾਨ ਨੇਚਰ ਦਾ ਕੰਮ |
|---|---|---|---|---|---|---|---|
| 1. | 85-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ ਫਸਟ/ਪਠਾਨਕੋਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਪਠਾਨਕੋਟ ਅਤੇ ਪਠਾਨਕੋਟ ਕੈਂਟ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,94,99,839.02 | ₹2,47,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 2. | 86-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ ਫਸਟ/ਪਠਾਨਕੋਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਮੁਕੇਰੀਆਂ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,69,99,962.39 | ₹2,35,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 3. | 87-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ /ਜਲੰਧਰ ਕੈਂਟ ਦੇ ਤਹਿਤ ਮੇਮੂ ਸ਼ੈਡ, ਬ੍ਰਿਜ ਵਰਕਸ਼ਾਪ / ਜਲੰਧਰ ਕੈਂਟ ਅਤੇ ਵਿਭਾਗੀ ਟਰੇਨਿੰਗ ਸੰਸਥਾਨ ਜਲੰਧਰ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹79,98,075 | ₹1,60,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 4. | 90-2023-24-PLMX-DRM-FZR | ਸਹਾਇਕ ਮੰਡਲ ਇੰਜੀਨੀਅਰ ਪਾਲਮਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਪਾਲਮਪੁਰ ਦੇ ਸੇਕਸ਼ਨ ਵਿਚ ਪਾਲਮਪੁਰ ਅਤੇ ਮਨਾਲੀ ਵਿਚ ਅਫਸਰ ਰੈਸਟ ਹਾਊਸ ਸਮੇਤ ਮੁਰੰਮਤ ਸਾਧਾਰਨ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,44,99,842.67 | ₹2,22,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 5. | 91-2023-24-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਾਲਮਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਨਗਰੋਟਾ ਦੇ ਸੇਕਸ਼ਨ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,44,93,377.92 | ₹2,22,500/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 6. | 92-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ ਜਲੰਧਰ ਸ਼ਹਿਰ ਦੇ ਸੇਕਸ਼ਨ ਵਿਚ ਸਾਧਾਰਨ ਅਤੇ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,59,99,589.10 | ₹2,30,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 7. | 93-2023-24-JRC-DRM-FZR | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਕੈਂਟ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ ਜਲੰਧਰ ਕੈਂਟ ਦੇ ਸੇਕਸ਼ਨ ਵਿਚ ਸਾਧਾਰਨ ਅਤੇ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ ਕਰਨ ਲਈ। | ₹1,59,99,581.66 | ₹2,30,000/- | 60 ਦਿਨ | 12 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:-770-W/169/WA/FZR/85 & 86-2023-24-PTK-DRM-FZR & 87, 92 & 93-2023-24-JRC-DRM-FZR & 90-91-2023-24-PLMX-FZR Date: 17.06.2023 1875/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

21-JUNE-PAGE-4.qxd 6/20/2023 10:41 PM Page 1

ਨਵਾਂ ਜ਼ਮਾਨਾ
ਬੁੱਧਵਾਰ, 21 ਜੂਨ 2023

# ਪਾਠ-ਪੁਸਤਕਾਂ ਦੀ ਸਫਾਈ

*ਕਰਨਾਟਕ ਵਿਚ ਭਾਜਪਾ ਸਰਕਾਰ ਨੇ ਸਕੂਲੀ ਪਾਠ ਪੁਸਤਕਾਂ ਵਿੱਚੋਂ ਸਾਵਿਤਰੀ ਬਾਈ ਫੂਲੇ, ਅੰਬੇਡਕਰ ਤੇ ਨਹਿਰੂ ਨਾਲ ਜੁੜੇ ਅਧਿਆਇ ਹਟਾ ਦਿੱਤੇ ਸਨ ਤੇ ਉਨ੍ਹਾਂ ਦੀ ਥਾਂ ਆਰ ਐੱਸ ਐੱਸ ਦੇ ਬਾਨੀ ਕੇਸ਼ਵ ਬਲੀਰਾਮ ਹੈਡਗੇਵਾਰ ਤੇ ਚੱਕਰਵਰਤੀ ਸੁਲੀਬੇਲੇ ਵਰਗਿਆਂ ਦੇ ਪਾਠ ਜੋੜ ਦਿੱਤੇ ਸਨ। ਹੁਣ ਨਵੀਂ ਕਾਂਗਰਸ ਸਰਕਾਰ ਨੇ ਪਾਠ ਪੁਸਤਕਾਂ ਦੇ ਭਗਵਾਂਕਰਨ 'ਤੇ ਕੂਚੀ ਫੇਰਨੀ ਸ਼ੁਰੂ ਕਰ ਦਿੱਤੀ ਹੈ। ਕੈਬਨਿਟ ਮੀਟਿੰਗ ਤੋਂ ਬਾਅਦ ਸਿੱਖਿਆ ਮੰਤਰੀ ਮਧੂ ਬੰਗਾਰੱਪਾ ਨੇ ਕਿਹਾ ਕਿ ਕੈਬਨਿਟ ਨੇ ਚੋਣਾਂ ਵਿਚ ਕੀਤੇ ਵਾਅਦੇ ਮੁਤਾਬਕ ਭਾਜਪਾ ਸਰਕਾਰ ਵੱਲੋਂ ਪਾਠ ਪੁਸਤਕਾਂ ਵਿਚ ਕੀਤੇ ਬਦਲਾਅ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਪੁਸਤਕਾਂ ਛਪ ਚੁੱਕੀਆਂ ਹਨ, ਪਰ ਫਿਰ ਵੀ ਜ਼ਰੂਰੀ ਬਦਲਾਅ ਫੌਰੀ ਤੌਰ 'ਤੇ ਕੀਤੇ ਜਾਣਗੇ। ਛੇਵੀਂ ਤੋਂ ਦਸਵੀਂ ਤੱਕ ਦੀਆਂ ਕੰਨੜ ਤੇ ਸਮਾਜ ਵਿਗਿਆਨ ਦੀਆਂ ਪੁਸਤਕਾਂ ਵਿਚ ਬਦਲਾਅ ਕਰ ਦਿੱਤੇ ਗਏ ਹਨ। ਸਾਵਿਤਰੀ ਬਾਈ ਫੂਲੇ ਦਾ ਪਾਠ ਬਹਾਲ ਕਰ ਦਿੱਤਾ ਗਿਆ ਹੈ, ਦੱਖਣਪੰਥੀ ਚੱਕਰਵਰਤੀ ਸੁਲੀਬੇਲੇ ਦੇ ਪਾਠ ਨੂੰ ਹਟਾ ਦਿੱਤਾ ਗਿਆ ਹੈ। ਅਧਿਆਪਕ ਕੁਝ ਪਾਠ ਪੜ੍ਹਾ ਚੁੱਕੇ ਹਨ, ਪਰ ਭਾਸ਼ਾ ਤੇ ਹੋਰ ਵਿਸ਼ੇ ਇਕ ਮਹੀਨੇ ਬਾਅਦ ਪੜ੍ਹਾਉਣਗੇ। ਮੂਲ ਪਾਠ ਪੁਸਤਕਾਂ ਨੂੰ ਹਟਾਉਣਾ ਸੰਭਵ ਨਹੀਂ, ਪਰ ਜ਼ਿਮਨੀ ਕਿਤਾਬਚਿਆਂ ਦੀ ਸਪਲਾਈ ਡੇਢ ਹਫਤਿਆਂ ਵਿਚ ਕਰ ਦਿੱਤੀ ਜਾਵੇਗੀ ਅਤੇ ਅਧਿਆਪਕ ਪਹਿਲਾਂ ਛਪੇ ਪਾਠਾਂ ਦੀ ਥਾਂ ਉਸ ਮੁਤਾਬਕ ਪੜ੍ਹਾਉਣਗੇ। ਇਕ ਮਹੀਨੇ ਬਾਅਦ ਸਿਲੇਬਸ ਵਿਚ ਜ਼ਰੂਰੀ ਸੋਧਾਂ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਜਾਵੇਗਾ, ਜਿਸ ਦੀਆਂ ਸਿਫਾਰਸ਼ਾਂ 'ਤੇ ਅਗਲੇ ਸੈਸ਼ਨ ਦੀਆਂ ਪੁਸਤਕਾਂ ਛਾਪੀਆਂ ਜਾਣਗੀਆਂ। ਫਿਲਹਾਲ ਕੀ ਪੜ੍ਹਾਉਣਾ ਹੈ ਤੇ ਕੀ ਨਹੀਂ ਪੜ੍ਹਾਉਣਾ, ਇਸ ਬਾਰੇ ਅਧਿਆਪਕਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਜਾਣਗੇ। ਕੈਬਨਿਟ ਨੇ ਸਾਰੇ ਸਕੂਲਾਂ ਵਿਚ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਪਾਠ ਵੀ ਲਾਜ਼ਮੀ ਕਰ ਦਿੱਤਾ ਹੈ। ਸਾਰੇ ਸਰਕਾਰੀ ਤੇ ਨੀਮ-ਸਰਕਾਰੀ ਅਦਾਰਿਆਂ ਵਿਚ ਪ੍ਰਸਤਾਵਨਾ ਦੇ ਚਾਰਟ ਦਾ ਪ੍ਰਦਰਸ਼ਨ ਲਾਜ਼ਮੀ ਕੀਤਾ ਜਾਵੇਗਾ।*

*ਹਿੰਦੂਤਵੀ ਸਮੂਹਾਂ ਦੀ ਅਖੰਡ ਭਾਰਤ ਦੀ ਕਲਪਨਾ ਵਿਚ ਆਰ ਐੱਸ ਐੱਸ ਦੇ ਬਾਨੀ ਹੈਡਗੇਵਾਰ, ਵੀਰ ਸਾਵਰਕਰ ਤੇ ਗੋਲਵਲਕਰ ਪੂਜਨੀਕ ਹਨ। ਕਰਨਾਟਕ 'ਚ ਸਕੂਲੀ ਪਾਠ ਪੁਸਤਕਾਂ ਵਿੱਚੋਂ ਇਨ੍ਹਾਂ ਦੇ ਪਾਠ ਕੱਢਣ ਨਾਲ ਉਹ ਤਿਲਮਿਲਾ ਗਏ ਹਨ। ਕੇਂਦਰ ਦੀ ਮੋਦੀ ਸਰਕਾਰ ਨੇ ਵੀ ਨਵੀਂ ਸਿੱਖਿਆ ਨੀਤੀ ਭਗਵਾਂ ਵਿਚਾਰਧਾਰਾ ਨਾਲ ਬਣਾਈ ਹੈ, ਜਿਸ ਦਾ ਸੈਕੂਲਰ ਤੇ ਜਮਹੂਰੀ ਤਾਕਤਾਂ ਜ਼ੋਰਦਾਰ ਵਿਰੋਧ ਕਰਦੀਆਂ ਆ ਰਹੀਆਂ ਹਨ। ਕਰਨਾਟਕ ਸਰਕਾਰ ਦਾ ਫੈਸਲਾ ਇਨ੍ਹਾਂ ਤਾਕਤਾਂ ਨੂੰ ਯਕੀਨੀ ਤੌਰ 'ਤੇ ਤਾਕਤ ਬਖਸ਼ੇਗਾ।*

# ਮੋਦੀ ਜੀ, ਕਿਤੇ ਭੁੱਲ ਕੇ ਵੀ ਪ੍ਰੈੱਸ ਕਾਨਫਰੰਸ ਨਾ ਕਰ ਬੈਠਿਓ



**ਵਿਸ਼ਵਾ ਮਿੱਤਰ**

ਕਹਿੰਦੇ ਕਿ ਇੱਕ ਵਾਰ ਕਿਸੇ ਮੁੱਖ ਮੰਤਰੀ ਦੇ ਸਿਫਾਰਸ਼ੀ ਬੰਸਰੀ ਵਾਦਕ ਨੂੰ ਟੈਲੀਵਿਜ਼ਨ 'ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦਾ ਚਾਅ ਚੜ੍ਹਿਆ, ਪਰ ਉਸ ਨੂੰ ਧੁਨ ਤਾਂ ਕੋਈ ਕੱਢਣੀ ਆਉਂਦੀ ਨਹੀਂ ਸੀ। ਮੁੱਖ ਮੰਤਰੀ ਦਾ ਏਲਚੀ ਦੂਰਦਰਸਨ ਦੇ ਸੰਗੀਤ ਅਧਿਕਾਰੀ ਨੂੰ ਮਿਲਿਆ ਅਤੇ ਦੱਸਿਆ ਕਿ ਇਹ ਬੰਸਰੀ ਵਾਦਕ ਮੁੱਖ ਮੰਤਰੀ ਜੀ ਦਾ ਖਾਸ ਵਿਅਕਤੀ ਹੈ। ਜਦੋਂ ਅਧਿਕਾਰੀ ਨੇ ਟੈਸਟ ਲਿਆ ਤਾਂ ਬੰਸਰੀ ਵਿੱਚੋਂ ਕੇਵਲ ਤੂ-ਤੂ, ਸੂ-ਸੂ ਦੀ ਹੀ ਅਵਾਜ ਆਵੇ। ਅਧਿਕਾਰੀ ਨੇ ਨਾਂਹ ਕਰ ਦਿੱਤੀ। ਏਲਚੀ ਨੇ ਕਿਹਾ ਕਿ ਇਸ ਮੁੱਖ ਮੰਤਰੀ ਦੇ ਸਿਫਾਰਸ਼ੀ ਨੂੰ ਪ੍ਰੋਗਰਾਮ 'ਚ ਸਮਾਂ ਜ਼ਰੂਰ ਮਿਲਣਾ ਚਾਹੀਦਾ ਹੈ। ਅਧਿਕਾਰੀ ਨੇ ਕਾਫੀ ਦੇਰ ਸੋਚਣ ਤੋਂ ਬਾਅਦ ਕਿਹਾ, 'ਕਾਕਾ ਜੀ, ਤੁਸੀ ਸੰਗੀਤ ਪ੍ਰੋਗਰਾਮ ਵਿਚ ਬੈਠ ਜਾਣਾ, ਬੰਸਰੀ ਦੇ ਛੇਕਾਂ 'ਤੇ ਵੀ ਉਂਗਲੀਆਂ ਬਦਲ-ਬਦਲ ਕੇ ਰੱਖੀ ਜਾਣਾ, ਪਰ ਭੁੱਲ ਕੇ ਵੀ ਬੰਸਰੀ ਵਿਚ ਫੂਕ ਨਾ ਮਾਰ ਬੈਠਣਾ, ਇਸੇ ਤਰਾਂ ਆਰ ਐੱਸ ਐੱਸ ਨੇ ਵੀ ਲਗਦਾ ਹੈ ਕਿ ਮੋਦੀ ਜੀ ਨੂੰ ਕਿਹਾ ਹੈ ਕਿ ਤੁਸੀ ਸਾਡੇ ਸਨਮਾਨਤ ਮੈਂਬਰ ਹੋ, ਹਿੰਦੂ ਰਾਸ਼ਟਰ ਲਈ ਹਿੰਦੂਆਂ ਵਿਚ ਮੁਸਲਮਾਨਾਂ ਪ੍ਰਤੀ ਨਫਰਤ ਫੈਲਾਉਣ ਵਿੱਚ ਮਾਹਰ ਹੋ, ਘੱਟ -ਗਿਣਤੀਆਂ ਨੂੰ ਵੀ ਵਧੀਆ ਦਬਾਅ ਲੈਂਦੇ ਹੋ, ਇਸ ਲਈ ਅਸੀਂ ਤੁਹਾਡੇ ਨਾਂਅ ਦੀ ਪ੍ਰਧਾਨ ਮੰਤਰੀ ਵਾਸਤੇ ਸਿਫਾਰਿਸ਼ ਕਰਦੇ ਹਾਂ ਅਤੇ ਸਾਡੇ ਸਾਰੇ ਸਵੈ ਸੇਵਕ ਤੁਹਾਨੂੰ ਆਸਾਨੀ ਨਾਲ ਚੋਣ ਜਿਤਾ ਦੇਣਗੇ, ਤੁਸੀ ਅਸਲ ਮੁੱਦਿਆਂ ਤੋਂ ਜਨਤਾ ਨੂੰ ਭਟਕਾਉਣ ਲਈ ਜੋ ਮਰਜ਼ੀ ਬੋਲੀ ਜਾਓ, ਪਰ ਭੁੱਲ ਕੇ ਵੀ ਕੋਈ ਪ੍ਰੈੱਸ ਕਾਨਫਰੰਸ ਨਾ ਕਰ ਬੈਠਣਾ।

ਦੇਸ਼ ਭਰ ਦੀ ਜਨਤਾ ਅਤੇ ਪੱਤਰਕਾਰ ਉਡੀਕ ਰਹੇ ਹਨ ਕਿ ਬਹੁਤ ਅਹਿਮ ਮੁੱਦੇ ਹਨ, ਜਿਨ੍ਹਾਂ 'ਤੇ ਮੋਦੀ ਜੀ ਕਦੋਂ ਪ੍ਰੈੱਸ ਕਾਨਫਰੰਸ ਕਰਨਗੇ। ਸੱਤਾ ਦੇ ਸਿਖਰ 'ਤੇ ਪਹੁੰਚੇ ਹੋਏ ਨੂੰ ਦਸ ਸਾਲ ਹੋਣ ਵਾਲੇ ਹਨ, ਘਟੋ ਇੱਕ ਪ੍ਰੈੱਸ ਕਾਨਫਰੰਸ ਤਾਂ ਕਰ ਦੇਣ। ਤਾਜ਼ਾ ਮਸਲਾ ਮਨੀਪੁਰ ਵਿਚ ਹੋ ਰਹੇ ਜਾਤੀ ਦੰਗੇ ਹਨ, ਜਿਨ੍ਹਾਂ ਬਾਰੇ ਦੱਸਣ ਦੀ ਲੋੜ ਹੈ ਕਿ ਇਹਨਾਂ ਦੰਗਿਆਂ ਪਿੱਛੇ ਭਾਜਪਾ ਦਾ ਹੱਥ ਹੈ ਜਾਂ ਕਿਸੇ ਵਿਰੋਧੀ ਪਾਰਟੀ ਦਾ ਹੱਥ ਹੈ। ਪ੍ਰੈੱਸ ਦੀ ਅਜ਼ਾਦੀ ਤੁਸੀ ਖਤਮ ਕਰ ਦਿੱਤੀ ਹੈ। ਜੇਕਰ ਤੁਸੀ ਕੋਈ ਪ੍ਰੈੱਸ ਕਾਨਫਰੰਸ ਨਹੀਂ ਕਰਨੀ ਤਾਂ ਪੱਤਰਕਾਰਾਂ ਨੂੰ ਤਾਂ ਅਜ਼ਾਦੀ ਨਾਲ ਕੰਮ ਕਰਨ ਦਿਓ, ਤਾਂ ਕਿ ਲੋਕਾਂ ਨੂੰ ਦੇਸ਼ ਅਤੇ ਦੁਨੀਆ ਬਾਰੇ ਕੋਈ ਜਾਣਕਾਰੀ ਮਿਲ ਸਕੇ, ਪਰ ਜਿਹੜਾ ਵੀ ਪੱਤਰਕਾਰ ਤੁਹਾਡੀ ਸਰਕਾਰ ਦੀਆਂ ਨੀਤੀਆਂ 'ਤੇ ਕਿੰਤੂ ਪ੍ਰੰਤੂ ਕਰਦਾ ਹੈ, ਉਸ ਨੂੰ ਤੁਸੀ ਜਾਂ ਤਾਂ ਨੌਕਰੀਓਂ ਕਢਵਾ ਦੇਂਦੇ ਹੋ ਜਾਂ ਜੇਲ੍ਹ ਵਿਚ ਬੰਦ ਕਰ ਦੇਂਦੇ ਹੋ। ਫੋਕੇ ਵਿਕਾਸ ਅਤੇ ਵਿਰੋਧੀ ਪਾਰਟੀਆਂ ਬਾਰੇ ਬੜੇ ਲੰਮੇ-ਲੰਮੇ ਭਾਸ਼ਣ ਦਿੰਦੇ ਹੋ, ਪਰ ਅੰਤਰ-ਰਾਸ਼ਟਰੀ ਪਹਿਲਵਾਨ, ਜਿਹੜੀਆਂ ਕਿ ਦੇਸ਼ ਦੀਆਂ ਬੇਟੀਆਂ ਹਨ ਉਹਨਾਂ ਬਾਰੇ ਤੁਸੀ ਇੱਕ ਵੀ ਸ਼ਬਦ ਨਹੀਂ ਕਿਹਾ।

ਮੋਦੀ ਜੀ, ਤੁਸੀ ਕਈ ਵਾਰ ਕਿਹਾ ਹੈ ਕਿ ਭਾਰਤ ਦੀ ਜੀ. ਡੀ. ਪੀ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੈ, ਪਰ ਇਹ ਗੱਲ ਤਾਂ ਸਮਝਾ ਦਿਓ ਕਿ ਦੇਸ਼ ਵਿੱਚ ਬੇਰੁਜ਼ਗਾਰੀ ਪੈਦਾ ਕਰਕੇ ਜੀ. ਡੀ. ਪੀ ਕਿਵੇਂ ਵਧ ਜਾਂਦੀ ਹੈ। ਬੀਤੇ ਛੇ ਸੱਤ ਸਾਲਾਂ ਵਿਚ ਮੈਨੂਫੈਕਚਰਿੰਗ ਰੁਜ਼ਗਾਰਾਂ ਦੀ ਗਿਣਤੀ ਲਗਪਗ 5.1 ਕਰੋੜ ਤੋਂ ਘਟ ਕੇ 2.7 ਕਰੋੜ ਰਹਿ ਗਈ ਹੈ। ਭਵਨ ਨਿਰਮਾਣ ਦੇ ਖੇਤਰ 'ਚ ਇਹ ਲਗਪਗ 6.8 ਕਰੋੜ ਤੋਂ ਘਟ ਕੇ 5.2 ਕਰੋੜ ਰਹਿ ਗਈ ਹੈ। ਸਾਡੇ ਤੋਂ ਹੇਠਾਂ ਜਾਂ ਸਾਡੇ ਤੋਂ ਬੁਰਾ ਹਾਲ ਕੇਵਲ 14 ਦੇਸ਼ਾਂ ਦਾ ਹੈ। ਖੁਸ਼ੀ ਸੂਚਕ ਅੰਕ ਵਿਚ ਵੀ 146 ਦੇਸ਼ਾਂ ਵਿਚੋਂ ਭਾਰਤ 136ਵੇਂ ਸਥਾਨ 'ਤੇ ਹੈ, ਜਦਕਿ ਪਿਛਲੀਆਂ ਕਈ ਸਦੀਆਂ ਤੋਂ ਯੁੱਧਾਂ ਵਿਚ ਫਸੇ ਦੇਸ ਅਫਗਾਨਿਸਤਾਨ ਨੂੰ ਛੱਡ ਕੇ ਬਾਕੀ ਸਾਰੇ ਸਾਡੇ ਤੋਂ ਚੰਗੇ ਖੁਸ਼ੀ ਸੂਚਕ ਅੰਕ ਤੇ ਹਨ। ਲਗਦੇ ਹੱਥ ਇਹ ਵੀ ਦੱਸ ਦਿਓ ਕਿ ਜੀ. ਡੀ. ਪੀ ਵਧ ਗਈ ਤਾਂ ਭਾਰਤ ਸਿਰ ਤੁਹਾਡੇ ਕਾਰਜ ਕਾਲ ਵਿਚ ਕਰਜ਼ਾ 55 ਲੱਖ ਕਰੋੜ ਤੋਂ ਵਧ ਕੇ 155 ਕਰੋੜ ਲੱਖ ਕਿਵੇਂ ਹੋ ਗਿਆ। ਕੀ ਇਵੇਂ ਪੰਜ ਟਰੀਲੀਅਨ ਡਾਲਰ ਦੀ ਅਰਥ ਵਿਵਸਥਾ ਬਣ ਰਹੀ ਹੈ ?

ਤੁਸੀ ਵਾਰ-ਵਾਰ ਕਹਿੰਦੇ ਹੋ ਕਿ ਭਾਰਤ ਵਿਸ਼ਵ ਗੁਰੂ ਬਣ ਰਿਹਾ ਹੈ। ਦੇਸ਼ ਭਰ ਦੀਆਂ ਯੂਨੀਵਸਿਟੀਆਂ ਅਤੇ ਕਾਲਜਾਂ ਵਿੱਚ 60% ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਰਿਸਰਚ ਲੈਬਜ਼ ਵਿਚ ਐਨੇ ਹੀ ਵਿਗਿਆਨਕਾਂ ਦੀ ਘਾਟ ਹੈ ਤਾਂ ਭਾਰਤ ਵਿਸ਼ਵ ਗੁਰੂ ਕਿਵੇਂ ਬਣ ਰਿਹਾ ਹੈ। ਤੁਹਾਨੂੰ ਵਿਗਿਆਨ ਬਾਰੇ ਤਾਂ ਜਾਣਕਾਰੀ ਹੈ ਨਹੀਂ, ਪਰ ਤੁਸੀਂ ਅਤੇ ਸਾਰੀ ਭਾਜਪਾ ਗੈਰ-ਵਿਗਿਆਨਕ ਤੱਥ ਪੇਸ਼ ਕਰਕੇ ਜਨਤਾ ਨੂੰ ਦੋ-ਢਾਈ ਹਜ਼ਾਰ ਸਾਲ ਪਿੱਛੇ ਜਾਣਬੁੱਝ ਕੇ ਲਿਜਾ ਰਹੇ ਹੋ। ਜਿਹੜੀ ਥੋੜ੍ਹੀ ਬਹੁਤ ਕਸਰ ਰਹਿ ਗਈ ਸੀ, ਉਹ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਵਿੱਚੋਂ ਵਿਗਿਆਨ ਦਾ ਅਹਿਮ ਭਾਗ ਡਾਰਵਿਨ ਅਤੇ ਉਸ ਦਾ ਸਿਧਾਂਤ ਹਟਵਾ ਦਿੱਤਾ ਹੈ। ਤੁਹਾਡੀ ਛਤਰਛਾਇਆ ਹੇਠ ਐੱਨ ਸੀ ਈ ਆਰ ਟੀ ਨੇ ਇਤਿਹਾਸ ਨੂੰ ਲੂਲਾ-ਲੰਗੜਾ ਬਣਾਉਣ ਲਈ ਮੁਗਲ ਕਾਲ , ਸਾਰੇ ਨਰਮ ਦਲ ਅਤੇ ਗਰਮ ਦਲ ਦੇ ਅਜ਼ਾਦੀ ਘੁਲਾਟੀਏ, ਸਮੇਤ ਸ਼ਹੀਦ ਹੋਏ ਕ੍ਰਾਂਤੀਕਾਰੀ ਕੱਢ ਦਿੱਤੇ ਹਨ। ਤੁਸੀ ਭਾਵੇਂ ਮੰਨੋ ਭਾਵੇਂ ਨਾ ਮੰਨੋ, ਪਰ ਤੁਹਾਡਾ ਅਖੌਤੀ ਸਾਧ ਲਾਣਾ ਸ਼ਰੇਆਮ ਐਲਾਨ ਕਰ ਰਿਹਾ ਹੈ ਕਿ ਅਸੀਂ ਇਹ ਸੰਵਿਧਾਨ ਖਤਮ ਕਰਕੇ ਇਸ ਦੀ ਥਾਂ ਮਨੂ ਸਮ੍ਰਿਤੀ ਲਾਗੂ ਕਰਨੀ ਹੈ।

ਤੁਸੀ 2016 ਵਿਚ ਨੋਟਬੰਦੀ ਇਹ ਕਹਿ ਕੇ ਕੀਤੀ ਸੀ ਕਿ ਇਸ ਨਾਲ ਕਾਲਾ ਧਨ ਬਾਹਰ ਆਵੇਗਾ, ਆਤੰਕੀਆਂ ਕੋਲ ਧਨ ਨਹੀਂ ਪਹੁੰਚ ਸਕੇਗਾ, ਇਸ ਲਈ ਤੁਸੀ 500 ਅਤੇ 1000 ਦੇ ਨੋਟ ਬੈਂਕਾਂ ਵਿਚ ਜਮਾਂ ਕਰਵਾ ਕੇ ਛੋਟੇ ਨੋਟ ਲੈਣ ਨੂੰ ਕਿਹਾ। ਲੰਮੀਆਂ ਲਾਈਨਾਂ ਲੱਗ ਗਈਆਂ, ਆਮ ਲੋਕਾਂ ਨੇ ਅਤੇ ਬੈਂਕ ਕਰਮਚਾਰੀਆਂ ਨੇ ਕਾਫੀ ਤਕਲੀਫ ਸਹਿ ਕੇ ਤੁਹਾਡੀ ਇੱਛਾ 'ਤੇ ਫੁੱਲ ਚੜ੍ਹਾਏ, ਕਈ ਮੌਤਾਂ ਵੀ ਹੋ ਗਈਆਂ। ਕਈ ਬੇਰੁਜਗਾਰ ਹੋ ਗਏ, ਵਪਾਰ ਘਾਟੇ ਵਿੱਚ ਚਲਾ ਗਿਆ ਅਤੇ ਜੀ. ਡੀ.ਪੀ ਪਿਛਾਂਹ ਨੂੰ ਤੁਰ ਪਈ। ਹਜ਼ਾਰ ਦੇ ਨੋਟਾਂ ਨਾਲ ਬਲੈਕ ਮਾਰਕੀਟ ਹੁੰਦੀ ਸੀ, ਪਰ ਨਾ ਤਾਂ ਕਾਲਾ ਧਨ ਬਾਹਰ ਆਇਆ ਅਤੇ ਨਾ ਹੀ ਧਨ ਆਤੰਕੀਆਂ ਕੋਲ ਪੁੱਜਣ ਤੋਂ ਰੁਕਿਆ। ਪਤਾ ਨਹੀਂ ਤੁਸੀ ਕਿਉਂ ਦੋ ਹਜ਼ਾਰ ਦੇ ਨੋਟ ਚਾਲੂ ਕਰ ਦਿੱਤੇ। ਸ਼ਾਇਦ ਤੁਹਾਡੀ ਯੋਜਨਾਬੰਦੀ ਹੀ ਗਲਤ ਸੀ, ਤੁਹਾਨੂੰ ਜਾਂ ਤੁਹਾਡੇ ਸਲਾਹਕਾਰਾਂ ਨੂੰ ਪਤਾ ਹੀ ਨਹੀਂ ਸੀ ਕਿ ਜਨਤਾ ਦੇ ਹੜ੍ਹ ਨੂੰ ਦਿੱਤੇ ਗਏ ਸਮੇਂ ਵਿਚ ਸੌ ਜਾਂ ਇਸ ਤੋਂ ਘੱਟ ਮੁੱਲ ਵਾਲੇ ਨੋਟ ਨਹੀਂ ਦਿੱਤੇ ਜਾ ਸਕਦੇ ਇਸ ਲਈ 2000 ਹਜਾਰ ਦੇ ਨੋਟ ਚਾਲੂ ਕਰ ਦਿੱਤੇ। ਹੁਣ ਤੁਸੀ ਕਿਹਾ ਹੈ ਕਿ 2000 ਦੇ ਨੋਟ ਕਾਲੇ ਧਨ ਵਿਚ ਬਦਲ ਗਏ ਹਨ, ਇਸ ਕਾਲੇ ਧਨ ਨੂੰ ਬਾਹਰ ਕਢਵਾਉਣ ਲਈ ਜਿਸ ਕੋਲ ਵੀ 2000 ਦੇ ਨੋਟ ਹਨ ਜਮ੍ਹਾਂ ਕਰਵਾਓ। ਜਮਾਂ ਕਰਵਾਉਣ ਵਾਲੇ ਨੇ ਕੋਈ ਫਾਰਮ ਨਹੀਂ ਭਰਨਾ, ਉਸ ਦੇ ਖਾਤੇ,ਪੈਨ ਕਾਰਡ ਜਾਂ ਅਧਾਰ ਕਾਰਡ ਦੀ ਵੀ ਲੋੜ ਨਹੀਂ। ਇਸ ਨਾਲ ਕਾਲਾ ਧਨ ਬਾਹਰ ਆਵੇਗਾ ਜਾਂ ਇਹ ਚਿੱਟੇ ਧਨ ਵਿਚ ਤਬਦੀਲ ਹੋਵੇਗਾ ?

ਕਿਸਾਨਾਂ ਦੇ ਲੰਮੇ ਅਤੇ ਕੁਰਬਾਨੀਆਂ ਭਰੇ ਅੰਦੋਲਨ ਨੂੰ ਤੁਸੀਂ ਇਸ ਵਾਇਦੇ ਨਾਲ ਮੁਲਤਵੀ ਕਰਵਾਇਆ ਕਿ ਐੱਮ ਐੱਸ ਪੀ ਦੇ ਦਿੱਤੀ ਜਾਵੇਗੀ, ਪਰ ਅਜੇ ਤੱਕ ਐੱਮ ਐੱਸ ਪੀ ਦਿੱਤੀ ਨਹੀਂ। ਸਵਿਟਜ਼ਰਲੈਂਡ ਤੋਂ ਤੋਂ ਕਾਲਾ ਧਨ ਵਾਪਸ ਲਿਆ ਕੇ ਪਬਲਿਕ ਨੂੰ ਗੱਫੇ ਲਵਾਉਣ ਦਾ ਤੁਹਾਡਾ ਵਾਅਦਾ ਤਾਂ ਅਮਿਤ ਸ਼ਾਹ ਨੇ ਜੁਮਲਾ ਕਹਿ ਦਿੱਤਾ, ਪਰ ਗੱਲ ਇਥੇ ਹੀ ਨਹੀਂ ਰੁਕੀ, ਹੁਣ ਤਾਂ ਹੋਰ ਵੀ ਜ਼ਿਆਦਾ ਧਨ ਸਵਿਟਜ਼ਰਲੈਂਡ ਜਾ ਚੁੱਕਿਆ ਹੈ। ਮੀਡੀਆ ਤੁਸੀ ਸਾਰਾ ਆਪਣੇ ਕਬਜ਼ੇ ਵਿਚ ਕਰ ਲਿਆ, ਸੰਵਿਧਾਨਿਕ ਸੰਸਥਾਵਾਂ ਵੀ ਤੁਹਾਡੇ ਕਬਜ਼ੇ ਵਿਚ ਹਨ, ਕੋਰਟਾਂ ਨੂੰ ਕਬਜ਼ੇ ਵਿਚ ਲੈਣ ਨੂੰ ਤੁਸੀ ਤਰਲੋਮੱਛੀ ਹੋ ਰਹੇ ਹੋ। ਇਜ਼ਰਾਈਲ ਤੋਂ ਪੈਗਾਸਸ ਖਰੀਦ ਕੇ ਤੁਸੀ ਆਪਣੇ ਵਿਰੋਧੀਆਂ ਦੀ ਜਾਸੂਸੀ ਕੀਤੀ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਦੇ ਲੈਪਟਾਪ ਵਿਚ ਤੁਸੀ ਜਾਣਬੁੱਝ ਕੇ ਦੇਸ਼ ਵਿਰੋਧੀ ਲੇਖ ਪਾਏ ਤਾਂ ਕਿ ਕੈਦ ਦਾ ਸਮਾਂ ਵਧਾਇਆ ਜਾ ਸਕੇ। ਕੀ ਤੁਹਾਡੇ ਅਨੁਸਾਰ ਇਹੋ ਕੁਝ ਲੋਕਤੰਤਰ ਹੈ ? ਸੰਵਿਧਾਨ ਦੀ ਧਾਰਾ 370 ਖਤਮ ਕਰਨ ਤੋਂ ਬਾਅਦ ਕਸ਼ਮੀਰ ਦੀ ਹਾਲਤ ਚਿੰਤਾਜਨਕ ਚੁੱਕੀ ਹੈ, ਸਾਡੇ ਫੌਜੀ ਜ਼ਿਆਦਾ ਸ਼ਹੀਦ ਹੋ ਰਹੇ ਹਨ, ਪਰ ਤੁਸੀ ਕਹਿ ਰਹੇ ਹੋ ਕਿ ਹਾਲਾਤ ਪਹਿਲਾਂ ਤੋਂ ਸੁਧਰ ਗਏ ਹਨ। ਗੁਆਂਡੀ ਦੇਸ਼ਾਂ ਨਾਲ ਹਾਲਾਤ ਵਿਗੜੇ ਹਨ, ਨੇਪਾਲ ਅਤੇ ਸ੍ਰੀਲੰਕਾ ਚੀਨ ਦੇ ਨੇੜੇ ਹੋ ਗਏ ਹਨ। ਵਾਇਦੇ ਅਨੁਸਾਰ ਗੰਗਾ ਦੀ ਸਫਾਈ ਵੀ ਨਹੀਂ ਹੋਈ। ਖਾੜੀ ਦੇਸ਼ਾਂ ਵਿਚੋਂ ਜਦੋਂ 2013 ਵਿਚ ਕੱਚਾ ਤੇਲ ਬਹੁਤ ਮਹਿੰਗਾ ਆਉਣ ਕਾਰਨ ਕਾਂਗਰਸ ਸਰਕਾਰ ਨੇ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਧਾਈਆਂ ਤਾਂ ਤੁਸੀ ਕਿਹਾ ਕਿਹਾ ਕਿ ਯੂ ਪੀ ਏ ਸਰਕਾਰ ਫੇਲ੍ਹ ਹੈ। ਹੁਣ ਜਦ ਉਸ ਵੇਲੇ ਨਾਲੋਂ ਅੱਧੀ ਕੀਮਤ 'ਤੇ ਕੱਚਾ ਤੇਲ ਮਿਲ ਰਿਹਾ ਹੈ ਤਾਂ ਪੈਟਰੋਲ, ਡੀਜ਼ਲ ਦੀਆਂ ਕੀਮਤਾਂ 2013 ਤੋਂ ਵੀ ਵੱਧ ਕਿਉਂ ਹਨ। ਤੁਹਾਡੇ ਰਾਜ ਵਿਚ ਗੈਸ ਸਿਲੰਡਰਾਂ ਦੀ ਕੀਮਤ 2013 ਦੀ ਕੀਮਤ ਤੋਂ ਤਿੰਨ ਗੁਣਾਂ ਹੋ ਗਈ ਹੈ। ਤੁਸੀ ਕਹਿੰਦੇ ਹੋ ਕਿ ਪੈਟਰੋਲ, ਡੀਜਲ ਅਤੇ ਗੈਸ ਸਰਕਾਰ ਦੇ ਹੱਥ ਨਹੀਂ ਬਲਕਿ ਓ ਐੱਨ ਜੀ ਸੀ ਦੇ ਹੱਥ ਹੈ ਪਰ ਇੱਕ ਗਲ ਸਮਝ ਨਹੀਂ ਆਉਂਦੀ ਕਿ ਚੋਣਾਂ ਨੇੜੇ ਓ ਐਨ ਜੀ ਸੀ ਜ਼ਿਆਦਾ ਦਿਆਲੂ ਅਤੇ ਚੋਣਾਂ ਤੋਂ ਬਾਅਦ ਫੇਰ ਕਰੂਰ ਕਿਵੇਂ ਹੋ ਜਾਂਦਾ ਹੈ। ਰਫੇਲ ਜਹਾਜ਼ ਤੁਸੀ ਯੂ ਪੀ ਏ ਤੋਂ ਵੀ ਤਿੰਨ ਗੁਣਾਂ ਵੱਧ ਕੀਮਤ 'ਤੇ ਖਰੀਦੇ, ਵਿਚੋਲਾ ਉਸ ਨੂੰ ਬਣਾਇਆ, ਜਿਸ ਨੂੰ ਬੱਚਿਆਂ ਦੇ ਖਿਡੌਣਾ ਜਹਾਜ਼ ਬਣਾਉਣ ਦਾ ਵੀ ਤਜਰਬਾ ਨਹੀਂ ਅਤੇ ਸਭ ਤੋਂ ਵੱਧ ਇਹ ਕਿ ਤੁਸੀਂ ਸੌਦਾ ਕਰਨ ਤੋਂ ਪਹਿਲਾਂ ਆਡਿਟ ਦੀ ਮੱਦ ਹੀ ਹਟਾ ਦਿੱਤੀ, ਤਾਂ ਕਿ ਭ੍ਰਿਸਟਾਚਾਰ ਹੀ ਨਾ ਪਕੜਿਆ ਜਾ ਸਕੇ।

ਮੋਦੀ ਜੀ, ਤੁਹਾਡੇ ਭਾਸ਼ਣਾ ਤੋਂ ਸਪੱਸ਼ਟ ਹੁੰਦਾ ਹੈ ਕਿ ਤੁਹਾਨੂੰ ਨਾ ਇਤਿਹਾਸ ਦੀ ਜਾਣਕਾਰੀ ਹੈ ਅਤੇ ਨਾ ਅੰਕੜਿਆਂ ਦੀ ਜਾਣਕਾਰੀ ਹੈ। ਤੁਸੀਂ ਕਿਹਾ ਸੀ ਕਿ ਸ਼ਹੀਦ ਭਗਤ ਸਿੰਘ ਨੂੰ ਅੰਡੇਮਾਨ ਦੀ ਜੇਲ ਵਿਚ ਰੱਖਿਆ ਗਿਆ, ਜਦਕਿ ਉਹਨਾਂ ਨੂੰ ਮੀਆਂਵਾਲੀ ਜੇਲ੍ਹ ਵਿਚ ਰੱਖਿਆ ਗਿਆ ਸੀ। ਤੁਸੀ ਆਰ ਐਸ ਐਸ ਦੇ ਕਾਰਕੁਨ ਸ਼ਿਆਮਾ ਪ੍ਰਸਾਦ ਮੁਖਰਜੀ, ਜਿਹੜੇ ਕਿ ਕਸ਼ਮੀਰ ਵਿਚ ਮਾਰੇ ਗਏ ਸਨ, ਬਾਰੇ ਕਿਹਾ ਕਿ ਉਹਨਾ ਦੀਆਂ ਅਸਥੀਆਂ ਅਸੀ ਸਵਿਟਜ਼ਰਲੈਂਡ ਤੋਂ ਲਿਆਵਾਂਗੇ। ਜਦੋਂ ਭਾਰਤ ਦੀ ਜਨਸੰਖਿਆ 130 ਕਰੋੜ ਤੋਂ ਵੀ ਘਟ ਸੀ, ਉਦੋਂ ਤੁਸੀਂ ਕਿਹਾ ਕਿ ਸਾਨੂੰ 600 ਕਰੋੜ ਲੋਕਾਂ ਨੇ ਵੋਟ ਦਿੱਤੀ। ਇਸ ਤੋਂ ਬਾਅਦ ਤੁਸੀਂ ਕਿਹਾ ਕਿ ਸਾਡੀ ਸਰਕਾਰ ਨੇ 200 ਕਰੋੜ ਲੋਕਾਂ ਨੂੰ ਮੁਫਤ ਕੋਰੋਨਾ ਦੇ ਟੀਕੇ ਲਗਾਏ। ਜੇਕਰ ਤੁਹਾਡੇ ਕੋਲੋਂ ਜੋਸ਼ ਵਿੱਚ ਆ ਕੇ ਗਲਤ ਇਤਿਹਾਸ ਅਤੇ ਗਲਤ ਅੰਕੜੇ ਬੋਲੇ ਜਾਂਦੇ ਹਨ ਤਾਂ ਤੁਹਾਨੂੰ ਮਾਫੀ ਮੰਗਦੇ ਹੋਏ ਕਹਿਣਾ ਚਾਹੀਦਾ ਹੈ ਕਿ ਮੈਂ ਗਲਤ ਬੋਲ ਗਿਆ। ਓਹੋ, ਮੈਂ ਤਾਂ ਭੁੱਲ ਗਿਆ ਕਿ ਤੁਹਾਨੂੰ ਤਾਂ ਆਰ ਐੱਸ ਐੱਸ ਵੱਲੋਂ ਹਦਾਇਤ ਹੋਈ ਹੈ ਕਿ ਕਦੇ ਵੀ ਪ੍ਰੈੱਸ ਕਾਨਫਰੰਸ ਨਹੀਂ ਕਰਨੀ। ਗਲਤੀ ਵੀ ਤੁਸੀਂ ਮਨ ਕੀ ਅਵਾਜ਼ ਵਿਚ ਮੰਨ ਨਹੀਂ ਸਕਦੇ ਅਤੇ ਪ੍ਰੈੱਸ ਕਾਨਫਰੰਸ ਤਾਂ ਕਰਨੀ ਹੀ ਨਹੀਂ, ਜਿੱਥੇ ਗਲਤੀ ਮੰਨੀ ਜਾਵੇ।

*# ਵਟਸ ਐਪ ਨੰ: 94176-32228*

# ਮਹਿਲਾ ਪਹਿਲਵਾਨਾਂ ਦਾ ਸ਼ੋਸ਼ਣ ਅਤੇ ਭਾਰਤੀ ਜਨਤਾ ਪਾਰਟੀ



**ਕੁਲਦੀਪ ਸਿੰਘ, ਐਡਵੋਕੇਟ**

ਪਿਛਲੇ ਦਿਨਾਂ ਵਿੱਚ ਭਾਰਤ ਦੀਆਂ ਨਾਮੀ, ਕੌਮੀ ਅਤੇ ਕੌਮਾਂਤਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਦੇ ਸ਼ੋਸ਼ਣ ਦਾ ਮਸਲਾ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਮਹਿਲਾ ਪਹਿਲਵਾਨਾਂ ਅਤੇ ਉਹਨਾ ਨਾਲ ਹਮਦਰਦੀ ਰੱਖਣ ਵਾਲੀਆਂ ਸੰਸਥਾਵਾਂ ਵੱਲੋਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਜੰਤਰ ਮੰਤਰ ਉੱਪਰ ਲਗਾਤਾਰ ਰੋਸ ਧਰਨੇ ਨੇ ਕੌਮਾਂਤਰੀ ਪੱਧਰ ਉੱਪਰ ਸਮੁੱਚੇ ਖੇਡ ਜਗਤ ਅਤੇ ਲੋਕਾਂ ਦਾ ਧਿਆਨ ਖਿੱਚਿਆ ਹੈ। ਮਹਿਲਾ ਪਹਿਲਵਾਨਾਂ ਵੱਲੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਰਾਮ ਸ਼ਰਨ ਜੋ ਭਾਰਤੀ ਜਨਤਾ ਪਾਰਟੀ ਨਾਲ ਸੰਬੰਧਤ ਅਤੇ ਪਾਰਲੀਮੈਂਟ ਦਾ ਮੈਂਬਰ ਵੀ ਹੈ, ਵਿਰੁੱਧ ਸਰੀਰਕ ਸ਼ੋਸ਼ਣ ਦੇ ਗੰਭੀਰ ਦੋਸ਼ ਲਗਾਏ ਹਨ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿੱਪ ਸਮੇਤ ਪ੍ਰਧਾਨ ਮੰਤਰੀ ਜੋ ਅਕਸਰ ਆਪਣੇ ਮਨ ਕੀ ਬਾਤ ਕਰਦਾ ਰਹਿੰਦਾ ਹੈ, ਵੱਲੋਂ ਖਾਮੋਸ਼ੀ ਅਤੇ ਕਠੋਰਤਾ ਇਹਨਾ ਦੇ ਹੱਠਧਰਮੀ ਤੇ ਘੁਮੰਡੀ ਵਤੀਰੇ ਦਾ ਪ੍ਰਗਟਾਵਾ ਕਰਦੀ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਆਗੂ ਭਾਰਤ ਦੀ ਪੁਰਾਣੀ ਸੱਭਿਅਤਾ ਅਤੇ ਸੱਭਿਆਚਾਰ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਦਾ ਮਾਣ ਹਾਸਲ ਕਰਕੇ ਬਹੁ-ਗਿਣਤੀ ਫਿਰਕੇ ਦੇ ਲੋਕਾਂ ਦੀਆਂ ਵੋਟਾ ਨਾਲ ਰਾਜ ਸੱਤਾ ਵਿੱਚ ਆਈ ਹੈ। ਦੂਜੇ ਸ਼ਬਦਾਂ ਵਿੱਚ ਪੁਰਾਣੇ ਸਮੇਂ ਵਿੱਚ ਇਤਿਹਾਸ ਤੋਂ ਵੀ ਪਹਿਲਾਂ ਰਾਮ ਸੀਤਾ ਦੀ ਪੂਜਾ ਕਰਨ ਵਾਲੀ ਪਾਰਟੀ ਅਤੇ ਰਾਵਣ ਨੂੰ ਦੋਸ਼ੀਆਂ ਦੇ ਕਟਹਿਰੇ ਵਿੱਚ ਖੜਾ ਕਰਕੇ ਉਸ ਦੇ ਪੁਤਲੇ ਸਾੜਨ ਦੀਆ ਰਵਾਇਤਾਂ ਨੂੰ ਬੜ੍ਹਾਵਾ ਦੇਣ ਵਾਲੀ ਪਾਰਟੀ ਹੈ। ਰਾਵਣ ਉੱਤੇ ਵੀ ਇਤਿਹਾਸਕ ਤੌਰ 'ਤੇ ਏਨਾ ਵੱਡਾ ਗੰਭੀਰ ਦੋਸ਼ ਨਹੀਂ ਲੱਗਿਆ ਸੀ, ਜੋ ਭਾਰਤੀ ਫੈਡਰੇਸ਼ਨ ਦੇ ਪ੍ਰਧਾਨ ਉੱਤੇ ਉਹਨਾ ਮਹਿਲਾ ਪਹਿਲਵਾਨਾਂ ਨੇ ਲਗਾਏ ਹਨ, ਜਿਨ੍ਹਾਂ ਨੇ ਦੇਸ਼ ਲਈ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਸੰਸਾਰ ਵਿੱਚ ਰੋਸ਼ਨ ਕੀਤਾ ਹੈ। ਅਫਸੋਸ ਅਤੇ ਦੁੱਖ ਦੀ ਗੱਲ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿੱਪ ਅੱਜ ਦੇ ਮੌਜੂਦਾ ਦੌਰ ਵਿੱਚ ਉਹਨਾ ਸੀਤਾ ਵਰਗੀਆਂ ਧੀਆਂ ਮਹਿਲਾ ਪਹਿਲਵਾਨਾਂ ਦੇ ਵਿਰੋਧ ਵਿੱਚ ਖੜ ਕੇ ਇੱਕ ਰਾਵਣਰੂਪੀ (ਬ੍ਰਿਜ਼ਭੂਸ਼ਣ ਰਾਮ ਸ਼ਰਨ) ਜਿਸ ਦੇ ਨਾਂਅ ਵਿੱਚ ਰਾਮ ਦਾ ਨਾਂਅ ਵੀ ਆਉਂਦਾ ਹੈ, ਦੀ ਪਿੱਠ ਪੂਰ ਰਹੀ ਹੈ ਅਤੇ ਸਰਕਾਰ ਹਰ ਹੀਲਾ-ਵਸੀਲਾ ਵਰਤ ਕੇ ਉਸ ਦੇ ਕੇਸ ਅਤੇ ਦੋਸ਼ਾਂ ਨੂੰ ਖੁਰਦ-ਬੁਰਦ ਕਰਨ ਦਾ ਯਤਨ ਕਰ ਰਹੀ ਹੈ। ਚਲਦੀ ਪੜਤਾਲ ਦੌਰਾਨ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਨੂੰ ਆਪਣੇ ਆਪ ਅਸਤੀਫਾ ਦੇ ਦੇਣਾ ਚਾਹੀਦਾ ਸੀ ਤਾਂ ਕਿ ਜਾਂਚ ਅਤੇ ਪੜਤਾਲ ਨਿਰਪੱਖ ਤਰੀਕੇ ਨਾਲ ਹੋ ਸਕੇ ਅਤੇ ਕਿਸੇ ਕਿਸਮ ਦਾ ਸਰਕਾਰੀ ਜਾਂ ਗੈਰ ਸਰਕਾਰੀ ਦਬਾਅ ਅਸਰ ਨਾ ਪਾ ਸਕੇ। ਦੂਜਾ ਇਸ ਮੁੱਦੇ ਨੂੰ ਆਪਣੇ ਵਕਾਰ ਦਾ ਮੁੱਦਾ ਨਾ ਬਣਾ ਕੇ ਇਹਨਾ ਮਹਿਲਾ ਪਹਿਲਵਾਨਾਂ ਨੂੰ ਸਰਕਾਰ ਵੱਲੋਂ ਪੂਰਾ ਇਨਸਾਫ ਦਿਵਾਇਆ ਜਾਵੇ। ਇਸ ਸੰਬੰਧ ਵਿੱਚ ਜਿੰਨਾ ਵੀ ਕੋਈ ਦੋਸ਼ੀ ਹੈ, ਭਾਵੇਂ ਉਹ ਕਿੰਨੇ ਵੱਡੇ ਰੁਤਬੇ 'ਤੇ ਹੋਵੇ, ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਇੱਥੇ ਇਹ ਵੀ ਨੋਟ ਕੀਤਾ ਜਾਂਦਾ ਹੈ ਕਿ ਜਿਸ ਤਰ੍ਹਾਂ ਧਰਨੇ ਤੋਂ ਉਠਾਉਣ ਵੇਲੇ ਪੁਲਸ ਅਧਿਕਾਰੀਆਂ ਵੱਲੋਂ ਤਰੀਕਾ ਅਪਨਾਇਆ ਗਿਆ ਹੈ ਅਤੇ ਇਹਨਾਂ ਮਹਿਲਾ ਪਹਿਲਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਧਰਨੇ ਤੋਂ ਉਠਾਇਆ ਗਿਆ ਹੈ, ਉਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਬਜਾਏ ਇਹਨਾ ਮਹਿਲਾ ਪਹਿਲਵਾਨਾਂ 'ਤੇ ਕੇਸ ਦਰਜ ਹੋਣ ਦੀ ਬਜਾਏ, ਮਰਦ ਪੁਲਸ ਕਰਮਚਾਰੀਆਂ ਦੇ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ, ਕਿਉਂਕਿ ਧਰਨਾ ਉਠਾਉਣ ਸਮੇਂ ਜ਼ਿਆਦਾਤਰ ਮਰਦ ਪੁਲਸ ਅਧਿਕਾਰੀ ਹੀ ਸਨ, ਜਿਨ੍ਹਾ ਨੇ ਇਹ ਧੱਕਾ ਅਤੇ ਜਬਰ ਕੀਤਾ ਹੈ। ਆਖਿਰ ਵਿੱਚ ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਸਾਡਾ ਦੇਸ਼ ਅਤੇ ਸਮਾਜ ਤਾਂ ਪਹਿਲਾਂ ਹੀ ਔਰਤਾਂ ਦੇ ਸਬੰਧ ਵਿੱਚ ਇੱਕ ਪੱਛੜਿਆ ਹੋਇਆ ਦੇਸ਼ ਹੈ, ਜਿੱਥੇ ਮਰਦਾਂ ਦੇ ਮੁਕਾਬਲੇ ਔਰਤਾਂ 'ਤੇ ਵਧੇਰੇ ਪਾਬੰਦੀਆਂ ਹਨ ਅਤੇ ਘੱਟ ਅਜ਼ਾਦੀ ਹੈ ਅਤੇ ਇਸ ਤਰ੍ਹਾਂ ਔਰਤਾਂ ਪੱਖਪਾਤੀ ਵਤੀਰੇ ਦਾ ਸ਼ਿਕਾਰ ਹਨ। ਅਜਿਹੀਆਂ ਘਟਨਾਵਾਂ ਔਰਤਾਂ ਤੇ ਸਾਡੀਆਂ ਬੱਚੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਹੋਣ ਦੀ ਬਜਾਏ ਨਿਰਉਤਸ਼ਾਹਿਤ ਕਰਨਗੀਆਂ, ਜੋ ਸਮੁੱਚੇ ਦੇਸ਼ ਅਤੇ ਸਮਾਜ ਲਈ ਅੱਗੇ ਵਧਣ ਦੀ ਬਜਾਏ ਉਹਨਾ ਦੇ ਬੌਧਿਕ ਤੇ ਮਾਨਸਿਕ ਵਿਕਾਸ ਦੇ ਰਾਹ ਵਿੱਚ ਰੋੜਾ ਬਣਨਗੀਆਂ।

**# ਸੰਪਰਕ : 98552-53845**

# 21 ਜੂਨ ਉੱਤਰੀ ਅਰਧ ਗੋਲੇ 'ਚ ਸਭ ਤੋਂ ਲੰਮਾ ਦਿਨ ਕਿਉਂ ਹੁੰਦਾ ?

**ਲੈਕਚਰਾਰ ਲਲਿਤ ਗੁਪਤਾ**

21 ਜੂਨ ਨੂੰ ਦੇਸ਼ 'ਚ ਸਾਲ ਦਾ ਸਭ ਤੋਂ ਵੱਡਾ ਦਿਨ ਹੁੰਦਾ ਹੈ। 21 ਜੂਨ ਸਾਲ ਦਾ ਸਭ ਤੋਂ ਲੰਬਾ ਦਿਨ ਹੋਣ ਦੇ ਨਾਲ-ਨਾਲ ਸਾਲ ਦੀ ਸਭ ਤੋਂ ਛੋਟੀ ਰਾਤ ਵੀ ਹੁੰਦੀ ਹੈ। ਇਸ ਦਿਨ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਸਭ ਤੋਂ ਲੰਬੇ ਸਮੇਂ ਤੱਕ ਪੈਂਦੀਆਂ ਹਨ। ਸੂਰਜ ਦੀਆਂ ਕਿਰਨਾਂ ਲੱਗਭੱਗ 15 ਤੋਂ 16 ਘੰਟੇ ਤੱਕ ਧਰਤੀ 'ਤੇ ਰਹਿੰਦੀਆਂ ਹਨ। ਇਸੇ ਕਰਕੇ ਇਸ ਦਿਨ ਨੂੰ ਸਾਲ ਦਾ ਸਭ ਤੋਂ ਵੱਡਾ ਦਿਨ ਕਿਹਾ ਜਾਂਦਾ ਹੈ। ਇਸ ਨੂੰ ਸਮਰ ਸੋਲਸਟਾਈਸ ਵੀ ਕਿਹਾ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਸੂਰਜ ਟਿਕਿਆ ਹੋਇਆ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਅਜਿਹਾ ਕਿਉਂ ਹੁੰਦਾ ਹੈ ?

21 ਜੂਨ ਨੂੰ ਸਾਲ ਦਾ ਸਭ ਤੋਂ ਲੰਬਾ ਦਿਨ ਹੋਣ ਦਾ ਕਾਰਨ ਇਹ ਹੈ ਕਿ 21 ਜੂਨ ਨੂੰ ਸੂਰਜ ਧਰਤੀ ਦੇ ਉੱਤਰੀ ਧਰੁਵ ਯਾਨੀ ਉੱਤਰੀ ਗੋਲਾਰਧ 'ਤੇ ਹੁੰਦਾ ਹੈ, ਜਿਸ ਕਾਰਨ ਸੂਰਜ ਦੀ ਰੌਸ਼ਨੀ ਸਿੱਧੇ ਤੌਰ 'ਤੇ ਕਰਕ ਰੇਖਾ (ਟਰੋਪਿਕ ਆਫ ਕੈਂਸਰ) 'ਤੇ ਪੈਂਦੀ ਹੈ। ਇਸ ਦਿਨ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਬਾਕੀ ਦਿਨਾਂ ਦੇ ਮੁਕਾਬਲੇ ਜ਼ਿਆਦਾ ਸਮੇਂ ਤੱਕ ਰਹਿੰਦੀਆਂ ਹਨ। ਇਸ ਦਾ ਮਤਲਬ ਹੈ ਕਿ 21 ਜੂਨ ਨੂੰ ਸੂਰਜ ਦੇ ਚੱਕਰ ਲਗਾਉਂਦੇ ਸਮੇਂ ਧਰਤੀ ਅਜਿਹੀ ਸਥਿਤੀ ਵਿੱਚ ਆ ਜਾਂਦੀ ਹੈ, ਜਿੱਥੇ ਸੂਰਜ ਦੀ ਰੌਸ਼ਨੀ ਲੰਬੇ ਸਮੇਂ ਤੱਕ ਧਰਤੀ 'ਤੇ ਪੈਂਦੀ ਹੈ। ਅਸਲ 'ਚ ਧਰਤੀ ਸੂਰਜ ਦੇ ਦੁਆਲੇ ਲੰਬਕਾਰੀ ਤੌਰ 'ਤੇ ਨਹੀਂ ਘੁੰਮਦੀ ਹੈ, ਸਗੋਂ ਇਹ 23.5 ਡਿਗਰੀ ਅਕਸਾਂਸ 'ਤੇ ਝੁਕੀ ਹੋਈ ਹੈ ਅਤੇ ਇਸ ਅਵਸਥਾ ਵਿੱਚ ਇਹ ਸੂਰਜ ਦੁਆਲੇ ਘੁੰਮਦੀ ਹੈ। ਇਸ ਦੇ ਸੂਰਜ ਦੁਆਲੇ ਘੁੰਮਣ ਦੌਰਾਨ, ਧਰਤੀ ਦੇ ਉੱਤਰੀ ਅਤੇ ਦੱਖਣੀ ਗੋਲਾਰਧ ਸੂਰਜ ਦੇ ਸਾਹਮਣੇ ਆਉਂਦੇ ਹਨ। ਜੂਨ ਦੇ ਮਹੀਨੇ 'ਚ ਉੱਤਰੀ ਗੋਲਾਰਧ ਦਾ ਸਾਹਮਣਾ ਸੂਰਜ ਵੱਲ ਹੁੰਦਾ ਹੈ। ਇਸ ਕਾਰਨ ਇਹ ਦਿਨ ਸਾਲ ਦਾ ਸਭ ਤੋਂ ਲੰਬਾ ਦਿਨ ਅਤੇ ਸਭ ਤੋਂ ਛੋਟੀ ਰਾਤ ਹੁੰਦੀ ਹੈ। ਇਸ ਦਿਨ ਉੱਤਰੀ ਗੋਲਾਰਧ 'ਚ ਮੌਜੂਦ ਸਾਰੇ ਦੇਸ਼ਾਂ ਵਿੱਚ ਦਿਨ ਲੰਬਾ ਅਤੇ ਰਾਤ ਛੋਟੀ ਹੁੰਦੀ ਹੈ। 21 ਜੂਨ ਨੂੰ ਸੂਰਜ ਬਹੁਤ ਉਚਾਈ 'ਤੇ ਹੁੰਦਾ ਹੈ। 1975 'ਚ ਇੱਕ ਵਾਰ 22 ਜੂਨ ਸਾਲ ਦਾ ਸਭ ਤੋਂ ਵੱਡਾ ਦਿਨ ਸੀ। ਖਗੋਲ ਵਿਗਿਆਨੀਆਂ ਦੇ ਅਨੁਸਾਰ ਇਹ ਹੁਣ ਦੁਬਾਰਾ 2203 ਵਿੱਚ ਹੋਵੇਗਾ। 21 ਜੂਨ ਤੋਂ ਬਾਅਦ ਦਿਨ ਦੀ ਲੰਬਾਈ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਰਾਤ ਲੰਬੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਕਿਰਿਆ 23 ਸਤੰਬਰ ਤੱਕ ਚੱਲਦੀ ਹੈ। 23 ਸਤੰਬਰ ਨੂੰ ਦਿਨ ਅਤੇ ਰਾਤ ਬਰਾਬਰ ਹੋ ਜਾਂਦੇ ਹਨ। ਇਸ ਤੋਂ ਬਾਅਦ 23 ਸਤੰਬਰ ਤੋਂ ਰਾਤਾਂ ਲੰਬੀਆਂ ਹੋਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਅਤੇ ਦਿਨ ਛੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹ ਪ੍ਰਕਿਰਿਆ 22 ਦਸੰਬਰ ਤੱਕ ਚੱਲੇਗੀ। 22 ਦਸੰਬਰ ਨੂੰ ਰਾਤ ਸਭ ਤੋਂ ਲੰਬੀ ਅਤੇ ਦਿਨ ਸਭ ਤੋਂ ਛੋਟਾ ਹੁੰਦਾ ਹੈ। ਦਿਨ ਦਾ ਸਮਾਂ ਉੱਤਰੀ ਗੋਲਿਸਫਾਇਰ 'ਚ ਹਰੇਕ ਦੇਸ਼ ਲਈ ਵੱਖਰਾ ਹੋਵੇਗਾ। ਦੁਨੀਆ ਦੇ ਕਈ ਦੇਸ਼ਾਂ 'ਚ 21 ਜੂਨ ਨੂੰ ਦਿਨ ਦੀ ਲੰਬਾਈ 12 ਘੰਟਿਆਂ ਤੋਂ ਵੱਧ ਹੁੰਦੀ ਹੈ। ਨਾਰਵੇ, ਫਿਨਲੈਂਡ, ਗ੍ਰੀਨਲੈਂਡ, ਅਲਾਸਕਾ ਅਤੇ ਉੱਤਰੀ ਗੋਲਿਸਫਾਇਰ ਦੇ ਹੋਰ ਹਿੱਸਿਆਂ 'ਚ ਅੱਧੀ ਰਾਤ ਤੱਕ ਸੂਰਜ ਦੀ ਰੌਸ਼ਨੀ ਦਿਖਾਈ ਦੇਵੇਗੀ। ਜਾਣਕਾਰੀ ਅਨੁਸਾਰ ਆਰਕਟਿਕ 'ਚ ਸੂਰਜ ਦੇ ਪੂਰੀ ਤਰ੍ਹਾਂ ਡੁੱਬਣ ਦੀ ਸਥਿਤੀ ਵੀ ਨਹੀਂ ਬਣਦੀ। 21 ਜੂਨ ਨੂੰ ਉੱਤਰੀ ਗੋਲਿਸਫਾਇਰ ਦੇ ਦੇਸ਼ਾਂ ਵਿੱਚ ਗਰਮੀਆਂ ਦੀ ਸ਼ੁਰੂਆਤ ਵੀ ਕਿਹਾ ਜਾਂਦਾ ਹੈ। ਹਾਲਾਂਕਿ ਇਸ ਸਮੇਂ ਦੌਰਾਨ ਇਹ ਦੱਖਣੀ ਗੋਲਿਸਫਾਇਰ ਦੇ ਦੇਸ਼ਾਂ 'ਚ ਬਿਲਕੁੱਲ ਉਲਟ ਹੋਵੇਗਾ, ਜਿੱਥੇ ਇਸ ਨੂੰ ਸਰਦੀਆਂ ਦੀ ਸ਼ੁਰੂਆਤ ਕਿਹਾ ਜਾਂਦਾ ਹੈ। ਵਰਤਮਾਨ ਵਿੱਚ, ਉੱਤਰੀ ਅਰਧ ਗੋਲੇ ਦੇ ਦੇਸ਼ ਜੂਨ ਵਿੱਚ ਗਰਮੀਆਂ ਦੇ ਦਿਨ (ਸਮਰ ਸੋਲਸਟਾਇਸ) ਮਨਾ ਰਹੇ ਹਨ, ਜਦੋਂ ਕਿ ਦੱਖਣੀ ਅਰਧ ਗੋਲੇ ਦੇ ਦੇਸ਼, ਜਿਵੇਂ ਕਿ ਆਸਟ੍ਰੇਲੀਆ, ਇੰਡੋਨੇਸ਼ੀਆ, ਦੱਖਣੀ ਅਫਰੀਕਾ ਅਤੇ ਬ੍ਰਾਜ਼ੀਲ, ਵਿੰਟਰ ਸੋਲਸਟਾਈਸ ਮਨਾ ਰਹੇ ਹਨ।

***ਸੰਪਰਕ : 97815-90500***

# ਪਾਣੀ ਦੀ ਸਹੀ ਵਰਤੋਂ ਤੇ ਸੰਭਾਲ

**ਸਰਬਜੀਤ ਸੰਗਰੂਰਵੀ**

ਸਾਰੇ ਪਾਸੇ ਪਾਣੀ ਦੀ ਹਾਹਾਕਾਰ ਮਚੀ ਪਈ ਹੈ, ਕਿਤੇ ਸੋਕਾ ਤੇ ਕਿਤੇ ਡੋਬੇ ਨੇ ਤਬਾਹੀ ਲਿਆਈ ਹੋਈ ਹੈ। ਪਾਣੀ ਦੀ ਵੰਡ ਨੂੰ ਲੈ ਕੇ ਨਿੱਤ ਕੋਈ ਨਾ ਕੋਈ ਮਸਲਾ ਖੜ੍ਹਾ ਹੋ ਜਾਂਦਾ ਹੈ। ਪਾਣੀ ਦੇ ਮਸਲੇ ਨੂੰ ਲੈ ਕੇ ਸਮਾਂ ਅਤੇ ਪੈਸਾ ਦੋਵੇਂ ਖ਼ਰਾਬ ਕੀਤੇ ਜਾ ਰਹੇ ਹਨ, ਜੇਕਰ ਇਹ ਮਸਲੇ ਨਾ ਸੁਲਝੇ ਤਾਂ ਗੱਲ ਲੜਾਈ-ਝਗੜੇ 'ਤੇ ਪਹੁੰਚ ਜਾਂਦੀ ਹੈ। ਸੋ, ਇਸ ਦਾ ਹੱਲ ਲੜਾਈ-ਝਗੜੇ ਨਾਲੋਂ ਅਮਨ ਤੇ ਸੋਚ-ਵਿਚਾਰ ਨਾਲ ਮਿਲਵਰਤਨ ਦੀ ਭਾਵਨਾ ਨਾਲ ਇੱਕ-ਦੂਜੇ ਦਾ ਦੁੱਖ ਸਮਝਦੇ ਹੋਏ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਕਿਸੇ ਦਾ ਜਾਨੀ-ਮਾਲੀ ਨੁਕਸਾਨ ਨਾ ਹੋਵੇ, ਸਭ ਦਾ ਆਪਸੀ ਪਿਆਰ ਵਧੇ।

ਸਾਡੇ ਦੇਸ਼ ਦੀ ਖੇਤੀ ਤੇ ਲੋਕਾਂ ਦਾ ਜੀਵਨ ਪਾਣੀ 'ਤੇ ਨਿਰਭਰ ਕਰਦਾ ਹੈ ਤੇ ਪਾਣੀ ਦੀ ਘਾਟ ਜਾਂ ਹੜ੍ਹ ਵਰਗੀ ਸਥਿਤੀ ਕਾਰਨ ਅਕਸਰ ਫ਼ਸਲ ਖਰਾਬ ਹੋ ਜਾਂਦੀ ਹੈ। ਸਾਡੇ ਕਿਸਾਨ ਜ਼ਿਆਦਾਤਰ ਬਰਸਾਤ 'ਤੇ ਨਿਰਭਰ ਰਹਿੰਦੇ ਹਨ ਅਤੇ ਬਰਸਾਤ ਨਾ ਹੋਣ ਕਾਰਨ ਅਤੇ ਨਹਿਰੀ ਪਾਣੀ ਨਾ ਮਿਲਣ ਕਾਰਨ ਜ਼ਮੀਨੀ ਪਾਣੀ (ਟਿਊਬਵੈੱਲ ਵਗੈਰਾ) 'ਤੇ ਨਿਰਭਰ ਰਹਿਣਾ ਪੈਂਦਾ ਹੈ। ਪਾਣੀ ਦਾ ਲੈਵਲ ਨੀਚੇ ਜਾਣ ਕਾਰਨ ਕਿਸਾਨ ਲੱਖਾਂ ਰੁਪਏ ਖਰਚ ਕੇ ਮੋਟਰਾਂ ਲਗਵਾ ਰਹੇ ਹਨ, ਬੋਰ ਡੂੰਘਾ ਕਰਵਾ ਕੇ ਮੋਟਰਾਂ ਦਾ ਲੋਡ ਵਧਵਾ ਰਹੇ ਹਨ। ਜੇਕਰ ਬਰਸਾਤੀ ਨਾਲਿਆਂ 'ਚ ਪਾਣੀ ਰਹੇ ਤਾਂ ਪਾਣੀ ਦਾ ਲੈਵਲ ਉੱਤੇ ਆ ਸਕਦਾ ਹੈ, ਜੇ ਬਰਸਾਤੀ ਨਾਲਿਆਂ 'ਚ ਸੱਤ-ਅੱਠ ਫੁੱਟ ਪਾਣੀ ਨਹੀਂ ਛੱਡਣਾ ਤਾਂ ਘੱਟੋ-ਘੱਟ ਤਿੰਨ-ਚਾਰ ਫੁੱਟ ਤਾਂ ਪਾਣੀ ਛੱਡ ਕਿਸ਼ਤੀਆਂ ਛੱਡ ਸਕਦੇ ਹਾਂ, ਗੇਮਾਂ ਕਰਵਾ ਸਕਦੇ ਹਾਂ। ਇਹਨਾਂ ਬਰਸਾਤੀ ਨਾਲਿਆਂ ਦੇ ਕਿਨਾਰਿਆਂ ਨੂੰ ਪੱਕਾ ਕਰਕੇ ਡੂੰਘੀਆਂ ਜੜ੍ਹਾਂ ਵਾਲੇ (ਜਿਹੜੇ ਦਸ-ਪੰਦਰਾਂ ਫੁੱਟ ਉੱਚੇ ਜਾਣ) ਦਰੱਖ਼ਤ ਦੋ-ਦੋ ਫੁੱਟ ਜਾਂ ਚਾਰ-ਚਾਰ ਫੁੱਟ ਛੱਡ ਕੇ ਲਾਏ ਜਾ ਸਕਦੇ ਹਨ, ਤਾਂ ਜੋ ਕਿਨਾਰੇ ਪਾਣੀ ਦੀ ਮਾਰ ਨਾਲ ਖੁਰ ਕੇ ਟੁੱਟ ਕੇ ਆਸੇ-ਪਾਸੇ ਦੀ ਜਨਤਾ ਜਾਂ ਫਸਲਾਂ ਦਾ ਨੁਕਸਾਨ ਨਾ ਕਰੇ। ਸੰਕਟ ਵੇਲੇ ਇਹ ਦਰੱਖਤ ਸਹਾਰਾ ਦੇਣ, ਰੁੱਖਾਂ ਦੀ ਕਟਾਈ ਕਾਰਨ ਭੂਮੀ ਖੁਰਦੀ ਜਾ ਰਹੀ ਹੈ। ਵਾਤਾਵਰਨ ਖ਼ਰਾਬ ਹੋਣ ਕਾਰਨ ਕੁਦਰਤ ਦੀ ਮਾਰ ਸਹਿਣੀ ਪੈ ਰਹੀ ਹੈ। ਇਹ ਦਰੱਖਤ ਸੰਭਾਲਣ ਦੀ ਜ਼ਿੰਮੇਵਾਰੀ ਖਾਸ ਕਰਕੇ ਕਿਸਾਨਾਂ ਨੂੰ ਜੋ ਦੇਖ-ਭਾਲ ਕਰਨ ਜਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਦਿੱਤੀ ਜਾਵੇ।

ਸਤਲੁਜ ਜਾਂ ਰਾਵੀ ਦਰਿਆ ਦਾ ਪਾਣੀ ਪਾਕਿਸਤਾਨ ਜਾਂਦਾ ਹੈ, ਹਰਿਆਣਾ ਸਰਕਾਰ ਸਤਲੁਜ ਦਰਿਆ 'ਚੋਂ ਪਾਣੀ ਮੰਗ ਕਰਦੀ ਹੈ, ਜਿਸ ਲਈ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕੀਤੀ ਗਈ, ਜਿਸ ਦਾ ਕੁਝ ਹਿੱਸਾ ਅਧੂਰਾ ਹੈ, ਇਸ ਨਹਿਰ ਕਾਰਨ ਰੋਸ ਰੈਲੀਆਂ,ਤਕਰਾਰਬਾਜ਼ੀ, ਸ਼ੰਕੇ, ਲੜਾਈ-ਝਗੜਾ, ਜਾਨੀ-ਮਾਲੀ ਨੁਕਸਾਨ ਹੁੰਦਾ ਰਿਹਾ ਹੈ।

ਜਿਸ ਤਰ੍ਹਾਂ ਤੇਲ ਲਈ ਪਾਇਪ ਲਾਇਨਾਂ ਵਿਛਾਈਆਂ ਗਈਆਂ ਹਨ, ਇਸੇ ਤਰ੍ਹਾਂ ਜ਼ਮੀਨਾਂ ਵਿੱਚ ਅੰਡਰ ਗਰਾਉਂਡ ਪਾਈਪ ਪਾਏ ਜਾਣ ਅਤੇ ਪਾਣੀ ਦੀ ਸਪਲਾਈ ਕਿਤੋਂ ਵੀ ਲਈ, ਦਿੱਤੀ ਜਾਵੇ। ਨਹਿਰ ਬਣਨ ਨਾਲ ਕਈ ਵਾਰ ਨਹਿਰਾਂ ਸੁੱਕੀਆਂ ਰਹਿੰਦੀਆਂ ਹਨ ਅਤੇ ਕਈ ਨਹਿਰਾਂ ਵਗੈਰਾ ਦੇ ਕਿਨਾਰੇ ਟੁੱਟਣ ਕਾਰਨ ਹਜ਼ਾਰਾਂ ਏਕੜ ਫ਼ਸਲ ਖਰਾਬ ਹੋ ਜਾਂਦੀ ਹੈ। ਲੱਖਾਂ-ਕਰੋੜਾਂਰੁਪਏ ਦਾ ਨੁਕਸਾਨ ਹੋ ਜਾਂਦਾ ਹੈ। ਜੇਕਰ ਪਾਈਪ ਲਾਈਨਾਂ ਵਿਛਾ ਦਿੱਤੀਆਂ ਜਾਣ ਤਾਂ ਜਿਸ ਤਰ੍ਹਾਂ ਘਰਾਂ ਚ ਪਾਣੀ ਟੂਟੀ ਰਾਹੀ ਸਪਲਾਈ ਹੁੰਦਾ ਹੈ। ਇਸ ਤਰਾਂ ਨਹਿਰਾਂ ਦਾ ਪਾਣੀ ਟੂਟੀਆਂ ਰਾਹੀਂ ਵੱਡੇ ਪਾਇਪਾਂ ਰਾਹੀਂ ਸਪਲਾਈ ਕੀਤਾ ਜਾਵੇ, ਜਿਸ ਨੂੰ ਜਿੰਨੀ ਜ਼ਰੂਰਤ ਹੋਵੇ, ਓਨਾ ਪਾਣੀ ਵਰਤੇ।

ਜਿਸ ਤਰ੍ਹਾਂ ਨਹਿਰਾਂ ਦੀਆਂ ਝਾਲਾਂ ਜਾਂ ਨਹਿਰਾਂ ਤੋਂ ਹੋਰ ਤਰੀਕਿਆਂ ਨਾਲ ਪਣ ਬਿਜਲੀ ਪੈਦਾ ਕੀਤੀ ਜਾ ਰਹੀ ਹੈ, ਉਸੇ ਤਰ੍ਹਾਂ ਪਿੰਡਾਂ ਜਾਂ ਸ਼ਹਿਰਾਂ 'ਚ ਵੱਡੀਆਂ-ਵੱਡੀਆਂ ਪਾਣੀ ਦੀਆਂ ਟੈਂਕੀਆਂ ਹਨ ਜਾਂ ਟੈਂਕੀਆਂ ਥੱਲੇ ਛੋਟੀਆਂ-ਛੋਟੀਆਂ ਟਰਬਾਈਨਾਂ ਲਾ ਕੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਮੈਂ ਸਿਰਫ਼ ਬਿਜਲੀ ਪੈਦਾ ਕਰਨ ਲਈ ਥਰਮਲ ਪਲਾਂਟਾਂ ਵਿਰੁੱਧ ਹਾਂ, ਕਿਉਂਕਿ ਇਹ ਜ਼ਿਆਦਾਤਰ ਪ੍ਰਦੂਸ਼ਣ ਫੈਲਾਉਂਦੇ ਹਨ ਤੇ ਉਪਜਾਊ ਜ਼ਮੀਨਾਂ 'ਚ ਲਾਏ ਜਾਂਦੇ ਹਨ, ਜਿਸ ਕਾਰਨ ਸਰਕਾਰ, ਕੰਪਨੀ ਤੇ ਕਿਸਾਨਾਂ ਵਿਚਕਾਰ ਤਕਰਾਰਬਾਜ਼ੀ ਚੱਲਦੀ ਰਹਿੰਦੀ ਹੈ।

ਸਾਡੇ ਜ਼ਿਮੀਂਦਾਰ ਪਾਣੀ ਖਾਲਾਂ ਰਾਹੀਂ ਖੁੱਲ੍ਹਾ ਲਗਾਉਂਦੇ ਹਨ, ਜਿਸ ਨਾਲ ਖਾਲਾਂ 'ਚ ਬੇਲੋੜੇ ਪੌਦੇ ਉੱਗਦੇ ਰਹਿੰਦੇ ਹਨ ਤੇ ਪਾਣੀ ਵੀ ਬਰਬਾਦ ਹੁੰਦਾ ਹੈ। ਖੇਤਾਂ 'ਚ ਪਾਣੀ ਖਾਲਾਂ ਦੀ ਬਜਾਏ ਪਾਇਪਾਂ ਰਾਹੀਂ ਸਪਲਾਈ ਕੀਤਾ ਜਾਵੇ ਤੇ ਕਿਸਾਨਾਂ ਨੂੰ ਫੁਹਾਰਾ, ਤੁਪਕਾ ਸਿੰਚਾਈ ਲਈ ਉਤਸ਼ਾਹਿਤ ਕੀਤਾ ਜਾਵੇ।

ਕਈ ਰਾਜ ਪਾਣੀ ਦੀ ਵੰਡ ਨੂੰ ਲੈ ਕੇ ਬੱਚਿਆਂ ਵਾਂਗ ਲੜ ਰਹੇ ਹਨ । ਗੁਆਂਢੀ ਰਾਜਾਂ ਨੂੰ ਸਾਰੇ ਰਾਜਾਂ ਨੂੰ ਮਿੱਤਰਤਾ ਵਾਲਾ ਵਿਹਾਰ ਰੱਖਣਾ ਚਾਹੀਦਾ ਹੈ। ਕਿਸੇ ਰਾਜ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਸਾਡੇ ਕੋਲ ਪਾਣੀ ਘਟ ਜਾਵੇਗਾ। ਸਾਡੀ ਪ੍ਰਿਥਵੀ ਦਾ ਜ਼ਿਆਦਾ ਹਿੱਸਾ ਤਾਂ ਪਾਣੀ ਨਾਲ ਘਿਰਿਆ ਪਿਆ ਹੈ। ਇਹ ਠੀਕ ਹੈ ਕਿ ਪਾਣੀ ਦਾ ਕੁਝ ਹਿੱਸਾ ਵਰਤੋਂਯੋਗ ਨਾ ਹੋਵੇ, ਪਰ ਜਿਸ ਤਰ੍ਹਾਂ ਤੇਲ ਸੋਧਕ ਕਾਰਖ਼ਾਨੇ ਲਾਏ ਗਏ ਹਨ, ਉਸੇ ਤਰ੍ਹਾਂ ਗੰਧਲੇ, ਖ਼ਾਰੇ, ਨਾ ਵਰਤੋਂਯੋਗ ਨੂੰ ਤਕਨੀਕਾਂ ਰਾਹੀਂ ਸੋਧ ਕੇ ਪਰਖ ਕਰਕੇ ਵਰਤੋਂਯੋਗ ਬਣਾਇਆ ਜਾਵੇ। ਅੰਡਰ ਗਰਾਊਂਡ ਜਮ੍ਹਾਂ ਪਾਣੀ ਨੂੰ ਜਿੱਥੇ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ , ਉਥੇ ਇਹ ਪਾਣੀ ਸੋਧ ਕੇ ਫਿਲਟਰ ਕਰਕੇ ਪੀਣਯੋਗ ਬਣਾਇਆ ਜਾ ਸਕਦਾ ਹੈ, ਪੈਸਾ ਕਮਾਇਆ ਤੇ ਕਈ ਲੋਕਾਂ ਨੂੰ ਰੁਜ਼ਗਾਰ ਦਿਵਾਇਆ ਜਾ ਸਕਦਾ ਹੈ।

ਪਾਣੀ ਦੀ ਸੰਭਾਲ ਲਈ ਭੰਡਾਰ ਜ਼ਮੀਨਦੋਜ਼ ਟੈਂਕ ਜਾਂ ਧਰਤੀ 'ਤੇ 20-30 ਫੁੱਟ ਉੱਚੀਆਂ ਟੈਂਕੀਆਂ ਬਣਾਈਆਂ ਜਾਣ। ਜਿਸ ਵਿੱਚ ਲੋੜੀਂਦਾ ਪਾਣੀ ਭੰਡਾਰ ਹੋ ਸਕੇ। ਜੋ ਖਰਚਾ ਇਸ ਕੰਮ 'ਤੇ ਆਏਗਾ, ਉਹ ਕਿਸਾਨਾਂ ਤੋਂ ਦੋ ਸੌ ਰੁਪਏ ਪ੍ਰਤੀ ਮਹੀਨਾ ਜਾਂ 1000 ਰੁਪਏ ਪ੍ਰਤੀ ਸਾਲ ਦਾ ਚਾਰਜ ਲਾ ਕੇ ਪੂਰਾ ਕੀਤਾ ਜਾ ਸਕਦਾ ਹੈ। ਸਰਕਾਰ ਨੂੰ ਵੀ ਆਪਣੇ ਕੋਲੋਂ ਪੈਸੇ ਲਾਉਣੇ ਚਾਹੀਦੇ ਹਨ, ਜਿਸ ਤਰ੍ਹਾਂ ਬਜਟ ਅਨੁਸਾਰ ਵੱਖ-ਵੱਖ ਕੰਮਾਂ ਲਈ ਪੈਸਾ ਰਾਖਵਾਂ ਰੱਖਿਆ ਜਾਂਦਾ ਹੈ। ਬਰਸਾਤੀ ਪਾਣੀ ਤਲਾਬਾਂ 'ਚ ਜਾਂ ਅੰਡਰ ਗਰਾਊਂਡ ਬਣਾ ਕੇ ਇੱਕਠਾ ਕੀਤਾ ਜਾ ਸਕਦਾ ਹੈ।

ਸਾਡੇ ਦੇਸ਼ ਵਿੱਚ ਕਈ ਕਿਸਾਨਾਂ ਕੋਲ ਕਾਫ਼ੀ ਜ਼ਮੀਨ ਹੈ ਤੇ ਕਈਆਂ ਕੋਲ ਘੱਟ । ਜ਼ਿਆਦਾ ਬਰਸਾਤ ਹੋਣ ਕਾਰਨ ਕਈਆਂ ਦੇ ਉੱਚੇ ਖੇਤਾਂ 'ਚ ਪਾਣੀ ਖੜ੍ਹ ਜਾਂਦਾ ਹੈ ਤਾਂ ਉਹ ਫਾਲਤੂ ਪਾਣੀ ਨੀਵੇਂ ਖੇਤਾਂ 'ਚ ਛੱਡ ਦਿੰਦੇ ਹਨ, ਜਿਸ ਕਾਰਨ ਲੜਾਈ-ਝਗੜੇ ਹੁੰਦੇ ਰਹਿੰਦੇ ਹਨ। ਕਈ ਗ਼ਰੀਬਾਂ ਦੀ ਫ਼ਸਲ ਮਰ ਜਾਂਦੀ ਹੈ ਤੇ ਉੱਚੀ ਜ਼ਮੀਨ ਵਾਲੇ ਵੱਲੋਂ ਆਪਣੀ ਫ਼ਸਲ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਨੀਵੀਂ ਜ਼ਮੀਨ 'ਚ ਪਾਣੀ ਛੱਡਣ ਕਾਰਨ ਦੋਵੇਂ ਧਿਰਾਂ 'ਚ ਤਕਰਾਰ ਵਧ ਜਾਂਦਾ ਹੈ। ਦੋਵਾਂ ਦਾ ਜਾਨ ਮਾਲੀ ਨੁਕਸਾਨ ਹੁੰਦਾ ਹੈ। ਅੱਜ-ਕੱਲ੍ਹ ਕਿਸੇ ਨਾ ਕਿਸੇ ਕਾਰਨ ਫ਼ਸਲ ਨੂੰ ਅੱਗ ਲੱਗਦੀ ਰਹਿੰਦੀ ਹੈ। ਜੇਕਰ ਉੱਚੀਆਂ ਟੈਂਕੀਆਂ ਦਾ ਇੰਤਜ਼ਾਮ ਕੀਤਾ ਜਾਵੇ ਤਾਂ ਅੱਗ ਲੱਗਣ 'ਤੇ ਕੁਝ ਹੱਦ ਤੱਕ ਕਾਬੂ ਪਾ ਕੇ ਬਚਿਆ ਜਾ ਬਚਾਇਆ ਜਾ ਸਕਦਾ ਹੈ।

ਇਸ ਲਈ ਜਿਸ ਪਾਸ ਜ਼ਮੀਨ ਘੱਟ ਹੈ,ਉਹ ਪੰਚਾਇਤ ਤੋਂ ਜ਼ਮੀਨ ਅਤੇ ਜਿਸ ਪਾਸ ਜ਼ਿਆਦਾ ਜ਼ਮੀਨ ਹੈ,ਉਹ ਖ਼ੁਦ ਇਹ ਯਤਨ ਕਰ ਸਕਦੇ ਹਨ ਕਿ ਖੇਤ ਜਾਂ ਸਾਂਝੀ ਥਾਂ ਚ ਪਾਣੀ ਇੱਕਠਾ ਕਰਨ ਲਈ ਤਲਾਬ ਜਾਂ ਟੈਂਕੀਆਂ ਬਣਾਉ। ਇਨਸਾਨ ਜਾਂ ਜਾਨਵਰ ਦੀ ਜਾਨ ਬਚਾਉਣ ਲਈ ਤਲਾਬ ਵਿੱਚ ਸਰੋਵਰਾਂ ਵਾਂਗ ਕੰਧ (ਚਾਰਦੀਵਾਰੀ) ਕਰਨ ਜਾਂ ਉਹ ਤਲਾਬ ਜਾਂ ਖੂਹ ਨੂੰ ਆਪਣੀ ਸਮਰੱਥਾ ਮੁਤਾਬਕ ਡੂੰਘਾ ਕਰਕੇ ਉੱਤੇ ਜਾਲ ਵੀ ਪਾਇਆ ਜਾ ਸਕਦਾ ਹੈ ਤਾਂ ਜੋ ਕਿਸੇ ਦਾ ਜਾਨੀ ਨੁਕਸਾਨ ਨਾ ਹੋਵੇ। ਇਸ ਤਰ੍ਹਾਂ ਕਈ ਲੋਕ ਖੂਹਾਂ ਨੂੰ, ਤਲਾਬਾਂ ਨੂੰ ਮਿੱਟੀ ਪਾ ਕੇ ਬੰਦ ਕਰ ਦਿੰਦੇ ਹਨ, ਜੋ ਕਿ ਗਲਤ ਹੈ। ਇਹਨਾ 'ਚ ਬਰਸਾਤ ਦਾ ਪਾਣੀ ਇਕੱਠਾ ਕੀਤਾ ਜਾਵੇ। ਜੇਕਰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਕੋਈ ਹੱਲ ਕੱਢਿਆ ਜਾਵੇ, ਨਾ ਕਿ ਖੂਹ ਜਾਂ ਛੱਪੜ ਬੰਦ ਕੀਤੇ ਜਾਣ।

ਹੁਣ ਸਭ ਤੋਂ ਵੱਡੀ ਮੁਸ਼ਕਲ ਉਦਯੋਗਿਕ ਸਨਅਤਾਂ ਵੱਲੋਂ ਰਹਿੰਦ-ਖੂੰਹਦ ਰਸਾਇਣਿਕ ਗੰਦਾ ਪਾਣੀ ਟਰੀਟਮੈਂਟ ਲਗਾ ਕੇ ਸ਼ੁੱਧ ਕਰਨ ਦੀ ਥਾਂ ਕੋਲੋਂ ਲੰਘਦੇ ਨਾਲਿਆਂ, ਦਰਿਆਵਾਂ ਵਿਚ ਬੇਖੌਫ਼ ਸੁੱਟਿਆ ਜਾ ਰਿਹਾ ਹੈ, ਜਿਸ ਕਾਰਨ ਨਾ ਤਾਂ ਪਾਣੀ ਵਰਤਣਯੋਗ ਹੈ ਅਤੇ ਨਾਲ ਹੀ ਬਿਮਾਰੀਆਂ ਫੈਲ ਰਹੀਆਂ ਹਨ। ਕਈ ਕਿਸਾਨ ਬਰਸਾਤੀ ਪਾਣੀ ਇਕੱਠਾ ਨਹੀਂ ਕਰਨਾ ਚਾਹੁੰਦੇ, ਕਿਉਕਿ ਵਾਤਾਵਰਣ ਦੂਸ਼ਿਤ ਹੋਣ ਕਾਰਨ ਬਰਸਾਤੀ ਪਾਣੀ ਵੀ ਸਹੀ ਨਹੀ। ਜੇਕਰ ਘੱਗਰ ਵਰਗੇ ਦਰਿਆ ਦਾ ਪਾਣੀ ਵੀ ਕਿਸਾਨ ਵਰਤਣ ਤੋਂ ਡਰਦੇ ਪਾਣੀ ਸਟੋਰ ਨਹੀਂ ਕਰਨਾ ਚਾਹੁੰਦੇ।

ਬਿਜਲੀ ਪੈਦਾ ਕਰਨ ਲਈ ਅੰਡਰ ਗਰਾਊਂਡ ਪਾਇਪਾਂ ਪਾ ਕੇ ਨਹਿਰਾਂ ਦਾ ਪਾਣੀ ਵੀ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ। ਜੇਕਰ ਲੱਗਦਾ ਹੈ ਕਿ ਬਰਸਾਤ ਘੱਟ ਹੋਵੇਗੀ, ਜਿਸ ਤਰ੍ਹਾਂ ਸੁਰੰਗਾਂ ਅੰਦਰ ਮੈਟਰੋ ਟਰੇਨ ਜਾਂ ਰੇਲ ਗੱਡੀਆਂ ਚੱਲਦੀਆਂ ਹਨ ਕਿ ਪਾਣੀ ਦੀ ਸਪਲਾਈ ਨਾਲ ਬਿਜਲੀ ਪੈਦਾ ਨਹੀਂ ਕੀਤੀ ਜਾ ਸਕਦੀ। ਹੜ੍ਹਾਂ ਨਾਲ ਲੋਕਾਂ, ਸਰਕਾਰਾਂ ਦਾ ਕਰੋੜਾਂ-ਅਰਬਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਜਨਤਾ ਨੂੰ ਅਰਬਾਂ-ਕਰੋੜਾਂ ਰੁਪਏ ਹੋਏ ਨੁਕਸਾਨ ਦੀ ਪੂਰਤੀ ਵਜੋਂ ਸਹਾਇਤਾ ਦੇ ਰੂਪ 'ਚ ਵੰਡੇ ਜਾਂਦੇ ਹਨ, ਜਿਸ 'ਚ ਕਈ ਵਾਰ ਘਪਲਾ ਹੋ ਜਾਂਦਾ ਹੈ। ਕਈਆਂ ਨੂੰ ਪੈਸੇ ਮਿਲਦੇ ਹਨ ਤੇ ਕਿਸੇ ਨੂੰ ਨਹੀਂ ਮਿਲਦੇ। ਸਰਕਾਰ ਹੜ੍ਹ ਤੋਂ ਬਾਅਦ ਹੋਏ ਨੁਕਸਾਨ ਦਾ ਕਲੇਮ ਦੇਣ ਤੋਂ ਪਹਿਲਾਂ ਵਿਚਾਰ ਕਰੇ, ਪ੍ਰਬੰਧ ਕਰੇ ਕਿ ਹੜ੍ਹਾਂ ਦੀ ਸਥਿਤੀ ਹੀ ਨਾ ਬਣੇ। ਸਰਕਾਰ ਹੜ੍ਹ 'ਤੇ ਕਾਬੂ ਪਾਉਣ ਲਈ ਪਹਿਲਾਂ ਹੀ ਵਿਚਾਰ ਕਰੇ।

ਸੋਂ, ਸਮਾਂ ਤੇ ਹਾਲਾਤ ਨੂੰ ਦੇਖਦੇ ਹੋਏ ਪਾਣੀ ਦੀ ਸੰਭਾਲ ਕੀਤੀ ਜਾਵੇ ਤੇ ਉਕਤ ਤੱਥਾਂ ਨੂੰ ਵਿਚਾਰਿਆ ਜਾਵੇ।

**#ਸੰਪਰਕ : 94631-62463**

21-JUNE-PAGE-5.qxd 6/20/2023 10:10 PM Page 1



# ਸੀ ਡੀ ਪੀ ਓ ਖਿਲਾਫ ਆਂਗਣਵਾੜੀ ਵਰਕਰਾਂ ਦਾ ਧਰਨਾ ਜਾਰੀ

## ਮੰਗਾਂ ਨਾ ਮੰਨਣ 'ਤੇ ਭਲਕ ਤੋਂ ਭੁੱਖ ਹੜਤਾਲ ਕਰਨ ਦੀ ਚਿਤਾਵਨੀ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸੀ ਡੀ ਪੀ ਓ ਦਫਤਰ ਖੂਈਆਂ ਸਰਵਰ ਦੀਆਂ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਵੱਲੋਂ ਕਿੱਲ੍ਹਿਆਂਵਾਲੀ ਵਿੱਚ ਸੀ ਡੀ ਪੀ ਓ ਅਬੋਹਰ ਜੋਤੀ ਕਾਲੜਾ ਖਿਲਾਫ ਦਿੱਤਾ ਜਾ ਰਿਹਾ ਧਰਨਾ ਛੇਵੇਂ ਦਿਨ ਵੀ ਜਾਰੀ ਰਿਹਾ। ਇਸ ਮੌਕੇ ਬਲਾਕ ਪ੍ਰਧਾਨ ਇੰਦਰਜੀਤ ਕੌਰ ਨੇ ਸੀ ਡੀ ਪੀ ਓ ਜੋਤੀ ਕਾਲੜਾ 'ਤੇ ਕਈ ਦੋਸ਼ ਲਾਏ। ਉਨ੍ਹਾ ਕਿਹਾ ਕਿ ਸੀ ਡੀ ਪੀ ਓ ਵੱਲੋਂ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾ ਕਿਹਾ ਕਿ ਸੀ ਡੀ ਪੀ ਓ ਦੇ ਪਤੀ ਉਨ੍ਹਾਂ ਦੀ ਵੀਡੀਓ ਬਣਾ ਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਇਸ ਲਈ ਉਹ ਸੀ ਡੀ ਪੀ ਓ ਨੂੰ ਇੱਥੇ ਜੁਆਇੰਨ ਨਹੀਂ ਹੋਣ ਦੇਣਗੇ।

ਪ੍ਰਧਾਨ ਇੰਦਰਜੀਤ ਕੌਰ ਤੇ ਹੋਰ ਵਰਕਰਾਂ ਨੇ ਕਿਹਾ ਕਿ ਪੂਰੇ ਬਲਾਕ ਦੀਆਂ ਆਂਗਣਵਾੜੀ ਵਰਕਰਾਂ ਸੀ ਡੀ ਪੀ ਓ ਜੋਤੀ ਕਾਲੜਾ ਤੋਂ ਨਾਰਾਜ਼ ਹਨ, ਕਿਉਂਕਿ ਉਸ ਦਾ ਸਹਾਇਕਾਂ ਤੇ ਵਰਕਰਾਂ ਪ੍ਰਤੀ ਵਤੀਰਾ ਚੰਗਾ ਨਹੀਂ ਹੈ। ਉਨ੍ਹਾਂ ਸੀ ਡੀ ਪੀ ਓ ਜੋਤੀ ਕਾਲੜਾ ਦਾ ਤੁਰੰਤ ਤਬਾਦਲਾ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਤੇ ਸਾਰੇ ਕੰਮਾਂ ਦਾ ਬਾਈਕਾਟ ਕਰਕੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਅੱਜ ਦੇ ਧਰਨੇ ਦੌਰਾਨ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰਨਗੇ।

ਦੂਜੇ ਪਾਸੇ ਸੀ ਡੀ ਪੀ ਓ ਜੋਤੀ ਕਾਲੜਾ ਨੇ ਆਂਗਣਵਾੜੀ ਵਰਕਰਾਂ ਤੇ ਸਹਾਇਕਾਂ ਵੱਲੋਂ ਉਨ੍ਹਾਂ 'ਤੇ ਲਾਏ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਹੇ ਹਨ।

# ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਾਲਿਆਂ ਦੀ ਯਾਦ 'ਚ ਸਮਾਗਮ

## ਬਾਬਾ ਜੀ ਨੇ ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਧਰਮ ਪ੍ਰਚਾਰ ਦੇ ਨਾਲ ਸਮਾਜ ਸੇਵਾ 'ਚ ਵੱਡੀ ਭੂਮਿਕਾ ਨਿਭਾਈ : ਜਥੇਦਾਰ ਸਿੰਘ ਸਾਹਿਬ



**ਬਾਘਾ ਪੁਰਾਣਾ (ਮਨੀ ਸਿੰਗਲਾ)**
ਦੇਸ਼-ਵਿਦੇਸ਼ ਵਿੱਚ ਪ੍ਰਸਿੱਧੀ ਹਾਸਲ ਕਰ ਚੁੱਕੇ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਯਾਦ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਲੰਮੇ ਸਮੇਂ ਤੋਂ ਚੱਲ ਰਹੀ ਸ਼੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਉਣ ਉਪਰੰਤ ਰੱਬੀ ਬਾਣੀ ਦਾ ਕੀਰਤਨ ਭਾਈ ਕਮਲਜੀਤ ਸਿੰਘ ਆਲਮਵਾਲਾ, ਭਾਈ ਗੁਰਚਰਨ ਸਿੰਘ ਰਸੀਲਾ ਤੇ ਭਾਈ ਇਕਬਾਲ ਸਿੰਘ ਲੰਗੇਆਣਾ ਦੇ ਜਥਿਆਂ ਨੇ ਕੀਤਾ। ਇਸ ਮੌਕੇ ਸੰਗਤਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆਂ ਤੇ ਬਾਬਾ ਜੀ ਦੇ ਅੰਗੀਠੇ ਵਾਲੇ ਅਸਥਾਨ 'ਤੇ ਵੀ ਨਤਮਸਤਕ ਹੋਈਆਂ। ਇਸ ਮੌਕੇ ਜਥੇਦਾਰ ਤੀਰਥ ਸਿੰਘ ਮਾਹਲਾ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਕੀਤੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਬਾਬਾ ਜੀ ਇੱਕ ਲੋਹ ਪੁਰਸ਼ ਸਨ, ਜਿੰਨੀ ਨਿਮਰਤਾ, ਸੇਵਾ ਤੇ ਪਿਆਰ ਉਨ੍ਹਾਂ 'ਚ ਸੀ, ਉਨਾ ਅਸੀਂ ਕਿਸੇ ਹੋਰ 'ਚ ਨਹੀਂ ਦੇਖਿਆ। ਅੱਜ ਵੀ ਉਨ੍ਹਾਂ ਦੇ ਕਾਰਜਾਂ ਨੂੰ ਅੱਗੇ ਬਾਬਾ ਗੁਰਦੀਪ ਸਿੰਘ ਬਹੁਤ ਹੀ ਪਿਆਰ ਨਾਲ ਚਲਾ ਰਹੇ ਹਨ। ਇਸ ਮੌਕੇ ਬਾਬਾ ਸੁਖਦੇਵ ਸਿੰਘ ਡਮੇਲੀ ਵਾਲਿਆਂ ਨੇ ਸੰਗਤਾਂ ਨੂੰ ਕਥਾ ਦੁਆਰਾ ਨਿਹਾਲ ਕੀਤਾ ਤੇ ਪ੍ਰਸਿੱਧ ਕਥਾਵਾਚਕ ਭਾਈ ਜਸਵਿੰਦਰ ਸਿੰਘ ਲੁਧਿਆਣਾ ਵਾਲਿਆਂ ਨੇ ਵੀ ਸਾਧੂਆਂ ਦੇ ਜੀਵਨ ਉੱਪਰ ਕਥਾ ਕਰਦਿਆਂ ਅਨੋਖਾ ਰੰਗ ਬੰਨ੍ਹਿਆ। ਇਸ ਸਮਾਗਮ 'ਚ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾ ਕਿਹਾ ਕਿ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਗੁਰਮਤਿ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਮਾਜ ਸੇਵੀ ਕਾਰਜ ਕੀਤੇ, ਜੋ ਕਿਸੇ ਵਿਰਲੇ ਮਹਾਂਪੁਰਖਾਂ ਦੇ ਹਿੱਸੇ ਆਉਂਦੇ ਹਨ। ਉਨ੍ਹਾ ਕਿਹਾ ਕਿ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵੀ ਧਰਮ ਪ੍ਰਚਾਰ ਤੇ ਸਮਾਜ ਸੇਵੀ ਕਾਰਜਾਂ 'ਚ ਮੋਹਰੀ ਭੂਮਿਕਾ ਨਿਭਾਅ ਰਹੇ ਹਨ। ਇਸ ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਭਾਈ ਗੁਰਦੀਪ ਸਿੰਘ ਸੈਕਟਰੀ, ਸਤਿਕਾਰਯੋਗ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲਿਆਂ ਨੇ ਬਹੁਤ ਹੀ ਸਤਿਕਾਰ ਨਾਲ ਕੀਤਾ।

ਸਮਾਗਮ ਦੇ ਅੰਤ ਵਿੱਚ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਕੀਤੇ ਸਮਾਜ ਭਲਾਈ ਦੇ ਕਾਰਜ ਇੱਕ ਮਿਸਾਲ ਹਨ, ਉਹ ਦਰਵੇਸ਼ ਮਹਾਂਪੁਰਖ ਸਨ, ਉਨ੍ਹਾਂ ਵੱਲੋਂ ਕੀਤੇ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਅੱਜ ਵੀ ਜਾਰੀ ਹਨ। ਇਸ ਮੌਕੇ ਵੱਖ-ਵੱਖ ਪ੍ਰਕਾਰ ਦੇ ਚੈੱਕਅਪ ਕੈਂਪ ਵੀ ਲਗਾਏ ਗਏ, ਜਿਨ੍ਹਾਂ 'ਚ ਜਲੰਧਰ ਦੇ ਨਾਮੀ ਹਸਪਤਾਲ ਦੇ ਡਾਕਟਰਾਂ ਨੇ ਜਾਂਚ ਕੀਤੀ। ਇਸ ਸਮਾਗਮ ਦੌਰਾਨ ਉੱਚ ਸ਼ਖਸੀਅਤਾਂ 'ਚ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਉਨ੍ਹਾਂ ਦੇ ਭਰਾਤਾ ਵੀਰਇੰਦਰ ਸਿੰਘ ਸੰਧਵਾਂ, ਡੀ.ਐੱਸ.ਪੀ. ਹਰਿੰਦਰ ਸਿੰਘ ਡੋਡ, ਜ਼ਿਲ੍ਹਾ ਪ੍ਰਧਾਨ 'ਆਪ' ਹਰਮਨਜੀਤ ਸਿੰਘ ਬਰਾੜ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ, ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਚੇਅਰਮੈਨ ਦੀਪਕ ਅਰੋੜਾ ਇੰਪਰੂਵਮੈਂਟ ਟਰੱਸਟ ਮੋਗਾ, ਵਿਧਾਇਕ ਅੰਮ੍ਰਿਤਪਾਲ ਸਿੰਘ ਹਲਕਾ ਵਿਧਾਇਕ ਦੀ ਟੀਮ ਤੋਂ ਇਲਾਵਾ, ਗੁਰਪ੍ਰੀਤ ਮਨਚੰਦਾ ਸ਼ਹਿਰੀ ਪ੍ਰਧਾਨ 'ਆਪ', ਪਲਵਿੰਦਰ ਸਿੰਘ, ਸਾਬਕਾ ਚੇਅਰਮੈਨ ਹਰਮੇਲ ਸਿੰਘ ਮੌੜ, ਸੁਖਜੀਤ ਸਿੰਘ ਮਾਹਲਾ ਆਦਿ ਨੇ ਹਾਜ਼ਰੀਆਂ ਲਗਵਾਈਆਂ।

# ਸਨੇਰ 'ਚ ਗੁਰਦੁਆਰਾ ਪ੍ਰਬੰਧਕ ਨੇ ਦਲਿਤ ਪਰਵਾਰ ਨੂੰ ਮਰਗ ਦੇ ਭੋਗ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣ ਤੋਂ ਕੀਤੀ ਨਾਂਹ



ਮ੍ਰਿਤਕ ਨੌਜਵਾਨ ਦਾ ਪਿਤਾ ਤੇ ਉਸ ਦੇ ਰਿਸ਼ਤੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾ ਦੇਣ 'ਤੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ।

**ਜ਼ੀਰਾ (ਨਰਿੰਦਰ ਕੁਮਾਰ)**-ਕੁਝ ਦਿਨ ਪਹਿਲਾਂ ਜ਼ੀਰਾ ਦੇ ਨੇੜਲੇ ਪਿੰਡ ਸਨੇਰ ਵਿਖੇ ਧਰਮਵੀਰ ਸਿੰਘ ਨਾਮ ਦੇ ਇੱਕ ਦਲਿਤ ਪਰਿਵਾਰ ਦੇ ਨੌਜਵਾਨ ਦੀ ਹਾਰਟ ਅਟੈਕ ਨਾਲ ਅਚਾਨਕ ਮੌਤ ਹੋ ਗਈ ਸੀ। ਰੀਤੀ ਰਿਵਾਜਾਂ ਮੁਤਾਬਕ ਸ਼ਮਸ਼ਾਨਘਾਟ ਵਿੱਚੋਂ ਫੁੱਲਾਂ ਦੀ ਰਸਮ ਤੋਂ ਬਾਅਦ ਧਰਮਵੀਰ ਸਿੰਘ (31 ਸਾਲ) ਪੁੱਤਰ ਮਲਕੀਤ ਸਿੰਘ ਦਾ ਸਿੱਖੀ ਪ੍ਰੰਪਰਾ ਨਾਲ ਭੋਗ ਪਾਉਣਾ ਸੀ। ਅੱਜ ਸਵੇਰੇ ਜਦੋਂ ਮ੍ਰਿਤਕ ਦਾ ਭੋਗ ਪਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈਣ ਗਏ ਤਾਂ ਉਥੇ ਦੇ ਗੁਰਦੁਆਰਾ ਪ੍ਰਬੰਧਕ ਨੈਬ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾ ਕਿਹਾ ਕਿ ਤੁਸੀਂ ਹਿੰਦੂ ਰੀਤੀ-ਰਿਵਾਜਾਂ ਨੂੰ ਮੰਨਦੇ ਹੋ ਤੇ ਮਾਤਾ ਦੇ ਮੰਦਰ ਜਾਂਦੇ ਹੋ, ਇਸ ਲਈ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਹੀਂ ਦਿੱਤੀ ਜਾਵੇਗੀ, ਕਿਉਂਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦਾ ਖਤਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣ ਤੋਂ ਨਾਂਹ ਕਰਨ ਤੋਂ ਬਾਅਦ ਦਲਿਤ ਪਰਿਵਾਰਾਂ ਵਿੱਚ ਬਹੁਤ ਗੁੱਸਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸ਼੍ਰੋਮਣੀ ਕਮੇਟੀ ਕਹਿੰਦੀ ਹੈ ਕਿ ਪਿੰਡ ਵਿੱਚ ਇੱਕ ਗੁਰਦੁਆਰਾ ਹੋਣਾ ਚਾਹੀਦਾ ਹੈ, ਦੂਜੇ ਪਾਸੇ ਦਲਿਤ ਪਰਿਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਹੀਂ ਦਿੱਤੀ ਜਾ ਰਹੀ। ਵੱਡੀ ਗੱਲ ਇਹ ਹੈ ਕਿ ਇਹ ਗੁਰਦੁਆਰਾ ਸ਼੍ਰੋਮਣੀ ਕਮੇਟੀ ਦੇ ਅਧੀਨ ਹੀ ਆਉਂਦਾ ਹੈ। ਇਥੇ ਵੱਡੀ ਗਿਣਤੀ ਵਿੱਚ ਪਹੁੰਚੇ ਦਲਿਤ ਪਰਿਵਾਰਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੀ ਨਹੀਂ ਦੇਣਗੇ ਤਾਂ ਮਜਬੂਰੀਵਸ ਸਾਨੂੰ ਦੂਸਰਾ ਗੁਰਦੁਆਰਾ ਸਾਹਿਬ ਤਿਆਰ ਕਰਨਾ ਪਵੇਗਾ, ਅਸੀਂ ਗੁਰਦਵਾਰਾ ਸਾਹਿਬ ਨਵਾਂ ਬਣਾ ਕੇ ਗੁਰੂ ਸਾਹਿਬ ਦਾ ਪ੍ਰਕਾਸ਼ ਕਰਾਂਗੇ।

## ਕਾਤਰਾਂ

### ਮਾਲਵਾ ਲਿਖਾਰੀ ਸਭਾ ਦਾ ਸਥਾਪਨਾ ਦਿਵਸ 25 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਆਪਣੇ ਦਸਵੇਂ ਸਥਾਪਨਾ ਦਿਵਸ ਨੂੰ ਸਮਰਪਤ ਸਾਹਿਤਕ ਸਮਾਗਮ 25 ਜੂਨ ਨੂੰ ਸਵੇਰੇ 10:00 ਵਜੇ ਹੋਟਲ ਈਟਿੰਗ ਮਾਲ, ਬਰਨਾਲਾ ਕਚੀਆਂ, ਸੰਗਰੂਰ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਦੀ ਪ੍ਰਧਾਨਗੀ ਉੱਘੇ ਨਾਵਲਕਾਰ ਪ੍ਰਗਟ ਸਿੰਘ ਸਤੌਜ ਕਰਨਗੇ। ਇਸ ਸਮਾਗਮ 'ਚ ਸਭਾ ਵੱਲੋਂ ਦਿੱਤਾ ਜਾਣ ਵਾਲਾ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਗਿਆਨੀ ਜਗੀਰ ਸਿੰਘ ਰਤਨ ਨੂੰ, ਸ੍ਰੀ ਮੋਘ ਗੋਇਲ ਯਾਦਗਾਰੀ ਗਲਪ ਪੁਰਸਕਾਰ ਬਿੰਦਰ ਸਿੰਘ ਖੁੱਡੀ ਕਲਾਂ ਨੂੰ ਅਤੇ ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਧਨੌਲ ਵਾਲੇ ਪਾਠਕ ਭਰਾਵਾਂ ਦੇ ਕਵੀਸ਼ਰੀ ਜਥੇ ਨੂੰ ਦਿੱਤਾ ਜਾਵੇਗਾ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜਖਲਾ ਨੇ ਦੱਸਿਆ ਕਿ ਇਸ ਮੌਕੇ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।

### ਕਰਜ਼ੇ ਤੋਂ ਤੰਗ ਨੌਜਵਾਨ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ



**ਬਰੇਟਾ (ਰੀਤਵਾਲ)**-ਆਰਥਿਕ ਤੰਗੀ ਕਾਰਨ ਮਜ਼ਦੂਰ ਵੱਲੋਂ ਫਾਹਾ ਲੈ ਕੇ ਆਤਮ ਹੱਤਿਆ ਕਰ ਲੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਨੇ ਦੱਸਿਆ ਕਿ ਪਿੰਡ ਬਹਾਦਰਪੁਰ ਦੇ ਨੌਜਵਾਨ ਜਵਾਹਰ ਲਾਲ (30 ਸਾਲਾ), ਜੋ ਆਪਣੇ ਪਿਤਾ ਦੀ ਬਿਮਾਰੀ ਕਾਰਨ ਕਰਜ਼ੇ ਹੇਠ ਆ ਗਿਆ ਸੀ, ਤੋਂ ਇਲਾਵਾ ਉਸ ਦਾ ਛੋਟਾ ਭਰਾ ਵੀ ਤੰਗੀ ਕਾਰਨ ਖੁਦਕੁਸ਼ੀ ਕਰ ਗਿਆ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ, ਜਿਸ ਨੇ ਅੱਜ ਕਰਜ਼ੇ ਦਾ ਬੋਝ ਨੂੰ ਨਾ ਸਹਾਰਦਿਆਂ ਘਰ ਅੰਦਰ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਹ ਆਪਣੇ ਪਿੱਛੇ ਪਤਨੀ ਤੋਂ ਇਲਾਵਾ 2 ਲੜਕੀਆਂ ਤੇ ਇੱਕ ਲੜਕਾ ਛੱਡ ਗਿਆ। ਪੁਲਸ ਨੇ ਮ੍ਰਿਤਕ ਦੀ ਪਤਨੀ ਲਖਵਿੰਦਰ ਕੌਰ ਦੇ ਬਿਆਨ 'ਤੇ ਪੋਸਟ ਮਾਰਟਮ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ। ਉਧਰ ਮਜ਼ਦੂਰ ਮੁਕਤੀ ਮੋਰਚਾ ਦੇ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਗਰੀਬ ਮਜ਼ਦੂਰਾਂ ਦਾ ਕਰਜ਼ਾ ਮਾਫ ਕਰਕੇ ਗਰੀਬਾਂ ਦੇ ਘਰ ਉਜੜਨ ਤੋਂ ਬਚਾਏ ਜਾਣ। ਅਖੀਰ ਵਿੱਚ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਰਿਵਾਰ ਨੂੰ ਆਰਥਿਕ ਤੌਰ 'ਤੇ ਵਿੱਤੀ ਸਹਾਇਤਾ ਦਿੱਤੀ ਜਾਵੇ।

### ਵੱਖ-ਵੱਖ ਕੇਸਾਂ ਦੇ ਭਗੌੜੇ ਗ੍ਰਿਫਤਾਰ

**ਜਗਰਾਓਂ (ਅਮਿਤ ਖੰਨਾ)**-ਡੀ.ਐੱਸ.ਪੀ. ਜਗਰਾਓਂ ਦੀ ਅਗਵਾਈ ਹੇਠ ਕਾਰਵਾਈ ਕਰਦੇ ਥਾਣਾ ਸਦਰ ਪਲਸ ਵੱਲੋਂ ਭਗੌੜੇ ਹਰਮੀਤ ਸਿੰਘ ਮੀਤਾ ਪੁੱਤਰ ਨਿਰੰਜਨ ਸਿੰਘ ਤੇ ਜਗਸੀਰ ਮੁਹੰਮਦ ਉਰਫ ਜਗਸੀਰ ਸਿੰਘ ਸੀਰਾ ਪੁੱਤਰ ਬਲਵੀਰ ਖਾਨ ਨੂੰ ਮੋਗਾ ਵਿਖੇ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਉਸ ਵਿਰੁੱਧ ਵੱਖ-ਵੱਖ ਜ਼ਿਲ੍ਹਿਆਂ ਦੇ ਥਾਣਿਆਂ 'ਚ ਲੁੱਟ-ਖੋਹ ਦੇ 10 ਮੁਕੱਦਮੇ ਦਰਜ ਹਨ। ਇਹ ਦੋਵੇਂ ਹਠੂਰ ਥਾਣੇ ਦੇ ਕੇਸ ਵਿੱਚ ਭਗੌੜੇ ਹਨ। ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ।

# ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਯੋਗ ਕਰਨਾ ਜ਼ਰੂਰੀ : ਹਰਮਨਬੀਰ ਗਿੱਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੀ ਸੁਪਰਵੀਜ਼ਨ ਹੇਠ ਤਿੰਨੋਂ ਸਬ-ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਵਿਖੇ ਯੋਗ ਕੈਂਪ ਲਗਾ ਕੇ ਯੋਗ ਕਰਵਾਇਆ ਗਿਆ। ਇਨ੍ਹਾਂ ਯੋਗ ਕੈਂਪ ਵਿੱਚ ਰਮਨਦੀਪ ਸਿੰਘ ਭੁੱਲਰ ਐੱਸ.ਪੀ. (ਡੀ), ਅਵਤਾਰ ਸਿੰਘ ਡੀ.ਐੱਸ.ਪੀ (ਐੱਚ), ਬਲਕਾਰ ਸਿੰਘ ਡੀ.ਐੱਸ.ਪੀ (ਮਲੋਟ), ਜਸਬੀਰ ਸਿੰਘ ਡੀ.ਐੱਸ.ਪੀ (ਗਿੱਦੜਬਾਹਾ) ਤੇ ਸਮੂਹ ਥਾਣਾ ਇੰਚਾਰਜਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਯੋਗ ਪ੍ਰੋਗਰਾਮ ਵਿੱਚ ਪੁਲਸ ਕ੍ਰਮਚਾਰੀਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਵਧ ਚੜ੍ਹ ਕੇ ਹਿੱਸਾ ਲਿਆ ਗਿਆ। ਇਸ ਯੋਗ ਪ੍ਰੋਗਰਾਮ ਵਿੱਚ ਯੋਗ ਉਸਤਾਦ ਗੁਰਵਿੰਦਰ ਸਿੰਘ ਦੀ ਟੀਮ ਵੱਲੋਂ ਪੁਲਸ ਕ੍ਰਮਚਾਰੀਆਂ ਨੂੰ ਆਪਣੀ ਸਿਹਤ, ਸਰੀਰਕ ਤੰਦਰੁਸਤੀ ਤੇ ਮਨ ਦੀ ਇਕਾਗਰਤਾ ਲਈ ਯੋਗ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਵੱਖ ਵੱਖ ਯੋਗ ਆਸਣ ਕਰਵਾਏ ਗਏ ਤੇ ਇਨ੍ਹਾਂ ਦੇ ਫਾਇਦੇ ਸਬੰਧੀ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਐੱਸ.ਐੱਸ.ਪੀ ਸ੍ਰ. ਹਰਮਨਬੀਰ ਸਿੰਘ ਗਿੱਲ ਨੇ ਪੁਲਸ ਮੁਲਾਜ਼ਮਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਪੁਲਸ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਕਰਨ ਦੇ ਨਾਲ ਨਾਲ ਸਿਹਤ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਅਤੇ ਯੋਗ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਯੋਗ ਇੱਕ ਕਸਰਤ ਹੀ ਨਹੀਂ ਬਲਕਿ ਕੁਦਰਤ ਨਾਲ ਏਕਤਾ ਦੀ ਭਾਵਨਾ ਨੂੰ ਖੋਜਣਾ ਵੀ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਭਵਿੱਖ ਵਿੱਚ ਵੀ ਪੁਲਸ ਕਰਮਚਾਰੀਆਂ ਦੀ ਸਿਹਤ ਨੂੰ ਧਿਆਨ 'ਚ ਰੱਖਦੇ ਹੋਏ ਇਸ ਤਰ੍ਹਾਂ ਦੇ ਪ੍ਰੋਗਰਾਮ ਕੀਤੇ ਜਾਣਗੇ। ਐੱਸ.ਐੱਸ.ਪੀ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਭ ਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਯੋਗ ਜ਼ਰੂਰ ਕਰਨਾ ਚਾਹੀਦਾ ਹੈ।

# 228 ਬਲਾਕ ਪ੍ਰਾਇਮਰੀ ਸਿੱਖਿਆ ਅ਼ਫਸਰਾਂ ਦੀਆਂ ਅਸਾਮੀਆਂ 'ਚੋਂ 111 ਅਸਾਮੀਆਂ ਖਾਲੀ



**ਮੋਗਾ (ਅਮਰਜੀਤ ਬੱਬਰੀ)**
ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੱਖੀ, ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਪ੍ਰੈੱਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕਿ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਪੁਰ ਕਰਨ ਨਾਲ ਹੀ ਸਿੱਖਿਆ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਸਿੱਖਿਆ ਤੋਂ ਹੀ ਬੱਚਿਆਂ ਦੀ ਮੁੱਢਲੀ ਪੜ੍ਹਾਈ ਦਾ ਮੁੱਢ ਬੱਝਦਾ ਹੈ। 1947 ਤੋਂ ਲੈ ਕੇ ਹੁਣ ਤੱਕ ਸੂਬੇ ਅੰਦਰ ਬਣਨ ਵਾਲੀਆਂ ਰੰਗ-ਬਰੰਗੀਆਂ ਸਰਕਾਰਾਂ ਵੱਲੋਂ ਸਿੱਖਿਆ ਵਿਚ ਸੁਧਾਰ ਕਰਨ ਦੇ ਅਨੇਕਾਂ ਦਮਗਜੇ ਮਾਰੇ ਗਏ, ਪਰ ਅਸਲੀਅਤ ਵਿੱਚ ਕਿਸੇ ਨੇ ਵੀ ਨਾ ਤਾਂ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕ ਪੂਰੇ ਕੀਤੇ ਅਤੇ ਨਾ ਹੀ ਇਨ੍ਹਾਂ ਸਕੂਲਾਂ ਨੂੰ ਚਲਾਉਣ ਵਾਲੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਅਸਾਮੀਆਂ ਪੂਰੀਆਂ ਕਰਨ ਨੂੰ ਤਰਜੀਹ ਦਿੱਤੀ, ਜਿਸ ਕਾਰਨ ਆਏ ਦਿਨ ਸਿੱਖਿਆ ਵਿੱਚ ਸੁਧਾਰ ਹੋਣ ਦੀ ਬਜਾਏ ਵਿਗਾੜ ਹੀ ਪੈਦਾ ਹੋ ਰਿਹਾ ਹੈ।

ਅਧਿਆਪਕ ਆਗੂਆਂ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਦੇ 228 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਅਸਾਮੀਆਂ ਵਿੱਚੋਂ 111 ਅਸਾਮੀਆਂ ਖਾਲੀ ਪਈਆਂ ਹਨ। ਜ਼ਿਲ੍ਹੇਵਾਰ ਖਾਲੀ ਅਸਾਮੀਆਂ ਦਾ ਬਿਓਰਾ ਦਿੰਦੇ ਸੂਬਾਈ ਅਧਿਆਪਕ ਆਗੂਆਂ ਨੇ ਦੱਸਿਆ ਕਿ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਸਿੱਖਿਆ ਮੰਤਰੀ ਪੰਜਾਬ ਦੇ ਜ਼ਿਲ੍ਹੇ ਰੂਪ ਨਗਰ 'ਚ 10 ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਵਿੱਚੋਂ 10 ਹੀ ਖਾਲੀ ਹਨ। ਜ਼ਿਲ੍ਹਾ ਜਲੰਧਰ 'ਚ 17 ਵਿੱਚੋਂ 5, ਸ਼ਹੀਦ ਭਗਤ ਸਿੰਘ ਨਗਰ 'ਚ 7 'ਚੋਂ 6, ਹੁਸ਼ਿਆਰਪੁਰ 'ਚ 21 ਵਿੱਚੋਂ 18, ਅੰਮ੍ਰਿਤਸਰ ਵਿੱਚ 15 ਵਿੱਚੋਂ 14, ਲੁਧਿਆਣਾ ਵਿੱਚ 19 ਵਿੱਚੋਂ 14, ਕਪੂਰਥਲਾ ਵਿਚ 9 ਵਿੱਚੋਂ 6, ਮੋਹਾਲੀ 'ਚ 8 ਵਿਚੋਂ 2, ਮਾਨਸਾ 'ਚ 5 ਵਿੱਚੋਂ 4, ਤਰਨਤਾਰਨ 'ਚ 9 ਵਿੱਚੋਂ 3, ਪਟਿਆਲਾ 'ਚ 16 ਵਿੱਚੋਂ 2, ਪਠਾਨਕੋਟ 'ਚ 7 ਵਿੱਚੋਂ 3, ਫ਼ਾਜ਼ਿਲਕਾ 'ਚ 8 ਵਿੱਚੋਂ 1, ਮੁਕਤਸਰ ਸਾਹਿਬ 'ਚ 6 ਵਿੱਚੋਂ 3, ਬਠਿੰਡਾ 'ਚ 7 ਵਿੱਚੋਂ 5, ਫ਼ਰੀਦਕੋਟ 'ਚ 5 ਵਿੱਚੋਂ 1, ਸੰਗਰੂਰ 'ਚ 9 ਵਿੱਚੋਂ 2, ਮਲੇਰਕੋਟਲਾ 'ਚ 3 ਵਿੱਚੋਂ 1 ਤੇ ਗੁਰਦਾਸਪੁਰ 'ਚ 19 'ਚੋਂ 8 ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਖਾਲੀ ਹਨ।

ਉਨ੍ਹਾਂ ਕਿਹਾ ਕਿ ਏਨੀਆਂ ਅਸਾਮੀਆਂ ਖਾਲੀ ਹੋਣ ਕਾਰਨ ਸਿੱਖਿਆ ਦੇ ਮੁਢਲੇ ਅਧਾਰ 'ਤੇ ਪ੍ਰਾਇਮਰੀ ਸਿੱਖਿਆ, ਮਿੰਡ ਡੇ ਮੀਲ, ਕਿਤਾਬਾਂ ਤੇ ਗ੍ਰਾਂਟਾਂ ਦੀ ਵੰਡ ਕਰਨ ਸਮੇਤ ਕਈ ਹੋਰ ਅਹਿਮ ਵਿੱਦਿਅਕ ਸਕੀਮਾਂ ਦਾ ਕੰਮ ਵੀ ਪ੍ਰਭਾਵਤ ਹੋ ਰਿਹਾ ਹੈ। ਅਨੇਕਾਂ ਅਸਾਮੀਆਂ ਖਾਲੀ ਹੋਣ ਕਾਰਨ ਇਕ ਬੀ.ਪੀ.ਈ.ਓ ਨੂੰ 2 ਤੋਂ ਲੈ ਕੇ 4-4 ਬਲਾਕਾਂ ਦਾ ਵਾਧੂ ਚਾਰਜ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਇਸ ਕਾਰਨ ਜਿੱਥੇ ਬੀ.ਪੀ.ਈ.ਓਜ਼ ਨੂੰ ਮਾਨਸਿਕ ਦਬਾਅ ਝੱਲਣਾ ਪੈ ਰਿਹਾ ਹੈ, ਉੱਥੇ ਬਹੁਤ ਸਾਰੇ ਬਲਾਕਾਂ ਦਾ ਕੰਮ ਵੀ ਪ੍ਰਭਾਵਤ ਹੋ ਰਿਹਾ ਹੈ। ਅਧਿਆਪਕ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੀ.ਪੀ.ਈ.ਓ. ਦੀਆਂ 75 ਫ਼ੀਸਦੀ ਤਰੱਕੀ ਕੋਟੇ ਅਨੁਸਾਰ ਤੇ 25 ਫ਼ੀਸਦੀ ਅਸਾਮੀਆਂ ਸਿੱਧੀ ਭਰਤੀ ਰਾਹੀਂ ਕਰਕੇ ਜਲਦ ਤੋਂ ਜਲਦ ਖਾਲੀ ਅਸਾਮੀਆਂ ਪੁਰ ਕੀਤੀਆਂ ਜਾਣ, ਤਾਂ ਜੁ ਪ੍ਰਾਇਮਰੀ ਸਿੱਖਿਆ ਵਿੱਚ ਕੁੱਝ ਸੁਧਾਰ ਹੋ ਸਕੇ।

# ਬਾਲਿਆਂਵਾਲੀ 'ਚ ਵਿਸ਼ਵ ਯੋਗ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ ਵਿੱਚ ਵਿਸ਼ਵ ਯੋਗ ਦਿਵਸ ਮਨਾਇਆ ਗਿਆ। ਐੱਸ.ਐੱਮ.ਓ. ਡਾ. ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਲੜੀ ਤਹਿਤ ਯੋਗ ਹਫਤਾ ਮਨਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਵੇਰ ਵੇਲੇ ਯੋਗ ਕਰਨ ਨਾਲ ਸਾਰੇ ਸਰੀਰ ਦੀ ਕਸਰਤ ਹੁੰਦੀ ਹੈ, ਜਿਸ ਨਾਲ ਸਾਡੀ ਸਿਹਤ ਤੰਦਰੁਸਤ ਰਹਿੰਦੀ ਹੈ ਤੇ ਅਸੀਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਾਂ। ਉਨ੍ਹਾ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਯੋਗਾ ਕਰਨ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਾਨੂੰ ਮੋਟਾ ਅਨਾਜ ਖਾਣਾ ਚਾਹੀਦਾ ਹੈ ਜਿਵੇਂ ਕਿ ਰਾਗੀ, ਬਾਜਰਾ, ਕੰਗਣੀ, ਜਵਾਰ, ਹਰੀ ਕੰਗਣੀ, ਕੋਦਰਾ ਆਦਿ ਦੀ ਵਰਤੋਂ ਨਾਲ ਕੈਲਸ਼ੀਅਮ, ਆਇਰਨ ਪ੍ਰੋਟੀਨ, ਫਾਈਬਰ, ਮਿਨਰਲ ਆਦਿ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਸ ਮੌਕੇ ਉੱਪ ਵੈਦ ਸੰਦੀਪ ਨੇ ਯੋਗਾ ਕਰਨ ਦੇ ਢੰਗ ਤਰੀਕੇ ਲੋਕਾਂ ਨੂੰ ਦੱਸੇ ਤੇ ਕਿਹਾ ਕਿ ਇਸ ਨੂੰ ਸਾਡੇ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਜਗਤਾਰ ਸਿੰਘ ਬਲਾਕ ਐਜੂਕੇਟਰ ਤੇ ਮਨਜੀਤ ਬਲਾਕ ਐਜੂਕਟਰ ਨੇ ਦੱਸਿਆ ਕਿ ਮੋਟਾ ਅਨਾਜ ਖਾਣਾ ਸਾਡੇ ਜੀਵਨ ਦਾ ਹਿੱਸਾ ਹੁੰਦੇ ਸੀ, ਹੁਣ ਅਸੀਂ ਇਸ ਨੂੰ ਵਿਸਾਰ ਚੁੱਕੇ ਹਾਂ ਤੇ ਇਹ ਖਾਣੇ ਹੁਣ ਸਾਡੀ ਥਾਲੀ ਤੋਂ ਲਗਭਗ ਪੂਰੀ ਤਰ੍ਹਾਂ ਗਾਇਬ ਹੋ ਚੁੱਕੇ ਹਨ। ਇਸ ਸਮੇਂ ਹੈਲਥ ਸੁਪਰਵਾਈਜ਼ਰ ਪਵਨ ਕੁਮਾਰ, ਸਾਧੂ ਰਾਮ, ਸਿਹਤ ਕਰਮਚਾਰੀ ਪ੍ਰੈਟੀ ਸ਼ਰਮਾ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਅਮਰਜੀਤ ਸਿੰਘ ਚੇਅਰਮੈਨ ਵੱਲੋਂ ਧਰਮ ਪਤਨੀ ਦੀ ਯਾਦ 'ਚ ਬਣਾਏ ਕਮਰਿਆਂ ਦਾ ਉਦਘਾਟਨ



ਪਰਮਜੀਤ ਕੌਰ ਦੀ ਯਾਦ 'ਚ ਬਣਾਏ ਕਮਰਿਆਂ ਦਾ ਉਦਘਾਟਨ ਕਰਦੇ ਮੁੱਖ ਸੇਵਾਦਾਰ ਤੇ ਨਾਲ ਖੜੇ ਅਮਰਜੀਤ ਸਿੰਘ ਮਾਣੂੰਕੇ।

**ਬਾਘਾ ਪੁਰਾਣਾ (ਮਨੀ ਸਿੰਗਲਾ)**
ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਵੱਲੋਂ ਆਪਣੀ ਸਵ: ਪਤਨੀ ਪਰਮਜੀਤ ਕੌਰ ਦੀ ਯਾਦ ਨੂੰ ਸਮਰਪਤ ਬਣਾਏ ਗਏ ਕਮਰਿਆਂ ਅਤੇ ਬਰਾਂਡੇ ਦਾ ਉਦਘਾਟਨ ਬਾਬਾ ਸੁਹੇਲ ਸਿੰਘ ਦਰਵੇਸ਼ ਅਤੇ ਬਾਬਾ ਬਸੰਤ ਲਾਲ ਦਰਵੇਸ਼ ਦੀ ਜਗ੍ਹਾ ਦੇ ਮੁੱਖ ਸੇਵਾਦਾਰਾਂ ਨੇ ਕੀਤਾ। ਸੰਤ ਬਾਬਾ ਸੇਵਾ ਦਾਸ ਜੀ ਮਹਾਰਾਜ ਵਾਲੀ ਗਊਸ਼ਾਲਾ ਵਿਖੇ ਬਣਾਏ ਗਏ ਕਮਰੇ ਤੇ ਵਰਾਂਡੇ ਨੂੰ ਗਊਆਂ ਦੀ ਸੇਵਾ ਵਿਚ ਅਰਪਣ ਕਰਨ ਦੀ ਉਦਘਾਟਨੀ ਰਸਮ ਬਾਬਾ ਸੇਵਕ ਦਾਸ ਦਰਵੇਸ਼ ਤੇ ਬਾਬਾ ਗੁਰਚਰਨ ਸਿੰਘ ਦਰਵੇਸ ਹੁਰਾਂ ਨੇ ਨਿਭਾਈ, ਜਿਨ੍ਹਾਂ ਨੇ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਅਤੇ ਪਰਵਾਰਕ ਮੈਂਬਰਾਂ ਸੁਖਵਿੰਦਰ ਸਿੰਘ ਕੈਨੇਡਾ, ਹਰਸਿਮਰਨ ਸਿੰਘ ਕੈਨੇਡਾ, ਸਾਹਿਬਪ੍ਰੀਤ ਸਿੰਘ ਕੈਨੇਡਾ ਤੇ ਠੇਕੇਦਾਰ ਰਜਿੰਦਰ ਸਿੰਘ ਦੀ ਪਿੱਠ ਥਾਪੜਦਿਆਂ ਅਸ਼ੀਰਵਾਦ ਦਿੱਤਾ ਤੇ ਅਜਿਹੀਆਂ ਸੇਵਾਵਾਂ ਨੂੰ ਨਿਰੰਤਰ ਰੱਖਣ ਦੀ ਅਰਦਾਸ ਕੀਤੀ। ਗਊਸ਼ਾਲਾ ਦੇ ਪ੍ਰਧਾਨ ਅਤੇ ਸਾਬਕਾ ਸਰਪੰਚ ਬਲਦੇਵ ਸਿੰਘ ਕੈਨੇਡਾ ਨੇ ਦੱਸਿਆ ਕਿ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਨੂੰ ਲੋਕ ਸੇਵੀ ਕਾਰਜਾਂ ਪ੍ਰਤੀ ਹਮੇਸ਼ਾ ਉਤਸ਼ਾਹਤ ਕਰਦੀ ਰਹਿਣ ਵਾਲੀ ਉਨ੍ਹਾਂ ਦੀ ਧਰਮ ਪਤਨੀ ਸਵ: ਪਰਮਜੀਤ ਕੌਰ ਨੂੰ ਸਦੀਵੀ ਜ਼ਿੰਦਾ ਰੱਖਣ ਤੇ ਗਊਆਂ ਦੀ ਸੇਵਾ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਨੂੰ ਹੋਰਨਾਂ ਲਈ ਰਾਹ ਦਸ਼ੇਰਾ ਬਨਾਉਣ ਲਈ ਪਰਵਾਰ ਦਾ ਇਹ ਉਦਮ ਸਹਾਈ ਸਿੱਧ ਹੋਵੇਗਾ। ਉਦਘਾਟਨੀ ਰਸਮ ਮੌਕੇ ਜੁੜੇ ਪਿੰਡ ਅਤੇ ਇਲਾਕੇ ਦੀਆਂ ਮੋਹਤਵਰ ਰਾਜਨੀਤਕ ਅਤੇ ਸਮਾਜ ਸੇਵੀ ਸ਼ਖ਼ਸੀਅਤਾਂ ਰਾਜਸੱਤਾ ਦੇ ਆਗੂ ਬਲਦੇਵ ਸਿੰਘ ਮਾਣੂੰਕੇ (ਹਲਕਾ ਇੰਚਾਰਜ) ਸਰਪੰਚ ਭੋਲਾ ਸਿੰਘ, ਸਰਪੰਚ ਨਿਰਮਲ ਸਿੰਘ, ਸਰਪੰਚ ਜਸਪਾਲ ਸਿੰਘ, ਸਰਪੰਚ ਤਾਰਾ ਸਿੰਘ, ਸਰਪੰਚ ਹਰਨੇਕ ਸਿੰਘ, ਪਰਮਿੰਦਰ ਸਿੰਘ ਕੈਨੇਡੀਅਨ, ਬਲਕਰਨ ਸਿੰਘ ਸਾਬਕਾ ਮੈਂਬਰ ਬਲਾਕ ਸੰਮਤੀ, ਮੱਖਣਜੀਤ ਪਟਵਾਰੀ, ਰਾਜੂ ਅਰੋੜਾ ਹੁਰਾਂ ਨੇ ਚੇਅਰਮੈਨ ਪਰਵਾਰ ਵੱਲੋਂ ਸਕੂਲ, ਸ਼ਮਸ਼ਾਨਘਾਟ, ਗਲੀਆਂ, ਨਾਲੀਆਂ ਤੇ ਸਟੇਡੀਅਮ ਆਦਿ ਦੇ ਨਿਰਮਾਣ ਲਈ ਕੀਤੇ ਉਦਮ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਇਸ ਮੌਕੇ ਹੋਰ ਵੀ ਅਨੇਕਾ ਸੰਗਤਾਂ ਹਾਜ਼ਰ ਸਨ, ਜਿਨ੍ਹਾਂ ਨੇ ਚੇਅਰਮੈਨ ਮਾਣੂੰਕੇ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਪ੍ਰੇਰਤ ਕਰਕੇ ਪਿੰਡ ਦੇ ਵਿਕਾਸ ਵਾਲੀ ਲਗਾਈ ਲਟ-ਲਟ ਕਰਦੀ ਮਿਸਾਲ ਨੂੰ ਕਦੇ ਮੱਠੀ ਨਾ ਪੈਣ ਦੇਣ।

# ਖਾਦ ਦੇ ਨਾਲ ਕੋਈ ਵੀ ਵਸਤੂ ਬਿਨਾਂ ਲਾਇਸੰਸ ਤੋਂ ਨਾ ਥੋਪੀ ਜਾਵੇ : ਬੀ ਕੇ ਯੂ ਕਾਦੀਆਂ



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ।

**ਮੋਗਾ (ਅਮਰਜੀਤ ਬੱਬਰੀ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ (ਰਜਿ) ਪੰਜਾਬ ਜ਼ਿਲ੍ਹਾ ਮੋਗਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖੇ ਹੋਈ, ਜਿਸ ਦੀ ਕਾਰਵਾਈ ਜ਼ਿਲ੍ਹਾ ਜਨਰਲ ਸਕੱਤਰ ਸ੍ਰ. ਗੁਰਬਚਨ ਸਿੰਘ ਚਨੂੰਵਾਲਾ ਨੇ ਆਰੰਭ ਕੀਤੀ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਸ੍ਰ. ਗੁਰਮੀਤ ਸਿੰਘ ਸੰਧੂਆਣਾ ਨੇ ਪ੍ਰੈੱਸ ਨੂੰ ਰਿਲੀਜ਼ ਕੀਤੀ। ਇਸ ਮੀਟਿੰਗ ਵਿੱਚ ਰਛਪਾਲ ਸਿੰਘ ਪਟਵਾਰੀ, ਗੁਰਮੇਲ ਸਿੰਘ ਡਰੋਲੀ, ਅੱਤਰ ਸਿੰਘ ਸੋਨੂੰ ਬਾਗ ਗਲੀ ਮੋਗਾ, ਸੁਰਜੀਤ ਸਿੰਘ ਫਤਿਹਗੜ੍ਹ ਕੋਰੋਟਾਣਾ, ਮੁਕੰਦ ਕਮਲ ਬਾਘਾ ਪੁਰਾਣਾ, ਦਰਸ਼ਨ ਸਿੰਘ ਰੌਲੀ, ਇਕਬਾਲ ਸਿੰਘ ਗਲੋਟੀ, ਮੇਜਰ ਸਿੰਘ ਘੋਲੀਆ, ਅੰਗਰੇਜ ਸਿੰਘ ਦੌਲਤਪੁਰਾ ਸਾਬਕਾ ਸਰਪੰਚ, ਕੁਲਜਿੰਦਰ ਸਿੰਘ ਤਖਤੂਪੁਰਾ ਆਦਿ ਨੇ ਸੰਬੋਧਨ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ. ਮਾਣੂੰਕੇ ਤੇ ਸ੍ਰ. ਗੁਲਜਾਰ ਸਿੰਘ ਘੱਲਕਲਾਂ ਨੇ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀ ਆਪਣੇ ਚਹੇਤਿਆਂ ਹੱਥੋਂ ਘਟੀਆ ਤੇ ਗੈਰ-ਮਿਆਰੀ ਵਸਤੂਆਂ (ਗੋਬਰ, ਖਾਦ ਵਗੈਰਾ) ਜੋ ਕਿ ਰਸਾਇਣਕ ਖਾਦਾਂ ਦੇ ਨਾਲ ਡੀਲਰਾਂ ਤੇ ਸੁਸਾਇਟੀਆਂ ਰਾਹੀਂ ਜਬਰਨ ਕਿਸਾਨਾਂ ਸਿਰ ਮੜ੍ਹਨ ਲਈ ਕਾਹਲੀ ਪਈ ਹੋਈ ਹੈ, ਜਿਸ ਦੀ ਤਾਜ਼ਾ ਮਿਸਾਲ ਜ਼ਿਲ੍ਹਾ ਮੋਗਾ ਤੋਂ ਗੈਰ-ਮਿਆਰੀ ਗੋਬਰ, ਖਾਦ ਤੇ ਹੋਰ ਵਸਤੂਆਂ ਦੇ ਭਰੇ ਵੱਡੇ ਟਰਾਲੇ ਵਾਪਸ ਭੇਜੇ ਜਾਣ ਤੋਂ ਬਾਅਦ ਤੁਰੰਤ ਕੇਂਦਰੀ ਵਧੀਕ ਸਕੱਤਰ (ਖਾਦ) ਵੱਲੋਂ ਇੱਕ ਚਿੱਠੀ ਜਾਰੀ ਕਰਕੇ ਨਾਦਰਸ਼ਾਹੀ ਫੁਰਮਾਨ ਜਾਰੀ ਕੀਤਾ, ਜਿਸ ਵਿੱਚ ਕਿਸਾਨਾਂ ਨੂੰ ਉਪਰੋਕਤ ਵਸਤੂਆਂ ਘੱਟੋ ਘੱਟ 2 ਬੋਰੀਆਂ ਖਾਦ ਦੇ ਨਾਲ ਇੱਕ ਬੋਰੀ ਗੈਰ-ਮਿਆਰੀ ਗੋਬਰ ਖਾਦ ਦਾ ਦੇਣਾ ਯਕੀਨੀ ਬਣਾਇਆ ਜਾਣ ਦਾ ਫੁਰਮਾਨ ਜਾਰੀ ਕੀਤਾ, ਜਿਸ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਟੀਮ ਜ਼ਿਲ੍ਹਾ ਮੋਗਾ ਵੱਲੋਂ ਸੈਕਟਰੀਏਟ ਪਹੁੰਚ ਕੇ ਮਾਨਯੋਗ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ। ਉਨ੍ਹਾਂ ਨੇ ਯਕੀਨ ਦੁਆਇਆ ਕਿ ਪੰਜਾਬ ਵਿੱਚ ਇਸ ਤਰ੍ਹਾਂ ਦੀ ਕੋਈ ਵੀ ਘਟੀਆ ਗੈਰ-ਮਿਆਰੀ ਵਸਤੂ ਵਿਕਣ ਨਹੀਂ ਦਿੱਤੀ ਜਾਵੇਗੀ, ਸਗੋਂ ਮੰਤਰੀ ਸਾਹਿਬ ਦੇ ਕਹਿਣ ਮੁਤਾਬਿਕ ਕਿ ਪੰਜਾਬ ਦੇ ਕਿਸਾਨਾਂ ਕੋਲ ਆਪਣੀ ਵਧੀਆ ਕੁਆਲਟੀ ਦੀ ਰੂੜੀ ਖਾਦ ਜ਼ਰੂਰਤ ਮੁਤਾਬਿਕ ਉਪਲੱਬਧ ਹੈ।

ਸ੍ਰ. ਚੰਨੂਵਾਲਾ ਤੇ ਸ੍ਰ. ਪਟਵਾਰੀ ਨੇ ਦੱਸਿਆ ਕਿ ਕਿਸਾਨਾਂ ਨੂੰ ਖਾਦਾਂ 60% ਸੁਸਾਇਟੀਆਂ ਰਾਹੀਂ ਸਪਲਾਈ ਕੀਤੀਆਂ ਜਾਂਦੀਆਂ ਹਨ। ਆਗੂਆਂ ਡੀ. ਆਰ. ਮੋਗਾ ਨੂੰ ਅਪੀਲ ਕੀਤੀ ਕਿ ਖਾਦ ਦੇ ਨਾਲ ਕਿਸੇ ਕਿਸਮ ਦੀ ਕੋਈ ਵੀ ਵਸਤੂ ਬਿਨਾਂ ਲਾਇਸੰਸ ਤੋਂ ਨਾ ਥੋਪੀ ਜਾਵੇ। ਪਿਛਲੇ ਸਮੇਂ ਵਿੱਚ ਸੁਸਾਇਟੀਆਂ ਰਾਹੀਂ ਕਿਸਾਨਾਂ ਦੀ ਬਹੁਤ ਵੱਡੀ ਆਰਥਿਕ ਲੁੱਟ ਕੀਤੀ ਜਾਂਦੀ ਰਹੀ ਹੈ। ਖੇਤੀਬਾੜੀ ਵਿਭਾਗ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਕਿਸਾਨਾਂ ਨੂੰ ਲੁੱਟ ਤੋਂ ਬਚਾਇਆ ਜਾਵੇ ਤੇ ਵਧੀਆ ਕੁਆਲਟੀ ਦੀਆਂ ਖਾਦਾਂ ਦੀ ਵਿਕਰੀ ਯਕੀਨੀ ਬਣਾਈ ਜਾਵੇ। ਮੀਟਿੰਗ ਦੌਰਾਨ ਜਥੇਬੰਦੀ ਨੇ ਫੈਸਲਾ ਕੀਤਾ ਕਿ ਡਾ. ਜਸਵਿੰਦਰ ਸਿੰਘ ਨੂੰ ਕਿਸਾਨ ਮਸੀਹਾ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿੱਚ ਪਹੁੰਚੇ ਹੋਏ ਕਿਸਾਨਾਂ ਲਈ ਚਾਹ ਤੇ ਪਾਣੀ ਦੀ ਸੇਵਾ ਹਰਜੀਵਨ ਸਿੰਘ ਤੇ ਅੱਤਰ ਸਿੰਘ ਸੋਨੂੰ ਮੋਗਾ ਵੱਲੋਂ ਨਿਭਾਈ ਗਈ।

# ਵਿਸ਼ਵ ਖੂਨਦਾਨ ਦਿਵਸ ਨੂੰ ਸਮਰਪਤ ਸਪਤਾਹਕ ਕੈਂਪ

## ਹੁਣ ਤੱਕ ਕੁੱਲ 377 ਯੂਨਿਟ ਖੂਨ ਇਕੱਤਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**
ਵਿਸ਼ਵ ਖੂਨਦਾਨ ਦਿਵਸ ਨੂੰ ਸਮਰਪਤ ਸਵੈ-ਇੱਛਕ ਖੂਨਦਾਨ ਕੈਂਪ 14 ਤੋਂ 21 ਜੂਨ ਤੱਕ ਲਗਾਤਾਰ ਦੀਪ ਹਸਪਤਾਲ ਬਲੱਡ ਸੈਂਟਰ ਫ਼ਰੀਦਕੋਟ ਅਤੇ ਵਾਦੀ ਹਸਪਤਾਲ ਬਲੱਡ ਸੈਂਟਰ ਬਠਿੰਡਾ ਵਿਖੇ ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ ਫਰੀਦਕੋਟ, ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫਰੀਦਕੋਟ, ਸਾਂਝ ਬਲੱਡ ਵੈੱਲਫੇਅਰ ਕਲੱਬ ਫਰੀਦਕੋਟ ਤੇ ਹੈਲਪ ਫਾਰ ਨੀਡੀ ਫਾਊਂਡੇਸ਼ਨ ਬਠਿੰਡਾ ਦੇ ਸਹਿਯੋਗ ਨਾਲ ਰੋਜ਼ਾਨਾ ਬਲੱਡ ਬੈਂਕ ਵਿਖੇ ਬਲੱਡ ਇਕੱਤਰ ਕੀਤੇ ਜਾਣ ਦਾ ਆਯੋਜਨ ਕੀਤਾ ਗਿਆ ਹੈ। ਇਸ ਮੌਕੇ ਗੁਰਜੀਤ ਸਿੰਘ ਹੈਰੀ ਢਿੱਲੋਂ ਸੰਚਾਲਕ ਸ੍ਰ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ ਫਰੀਦਕੋਟ ਨੇ ਦੱਸਿਆ ਕਿ ਸਵੈ-ਇੱਛਕ ਖੂਨਦਾਨ ਕੈਂਪ 14 ਤੋਂ 21 ਜੂਨ ਤੱਕ ਲਗਾਤਾਰ ਦੀਪ ਹਸਪਤਾਲ ਬਲੱਡ ਸੈਂਟਰ ਫ਼ਰੀਦਕੋਟ ਵਿਖੇ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫਰੀਦਕੋਟ, ਸਾਂਝ ਬਲੱਡ ਵੈੱਲਫੇਅਰ ਕਲੱਬ ਫਰੀਦਕੋਟ ਦੇ ਸਹਿਯੋਗ ਨਾਲ ਅੱਜ ਤੱਕ 248 ਯੂਨਿਟ ਬਲੱਡ ਸੈਂਟਰ ਵਿਖੇ ਬਲੱਡ ਇਕੱਤਰ ਕੀਤਾ ਗਿਆ। ਇਸ ਮੌਕੇ ਆਨੰਦ ਜੈਨ ਹੈਲਪ ਫਾਰ ਨੀਡੀ ਫਾਊਂਡੇਸ਼ਨ ਬਠਿੰਡਾ ਨੇ ਦੱਸਿਆ ਕਿ ਹੈਲਪ ਫਾਰ ਨੀਡੀ ਫਾਊਂਡੇਸਨ ਵੱਲੋਂ 14 ਤੋਂ 21 ਜੂਨ ਤੱਕ ਲੱਗੇ ਕੈਂਪ 'ਚ 129 ਯੂਨਿਟ ਵਾਦੀ ਹਸਪਤਾਲ ਬਠਿੰਡਾ ਵਿਖੇ ਬਲੱਡ ਸੈਂਟਰ 'ਚ ਇਕੱਤਰ ਕੀਤੇ ਗਏ।

ਇਸ ਮੌਕੇ ਧਰਮਪਾਲ ਸਿੰਘ ਇੰਚਾਰਜ ਬਲੱਡ ਬੈਂਕ ਫਰੀਦਕੋਟ ਤੇ ਸੰਦੀਪ ਜੋਸ਼ੀ ਬਲੱਡ ਬੈਂਕ ਬਠਿੰਡਾ ਨੇ ਦੱਸਿਆ ਕਿ ਅਸੀਂ ਸਮਾਜਸੇਵਾ ਨੂੰ ਸਮਰਪਤ ਜ਼ਰੂਰਤਮੰਦ ਲੋਕਾਂ ਲਈ ਬਲੱਡ ਦਾ ਪ੍ਰਬੰਧ ਕਰਦੇ ਹਾਂ ਅਤੇ ਦੀਪ ਹਸਪਤਾਲ ਬਲੱਡ ਸੈਂਟਰ ਫ਼ਰੀਦਕੋਟ ਤੇ ਵਾਦੀ ਹਸਪਤਾਲ ਬਲੱਡ ਸੈਂਟਰ ਬਠਿੰਡਾ ਲਈ ਬਲੱਡ ਇਕੱਤਰ ਕਰਦੇ ਹਾਂ। ਉਨ੍ਹਾ ਕਿਹਾ ਕਿ ਡਾਇਲਾਸਿਸ ਦੇ ਮਰੀਜ਼ਾਂ ਨੂੰ ਅਸੀਂ ਬਿਨਾਂ ਡੋਨਰ ਤੋਂ ਬਲੱਡ ਸੇਵਾ ਕਰਦੇ ਹਾਂ। ਇਸ ਤੋਂ ਇਲਾਵਾ ਜ਼ਰੂਰਤਮੰਦ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਬਲੱਡ ਤੇ ਬਲੱਡ ਨਾਲ ਸਬੰਧਤ ਸਾਰੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਹਰ ਇੱਕ ਮਨੁੱਖ ਨੂੰ ਦੂਸਰਿਆਂ ਦਾ ਜੀਵਨ ਬਚਾਉਣ ਲਈ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ, ਕਿਉਂਕਿ ਖੂਨ ਦਾਨ ਸਭ ਤੋਂ ਵੱਡਾ ਦਾਨ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਦਾ ਮਹਿਲ ਕਲਾਂ 'ਚ ਹੋ ਰਿਹੈ ਨਿਰਾਦਰ

## ਕੁੰਭਕਰਨੀਂ ਨੀਂਦ ਸੁੱਤੇ ਪ੍ਰਸ਼ਾਸਨਕ ਤੇ ਪੰਚਾਇਤੀ ਨੁਮਾਇੰਦੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-19 ਸਾਲਾਂ ਦੀ ਛੋਟੀ ਉਮਰ 'ਚ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਗ਼ਦਰ ਲਹਿਰ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਤਿਕਾਰ ਦੇਣ ਲਈ ਕਸਬਾ ਮਹਿਲ ਕਲਾਂ (ਬਰਨਾਲਾ) ਵਿਖੇ ਲਗਾਏ ਗਏ ਬੁੱਤ ਦਾ ਨਿਰਾਦਰ ਹੋਣ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗ੍ਰਾਮ ਪੰਚਾਇਤ ਮਹਿਲ ਕਲਾਂ ਅਧੀਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਨੇੜੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਦਾ ਨਿਰਮਾਣ ਕੀਤਾ ਗਿਆ ਸੀ, ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੁੱਤ ਲਗਾਇਆ ਗਿਆ, ਪਰ ਪਿਛਲੇ ਕਈ ਸਾਲਾਂ ਤੋਂ ਇਸ ਪਾਰਕ ਤੇ ਸ਼ਹੀਦ ਦੇ ਬੁੱਤ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਕਿਉਂਕਿ ਸਾਫ ਸਫਾਈ ਨਾ ਹੋਣ ਕਾਰਨ ਇੱਥੇ ਕੂੜਾ ਕਰਕਟ ਜਮ੍ਹਾਂ ਹੋ ਚੁੱਕਾ ਹੈ, ਗਾਜ਼ਰ ਬੂਟੀ ਤੇ ਘਾਹ ਉੱਗ ਚੁੱਕਾ ਹੈ। ਇੱਥੇ ਹੀ ਬਸ ਨਹੀਂ, ਕੁਝ ਥਾਵਾਂ ਤੋਂ ਪਾਰਕ ਦੀ ਚਾਰਦੀਵਾਰੀ ਹੀ ਢਹਿਣ ਤੋਂ ਇਲਾਵਾ ਅਣਦੇਖੀ ਕਾਰਨ ਬੁੱਤ ਦੀ ਰੰਗਤ ਵੀ ਫਿੱਕੀ ਪੈ ਚੁੱਕੀ ਹੈ। ਇਸ ਪਾਰਕ ਨੇੜਿਓਂ ਰੋਜ਼ਾਨਾ ਲੰਘਦੇ ਇੱਥੋਂ ਦੇ ਸਰਪੰਚ ਤੇ ਹੋਰ ਨੁਮਾਇੰਦਿਆਂ ਦੀ ਸਵੱਲੀ ਨਜ਼ਰ ਇਸ ਪਾਰਕ 'ਤੇ ਨਹੀਂ ਪਈ। ਹਾਲਾਂਕਿ ਪਿੰਡ ਦੇ ਇੱਕ ਨੌਜਵਾਨ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 24 ਮਈ ਤੋਂ ਪਹਿਲਾਂ ਸਰਪੰਚ ਨੂੰ ਇਸ ਪਾਰਕ ਦੀ ਸਾਫ ਸਫਾਈ ਕਰਵਾਉਣ ਲਈ ਬੇਨਤੀ ਕੀਤੀ, ਪਰ ਉਨ੍ਹਾਂ ਨੇ ਇਸ ਗੱਲ ਨੂੰ ਕੋਈ ਅਹਿਮੀਅਤ ਦੇਣ ਦੀ ਬਜਾਏ, ਲਾਰਾ ਲਾ ਕੇ ਸਾਰ ਦਿੱਤਾ। ਇੱਥੋਂ ਲੰਘਣ ਵਾਲੇ ਰਾਹਗੀਰ ਜਦੋਂ ਇਸ ਪਾਰਕ 'ਚ ਲੱਗੇ ਸ਼ਹੀਦ ਦੇ ਬੁੱਤ ਦੀ ਹਾਲਤ ਨੂੰ ਦੇਖਦੇ ਹਨ ਤਾਂ ਸ਼ਹੀਦ ਦਾ ਹੋ ਰਿਹਾ ਅਪਮਾਨ ਦੇਖ ਕੇ ਉਨ੍ਹਾਂ ਦੇ ਮਨ ਨੂੰ ਠੇਸ ਪਹੁੰਚਦੀ ਹੈ। ਸਮਾਜ ਸੇਵੀ ਆਗੂਆਂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਯੋਧਿਆਂ, ਸੂਰਬੀਰਾਂ ਦਾ ਸਤਿਕਾਰ ਕਰਨਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਬਣਦਾ ਹੈ, ਪਰ ਪਦਾਰਥਵਾਦੀ ਜ਼ਿੰਦਗੀ ਦੀ ਚਕਾਚੌਂਧ 'ਚ ਉਲਝੇ ਸਵਾਰਥੀ ਹੋ ਚੁੱਕੇ ਲੋਕ ਅਜਿਹਾ ਕਰਨਾ ਭੁੱਲ ਚੁੱਕੇ ਹਨ। ਉਧਰ ਪੰਜਾਬ ਸਰਕਾਰ ਵੱਲੋਂ ਬੀਤੀ 12 ਮਈ ਨੂੰ ਸਰਕਾਰੀ ਹੁਕਮ ਜਾਰੀ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਮੌਕੇ 16 ਨਵੰਬਰ 2023 ਨੂੰ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਸ ਦੇ ਇਲਾਵਾ ਸ਼ਹੀਦਾਂ ਨੂੰ ਸਤਿਕਾਰ ਦੇਣ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਪਰ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਨੂੰ ਮਹਿਲ ਕਲਾਂ ਦੀ ਗ੍ਰਾਮ ਪੰਚਾਇਤ ਤੇ ਸਥਾਨਕ ਪ੍ਰਸ਼ਾਸਨਕ ਅਧਿਕਾਰੀ ਟਿੱਚ ਜਾਣਦੇ ਹਨ।

ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਪਾਰਕ ਦੀ ਸਾਫ ਸਫਾਈ, ਬੁੱਤ ਨੂੰ ਰੰਗ ਰੋਗਨ ਕਰਵਾਉਣ ਤੋਂ ਇਲਾਵਾ ਢਹੀ ਚਾਰਦੀਵਾਰੀ ਨੂੰ ਤੁਰੰਤ ਠੀਕ ਕਰਵਾ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਮਾਣ-ਸਤਿਕਾਰ ਬਹਾਲ ਕੀਤਾ ਜਾਵੇ ਤੇ ਇਸ ਕੰਮ 'ਚ ਕੁਤਾਹੀ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

# ਮਾਨ ਸਰਕਾਰ ਚੋਣਾਂ ਤੋਂ ਪਹਿਲਾਂ ਮਜ਼ਦੂਰਾਂ ਨੂੰ ਦਿੱਤੀਆਂ ਗਰੰਟੀਆਂ ਪੂਰੀਆਂ ਕਰੇ : ਐਡਵੋਕੇਟ ਉੱਡਤ



**ਮਾਨਸਾ (ਪਮਾਰ)**-ਬਦਲਾਅ ਦੇ ਨਾਮ 'ਤੇ ਬਣੀ ਆਪ ਸਰਕਾਰ ਨੇ ਆਪਣੇ 15 ਮਹੀਨਿਆਂ ਦੇ ਕਾਰਜਕਾਲ ਦੌਰਾਨ ਰਿਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਮਨਰੇਗਾ ਸਕੀਮ ਦਾ ਘਾਣ ਕੀਤਾ ਤੇ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਨਾ ਕਰਕੇ ਆਪਣਾ ਮਜ਼ਦੂਰ ਵਿਰੋਧੀ ਚਿਹਰਾ ਹੀ ਨੰਗਾ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੋਂ ਥੋੜ੍ਹੀ ਦੂਰ ਸਥਿਤ ਪਿੰਡ ਦੂਲੋਵਾਲ ਵਿਖੇ ਮਨਰੇਗਾ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਤੇ ਏਟਕ ਦੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕੀਤਾ। ਉੱਡਤ ਨੇ ਕਿਹਾ ਕਿ ਮਾਨ ਸਰਕਾਰ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਮਜ਼ਦੂਰਾਂ ਨੂੰ ਦਿੱਤੀਆਂ ਗਰੰਟੀਆਂ ਪੂਰੀਆਂ ਕਰਨ ਵੱਲ ਧਿਆਨ ਦੇਵੇ ਤੇ ਮਜ਼ਦੂਰਾਂ ਦੀ ਸਾਰ ਲਵੇ। ਉਨ੍ਹਾ ਕਿਹਾ ਕਿ ਗਰੀਬ ਮਜ਼ਦੂਰ ਪਰਿਵਾਰਾਂ ਦੇ ਕੱਟੇ ਰਾਸ਼ਨ ਕਾਰਡ ਬਹਾਲ ਕੀਤੇ ਜਾਣ, ਨਰਮੇ ਦੀ ਚੁਗਾਈ ਦਾ ਰਹਿੰਦਾ ਮੁਆਵਜ਼ਾ ਜਾਰੀ ਕੀਤਾ ਜਾਵੇ ਤੇ ਮਨਰੇਗਾ ਸਕੀਮ ਨੂੰ ਸਾਰਥਿਕ ਰੂਪ ਵਿੱਚ ਲਾਗੂ ਕਰਕੇ ਇਸ ਦੀਆਂ ਉਜ਼ਰਤਾਂ ਵਿੱਚ ਵੀ ਵਾਧਾ ਕੀਤਾ ਜਾਵੇ। ਇਸ ਮੌਕੇ ਮਜ਼ਦੂਰਾਂ ਨੇ ਫੈਸਲਾ ਕੀਤਾ ਕਿ ਏਟਕ ਵੱਲੋਂ 21 ਜੂਨ ਦੇ ਲੇਬਰ ਅਫਸਰ ਮਾਨਸਾ ਦੇ ਦਫਤਰ ਦੇ ਘਿਰਾਓ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਾ ਸਿੰਘ ਦੂਲੋਵਾਲ, ਬਲਦੇਵ ਸਿੰਘ ਦੂਲੋਵਾਲ, ਬਲਦੇਵ ਸਿੰਘ ਉੱਡਤ, ਕਾਲਾ ਖਾਂ ਭੰਮੇ, ਬਲਵਿੰਦਰ ਸਿੰਘ ਕੋਟਧਰਮੂ, ਗੁਰਜੰਟ ਕੋਟਧਰਮੂ, ਤੇਜਾ ਸਿੰਘ ਦੂਲੋਵਾਲ, ਬਿੱਲੂ ਸਿੰਘ ਦੂਲੋਵਾਲ, ਮਨਜੀਤ ਕੌਰ ਦੂਲੋਵਾਲ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਪੀ ਐੱਸ ਈ ਬੀ ਮੁਲਾਜ਼ਮਾਂ ਵੱਲੋਂ ਹੱਕੀ ਮੰਗਾਂ ਲਈ ਭੁੱਖ ਹੜਤਾਲ



**ਹਠੂਰ (ਨਛੱਤਰ ਸੰਧੂ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਜਿ: ਨੰਬਰ 41 ਡਵੀਜ਼ਨ ਰਾਏਕੋਟ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਸੰਬੰਧੀ ਭੁੱਖ ਹੜਤਾਲ ਸ਼ੁਰੂ ਕੀਤੀ ਗਈ, ਜਿਸ ਵਿੱਚ ਪੰਜ ਸਾਥੀ ਸਕੱਤਰ ਜਗਮੋਹਣ ਸਿੰਘ ਛੱਜਾਵਾਲ, ਰਵਿੰਦਰ ਸਰਮਾ ਰੁਮੀ, ਕੈਸ਼ੀਅਰ ਰਮੇਸ਼ ਕੁਮਾਰ ਲੱਖਾ, ਰਾਜਵਿੰਦਰ ਸਿੰਘ ਰਾਏਕੋਟ ਤੇ ਹਰਪ੍ਰੀਤ ਸਿੰਘ ਬੱਸੀਆਂ ਸਵੇਰੇ 07-30 ਵਜੇ ਭੁੱਖ ਹੜਤਾਲ 'ਤੇ ਬੈਠੇ। ਇਸ ਸਮੇਂ ਸਰਕਲ ਸਕੱਤਰ ਤੇ ਡਵੀਜ਼ਨ ਪ੍ਰਧਾਨ ਹਰਵਿੰਦਰ ਸਿੰਘ ਲਾਲੂ ਅਤੇ ਬਲਵਿੰਦਰ ਸਿੰਘ ਸੱਤੋਵਾਲ ਨੇ ਬੋਲਦਿਆਂ ਕਿਹਾ ਕਿ 295/2019 ਵਾਲੇ ਸਹਾਇਕ ਲਾਈਨਮੈਨਾਂ ਦਾ ਸਮਾਂ ਰੈਗੂਲਰ ਕਰਨਾ, ਪੂਰੇ ਸਕੇਲਾਂ ਵਿੱਚ ਤਨਖਾਹ ਬਣਾਉਣੀ, ਪੁਰਾਣੀ ਪੈਨਸ਼ਨ ਬਹਾਲ ਕਰਨੀ, ਕੱਟਿਆ ਮੋਬਾਈਲ ਭੱਤਾ ਬਹਾਲ ਕਰਨਾ, ਤਰਸ ਦੇ ਆਧਾਰ 'ਤੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਕਰਨਾ, 2004 ਤੋਂ 2010 ਦੌਰਾਨ ਮ੍ਰਿਤਕਾਂ ਦੇ ਆਸ਼ਰਤਾਂ ਨੂੰ ਨੌਕਰੀ ਦੇਣਾ, ਸੀ ਐੱਚ ਬੀ ਕਾਮੇ, ਪਾਰਟ ਟਾਈਮ ਕਾਮੇ ਪੱਕੇ ਕਰਨਾ ਤੇ ਤਨਖ਼ਾਹਾਂ ਵਿੱਚ ਵਾਧਾ ਕਰਨਾ ਅਤੇ ਸੀ ਆਰ ਏ 293/2019, 294/2019 ਤੇ 296/2019 ਵਾਲੇ ਨਵੇਂ ਭਰਤੀ ਕਰਮਚਾਰੀਆਂ ਨੂੰ ਨਿਯਮਾਂ ਤੋਂ ਉਲਟ ਜਾ ਕੇ ਕੇਂਦਰ ਦੇ ਸਕੇਲ ਲਾਗੂ ਕਰਨ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ। ਦੱਸਿਆ ਜਾਂਦਾ ਕਿ 24 ਜੂਨ 2023 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਬਿਜਲੀ ਮੁਲਾਜ਼ਮ ਏਕਤਾ ਮੰਚ ਵੱਲੋਂ ਘਿਰਾਉ ਵਿੱਚ ਵੱਡੀ ਗਿਣਤੀ 'ਚ ਰਾਏਕੋਟ ਤੋਂ ਮੁਲਾਜ਼ਮ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ। ਇਸ ਸਮੇਂ ਭੁੱਖ ਹੜਤਾਲ ਵਿੱਚ ਬਲਾਕ ਪ੍ਰਧਾਨ ਗੁਰਮਿੰਦਰ ਸਿੰਘ ਸੀਲੋਆਣੀ ਕਿਸਾਨ ਯੂਨੀਅਨ ਦੋਆਬਾ, ਬਲਾਕ ਪ੍ਰਧਾਨ ਤੇਜਿੰਦਰ ਸਿੰਘ ਆਈ ਟੀ ਸੈਲ ਕਿਸਾਨ ਯੂਨੀਅਨ ਦੁਆਬਾ ਬੱਸੀਆਂ, ਕੈਸ਼ੀਅਰ ਜੁਗਰਾਜ ਸਿੰਘ ਰਾਜੂ ਤਲਵੰਡੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪ੍ਰਧਾਨ ਸਰਬਜੀਤ ਸਿੰਘ ਰਾਏਕੋਟ, ਡਵੀਜ਼ਨ ਕੈਸ਼ੀਅਰ ਕਰਮਿੰਦਰ ਸਿੰਘ ਤਲਵੰਡੀ, ਕੈਸ਼ੀਅਰ ਗੁਰਜੀਤ ਸਿੰਘ ਲੰਮੇ, ਸੁਖਜੀਤ ਸਿੰਘ ਸੰਘੇੜਾ, ਜਸਵਿੰਦਰ ਸਿੰਘ ਰਾਏਕੋਟ, ਗੋਰਖ ਨਾਥ ਰਾਏਕੋਟ, ਗੁਰਮੀਤ ਸਿੰਘ ਕਮਾਲਪੁਰਾ ਸਹਾਇਕ ਕੈਸ਼ੀਅਰ ਜਗਜੀਤ ਸਿੰਘ ਢੇਸੀ, ਸਤਿਨਾਮ ਸਿੰਘ ਲੱਖਾ, ਮਨਪ੍ਰੀਤ ਸਿੰਘ ਰਟੌਲ, ਗੁਰਮੀਤ ਸਿੰਘ ਢੋਲਣ, ਹਰਮਨਜੀਤ ਸਿੰਘ ਸਿੱਧੂ ਰਾਏਕੋਟ, ਬਲਵਿੰਦਰ ਸਿੰਘ ਤਾਜਪੁਰੀ, ਜਸਕਰਨ ਸਿੰਘ ਰਸੂਲਪੁਰ ਪਹੁੰਚੇ ਸਾਰੇ ਆਏ ਸਾਥੀਆਂ ਤੇ ਕਿਸਾਨ ਯੂਨੀਅਨ ਦੋਆਬਾ ਦਾ ਸਕੱਤਰ ਜਗਮੋਹਣ ਸਿੰਘ ਛੱਜਾਵਾਲ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ।

# ਬੇਗੋਵਾਲ ਦੇ ਲੋਕਾਂ ਨੇ ਛੱਪੜ ਦੀ ਕੀਤੀ ਸਫਾਈ, ਗ੍ਰਾਮ ਪੰਚਾਇਤ ਰਹੀ ਨਦਾਰਦ

- ਨਗਰ ਨਿਵਾਸੀਆਂ ਤੇ ਐੱਨ ਆਰ ਆਈਜ਼ ਦੇ ਸਹਿਯੋਗ ਨਾਲ ਕਾਰਜ ਨੇਪਰੇ ਚੜ੍ਹਿਆ

**ਦੋਰਾਹਾ (ਹਰਮਿੰਦਰ ਸੇਠ)**-ਪੰਜ ਸਾਲ ਬਾਅਦ ਲੋਕ ਨਵੀਂ ਪੰਚਾਇਤ ਚੁਣ ਕੇ ਸੁਖ ਦਾ ਸਾਹ ਲੈਂਦੇ ਹਨ ਕਿ ਹਣ ਕੁਝ ਸੁਧਾਰ ਜਾਂ ਲੋਕ ਹਿੱਤੂ ਕਾਰਜ ਹੋਣਗੇ, ਪਰ ਲੋਕ ਉਦੋਂ ਨਿਰਾਸ਼ ਹੋ ਜਾਂਦੇ ਹਨ, ਜਦੋਂ ਚੁਣੇ ਹੋਏ ਨੁਮਾਇੰਦਿਆਂ ਦਾ ਪੰਜ ਸਾਲ ਦਾ ਰਿਪੋਰਟ ਕਾਰਡ ਮਨਫੀ ਹੋ ਕੇ ਰਹਿ ਜਾਂਦਾ ਹੈ। ਅਜਿਹੀ ਮਿਸਾਲ ਨੇੜਲੇ ਪਿੰਡ ਬੇਗੋਵਾਲ ਵਿਖੇ ਦੇਖਣ ਨੂੰ ਮਿਲੀ, ਜਿੱਥੇ ਪਿੰਡ ਦੇ ਲੋਕਾਂ ਨੇ ਉੱਦਮ ਕਰਦਿਆਂ ਮੜੀਆਂ ਵਾਲੇ ਛੱਪੜ ਦੀ ਸਫਾਈ ਦਾ ਕੰਮ ਅਰੰਭਿਆ ਤੇ ਨੇਪਰੇ ਚਾੜ੍ਹਿਆ। ਗ੍ਰਾਮ ਪੰਚਾਇਤ ਵੱਲੋਂ ਸਹਿਯੋਗ ਨਾ ਮਿਲਦਾ ਦੇਖ ਕੇ ਲੋਕਾਂ ਨੇ ਛੱਪੜ ਦੀ ਸਫਾਈ ਦਾ ਕਾਰਜ ਆਪਣੇ ਹੱਥਾਂ 'ਚ ਲੈ ਲਿਆ ਸੀ, ਜਿਸ ਵਿੱਚ ਨਗਰ ਨਿਵਾਸੀਆਂ ਤੇ ਐੱਨ.ਆਰ.ਆਈਜ਼ ਦਾ ਭਰਵਾਂ ਸਹਿਯੋਗ ਰਿਹਾ। ਛੱਪੜ ਵਿੱਚੋਂ ਕਰੀਬ 200 ਟਰਾਲੀ ਗਾਰ ਦੀ ਕੱਢ ਕੇ ਬਾਹਰ ਸੁਟਵਾਈ ਗਈ, ਪੋਕ ਲਾਇਨ ਮਸ਼ੀਨ ਨਾਲ ਛੱਪੜ ਦੇ ਦੋ ਕਿਨਾਰੇ ਮਜ਼ਬੂਤ ਕੀਤੇ। ਗਾਰ ਕੱਢਣ ਨਾਲ ਕਰੀਬ ਦੋ ਵਿੱਘੇ ਜਗ੍ਹਾ ਖਾਲੀ ਹੋਣ ਕਰਕੇ ਚੱਪੜ ਦੀ ਦਿੱਖ ਸੰਵਰ ਗਈ ਤੇ ਪਾਣੀ ਜਜ਼ਬ ਕਰਨ ਦੀ ਸਮਰੱਥਾ ਵਧ ਗਈ ਹੈ। ਜ਼ਿਕਰਯੋਗ ਹੈ ਕਿ ਅਧਿਕਾਰਤ ਪੰਚ ਕਲਜੀਤ ਕੌਰ ਦੇ ਕਾਰਜ ਕਾਲ ਵਿੱਚ ਪਿੰਡ ਅੰਦਰ ਵਿਕਾਸ ਕਾਰਜ ਜ਼ਰੂਰ ਹੋਏ, ਪਰ ਬਾਕੀ ਸਮੇਂ ਪਿੰਡ ਦੇ ਲੋਕਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਿਆ। ਲੱਖਾਂ ਰੁਪਏ ਲਾ ਕੇ ਕਰਵਾਇਆ ਕਬੱਡੀ ਕੱਪ ਕੋਈ ਸਾਰਥਿਕ ਨਤੀਜੇ ਨਹੀਂ ਦੇ ਸਕਿਆ, ਕਿਉਂਕਿ ਪਿੰਡ ਦੇ ਸੂਝਵਾਨ ਤੇ ਜਾਗਰੂਕ ਲੋਕਾਂ ਦੇ ਮੇਚ ਨਹੀਂ ਬੈਠਿਆ। ਲੋਕਾਂ ਵੱਲੋਂ ਤਤਕਾਲੀਨ ਪੰਜ ਸਾਲ ਦਾ ਪੰਚਾਇਤੀ ਕਾਰਜ ਕਾਲ ਜ਼ੀਰੋ ਦੇ ਅੰਕੜੇ ਨਾਲ ਨਾਪਿਆ ਜਾ ਰਿਹਾ ਹੈ। ਇਸ ਸਫਾਈ ਦਾ ਕਾਰਜ ਕਰਨ ਵਾਲੇ ਸਾਬਕਾ ਸਰਪੰਚ ਸੁਖਦੇਵ ਸਿੰਘ, ਲਾਲ ਸਿੰਘ ਮਾਂਗਟ, ਐਡਵੋਕੇਟ ਪ੍ਰੀਤਮ ਸਿੰਘ ਮਾਗਟ, ਜਥੇਦਾਰ ਸਾਧੂ ਸਿੰਘ, ਜਸਵੀਰ ਸਿੰਘ ਫੌਜੀ, ਪ੍ਰਧਾਨ ਮੋਹਣ ਸਿੰਘ, ਦਰਸ਼ਨ ਸਿੰਘ ਫੌਜੀ, ਨਾਹਰ ਸਿੰਘ ਨੇ ਐਨ ਆਰ ਆਈ ਵੀਰਾਂ ਤੇ ਨਗਰ ਨਿਵਾਸੀਆਂ ਵੱਲੋਂ ਭਰਵਾਂ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਸੇਵਾ ਮੁਕਤ ਐਕਸੀਅਨ ਪ੍ਰੀਤਮ ਸਿੰਘ ਮਾਂਗਟ ਨੇ ਪਿੰਡ ਵਾਸੀਆਂ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿਵਾਇਆ।

# ਡੀ ਸੀ ਦੀ ਹੱਲਾਸ਼ੇਰੀ ਨੇ ਹਰਪ੍ਰੀਤ ਸਿੰਘ ਨੂੰ ਫਿਰ ਦਿਵਾਏ ਕੌਮੀ ਅਥਲੈਟਿਕਸ ਮੁਕਾਬਲਿਆਂ 'ਚ ਦੋ ਸੋਨ ਤਮਗੇ

- ਹਰਪ੍ਰੀਤ ਸਿੰਘ ਦਾ ਡਿਪਟੀ ਕਮਿਸ਼ਨਰ ਨੇ ਚੁੱਕਿਆ ਸਾਰਾ ਖਰਚਾ ਤੇ ਦਫ਼ਤਰ ਬੁਲਾ ਕੇ ਕੀਤਾ ਸਨਮਾਨਤ



ਹਰਪ੍ਰੀਤ ਨੂੰ ਸਨਮਾਨਤ ਕਰਦੇ ਹੋਏ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ।

**ਮੋਗਾ (ਅਮਰਜੀਤ ਬੱਬਰੀ)**-ਘੱਲ ਕਲਾਂ ਦੇ 25 ਸਾਲਾ ਹਰਪ੍ਰੀਤ ਸਿੰਘ ਨੇ ਡਿਪਟੀ ਕਮਿਸ਼ਨਰ ਮੋਗਾ ਸ. ਕੁਲਵੰਤ ਸਿੰਘ ਦੀ ਹੱਲਾਸ਼ੇਰੀ ਨਾਲ ਲਖਨਊ ਵਿੱਚ ਖੇਲੋ ਇੰਡੀਆ ਯੂਨੀਵਰਸਿਟੀਜ਼ (ਨੈਸ਼ਨਲ ਪੱਧਰ) ਮੁਕਾਬਲਿਆਂ ਵਿੱਚ ਫਿਰ ਤੋਂ ਦੋ ਗੋਲਡ ਮੈਡਲ ਪ੍ਰਾਪਤ ਕੀਤੇ ਹਨ। ਡਿਪਟੀ ਕਮਿਸ਼ਨਰ ਵੱਲੋਂ ਹਰਪ੍ਰੀਤ ਸਿੰਘ ਦੇ ਲਖਨਊ ਵਿਖੇ ਰਹਿਣ ਸਹਿਣ, ਖਾਣ ਪੀਣ ਤੇ ਜਹਾਜ਼ ਦੀ ਟਿਕਟ ਦਾ ਖਰਚਾ ਖੁਦ ਚੁੱਕਿਆ। ਡਿਪਟੀ ਕਮਿਸ਼ਨਰ ਵੱਲੋਂ ਲਗਾਤਾਰ ਤੀਜੀ ਵਾਰ ਹਰਪ੍ਰੀਤ ਸਿੰਘ ਦੀ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਸਹਾਇਤਾ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਹਰਪ੍ਰੀਤ ਸਿੰਘ ਦੀ ਇਸ ਉਪਲੱਬਧੀ ਲਈ ਉਸ ਨੂੰ ਦਫ਼ਤਰ ਬੁਲਾ ਕੇ ਸਨਮਾਨਤ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਉਹ ਖੁਦ ਨਿੱਜੀ ਤੌਰ ਉੱਪਰ ਉਨ੍ਹਾਂ ਦੇ ਹਮੇਸ਼ਾ ਨਾਲ ਖੜੇ ਰਹਿਣਗੇ। ਜ਼ਿਕਰਯੋਗ ਹੈ ਕਿ ਹਰਪ੍ਰੀਤ ਸਿੰਘ ਨੇ ਪਹਿਲਾਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਐਥਲੈਟਿਕਸ ਚੈਂਪੀਅਨਸ਼ਿਪ 16 ਟਾਪ ਰਨਰਾਂ ਦੇ ਖੇਡ ਮੁਕਾਬਲਿਆਂ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਦੋ ਤਮਗੇ ਬਰੋਨਜ਼ ਤੇ ਸਿਲਵਰ ਜਿੱਤਣ ਵਿੱਚ ਸਫ਼ਲਤਾ ਹਾਸਲ ਕੀਤੀ ਸੀ। ਇਹ ਖੇਡ ਮੁਕਾਬਲੇ 13 ਤੋਂ 16 ਮਾਰਚ, 2023 ਤੱਕ ਚੇਨਈ ਵਿਖੇ ਚੱਲੇ ਸਨ। 400 ਮੀਟਰ ਮੈਕਸ ਰਿਲੇਅ 'ਚੋਂ ਬਰੋਨਜ਼ ਤਮਗਾ ਤੇ 400 ਮੀਟਰ ਰਿਲੇਅ ਵਿੱਚੋਂ ਸਿਲਵਰ ਤਮਗਾ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਲਈ ਚੇਨਈ ਵਿਖੇ ਉਸ ਦੇ ਰਹਿਣ ਸਹਿਣ, ਖਾਣ ਪੀਣ ਤੇ ਟਿਕਟ ਦਾ ਸਾਰਾ ਖਰਚਾ ਡਿਪਟੀ ਕਮਿਸ਼ਨਰ ਵੱਲੋਂ ਦਿੱਤਾ ਗਿਆ। ਆਲ ਇੰਡੀਆ ਯੂਨੀਵਰਸਿਟੀਜ਼ ਦੇ ਖੇਡ ਮੁਕਾਬਲੇ ਜਿਹੜੇ ਕਿ ਪਿਛਲੇ ਸਮੇਂ ਦੌਰਾਨ ਉੜੀਸਾ ਵਿਖੇ ਹੋਏ ਸਨ, ਵਿੱਚ ਵੀ ਉਸ ਨੇ ਗੋਲਡ ਮੈਡਲ ਹਾਸਲ ਕੀਤਾ ਸੀ। ਇਹ ਗੋਲਡ ਮੈਡਲ ਉਸ ਨੂੰ ਐਥਲੈਟਿਕ ਤੇ ਰਿਲੇਅ 400 ਮੀਟਰ ਵਿੱਚੋਂ ਮਿਲਿਆ। ਉਸ ਵੇਲੇ ਵੀ ਡਿਪਟੀ ਕਮਿਸ਼ਨਰ ਵੱਲੋਂ ਉਸ ਦੀ ਵਿੱਤੀ ਸਹਾਇਤਾ ਕੀਤੀ ਸੀ।

ਉਸ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਜੀ ਦੇ ਇਸ ਤਰ੍ਹਾਂ ਦੇ ਸਹਿਯੋਗ ਤੇ ਥਾਪੜੇ ਦਾ ਉਹ ਹਮੇਸ਼ਾ ਰਿਣੀ ਰਹੇਗਾ। ਉਸ ਨੇ ਕਿਹਾ ਕਿ ਉਸ ਨੂੰ ਬਹੁਤ ਖੁਸ਼ੀ ਹੈ ਕਿ ਡਿਪਟੀ ਕਮਿਸ਼ਨਰ ਜੀ ਨੇ ਉਸ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਅੱਗੇ ਤੋਂ ਵੀ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

## ਕਾਤਰਾਂ

### ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਸਰੋਵਰ ਦੀ ਕਾਰ ਸੇਵਾ 29 ਤੇ 30 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪਾਵਨ ਸਰੋਵਰ ਦੀ ਕਾਰ ਸੇਵਾ ਸਬੰਧੀ ਇੱਕ ਮੀਟਿੰਗ ਹੋਈ, ਜਿਸ ਵਿੱਚ ਗੁਰੂ ਘਰ ਦੇ ਪ੍ਰਬੰਧਕਾਂ ਤੋਂ ਇਲਾਵਾ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਮੈਨੇਜਰ ਕਰਮਜੀਤ ਸਿੰਘ ਨਾਭਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਵਾਲੇ ਮਹਾਂਪੁਰਸ਼ ਬਾਬਾ ਬਚਨ ਸਿੰਘ ਵੱਲੋਂ ਵਰੋਸਾਏ ਬਾਬਾ ਵਧਾਵਾ ਸਿੰਘ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਸਰੋਵਰ ਦੀ ਕਾਰ ਸੇਵਾ 29 ਤੇ 30 ਜੂਨ ਨੂੰ ਕਰਵਾਈ ਜਾਵੇਗੀ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਪਵਿੱਤਰ ਕਾਰਜ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਾਬਾ ਵਧਾਵਾ ਸਿੰਘ, ਭਾਈ ਜਗਦੀਸ਼ ਸਿੰਘ ਬਰਾੜ, ਪਰਮਿੰਦਰ ਸਿੰਘ ਪੰਮਾ, ਪ੍ਰਚਾਰਕ ਬਚਿੱਤਰ ਸਿੰਘ, ਅਕਾਊਂਟੈਂਟ ਸੁਖਦੇਵ ਸਿੰਘ, ਖਜ਼ਾਨਚੀ ਅਮਰਿੰਦਰ ਸਿੰਘ ਮੌਜੂਦ ਸਨ।

### ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਹਾੜਾ 3 ਤੋਂ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੁਰੂ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ (ਰਜਿ:) ਦੀ ਵਿਸ਼ੇਸ਼ ਮੀਟਿੰਗ ਮੁੱਖ ਸੇਵਾਦਾਰ ਬੀਬੀ ਨੀਲਕਮਲ ਕੌਰ ਬਾਠ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਇਸ ਵਾਰ ਵੀ 3, 4 ਤੇ 5 ਜੁਲਾਈ ਨੂੰ ਸ਼ਰਧਾ ਤੇ ਸਤਿਕਾਰ ਨਾਲ ਗੁਰੂ ਸਾਹਿਬ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ (ਪੁਲ਼ਾਂ 'ਤੇ) ਵਿਖੇ ਮਨਾਇਆ ਜਾ ਰਿਹਾ ਹੈ। ਬੀਬੀ ਨੀਲਕਮਲ ਕੌਰ ਬਾਠ ਨੇ ਦੱਸਿਆ ਕਿ 3 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਸਵੇਰੇ 10 ਵਜੇ ਆਰੰਭ ਹੋਣਗੇ ਤੇ 5 ਜੁਲਾਈ ਨੂੰ ਸਵੇਰੇ 9 ਵਜੇ ਭੋਗ ਉਪਰੰਤ ਕਥਾ ਕੀਰਤਨ ਹੋਵੇਗਾ, ਜਿਸ ਵਿੱਚ ਬਾਬਾ ਭੁਪਿੰਦਰ ਸਿੰਘ ਮਾਜਰੇ ਵਾਲੇ ਮੋਹਾਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਕਥਾ ਕੀਤਰਨ ਰਾਹੀਂ ਦੇਣਗੇ। ਇਸ ਮੌਕੇ ਮੈਂਬਰ ਗੁਰਦਿਆਲ ਸਿੰਘ, ਹਰਭਜਨ ਕੌਰ, ਸ਼ਿੰਗਾਰਾ ਸਿੰਘ, ਜਸਪਾਲ ਕੌਰ, ਲਖਵਿੰਦਰ ਸਿੰਘ, ਸ਼ਿੰਦਰ ਸਿੰਘ ਗਿਆਨੀ ਤੇ ਜਸਵੰਤ ਸਿੰਘ ਨੇ ਦੱਸਿਆ ਕਿ 4 ਜੁਲਾਈ ਨੂੰ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਜਾਵੇਗੀ, ਜਦੋਂਕਿ 5 ਜੁਲਾਈ ਨੂੰ ਮਿੱਸੇ ਪ੍ਰਸ਼ਾਦਿਆਂ, ਆਚਾਰ, ਲੱਸੀ, ਦਹੀਂ ਆਦਿ ਦਾ ਲੰਗਰ ਚਲਾਇਆ ਜਾਵੇਗਾ। ਇਸ ਮੌਕੇ ਪ੍ਰਕਾਸ਼ ਦਿਹਾੜੇ ਦੀਆਂ ਤਿਆਰੀਆਂ ਲਈ ਲੰਗਰ ਕਮੇਟੀ, ਖਰੀਦ ਕਮੇਟੀ, ਛਬੀਲ ਕਮੇਟੀ, ਲੰਗਰ ਬਣਾਉਣ ਤੇ ਵਰਤਾਉਣ ਵਾਲੀ ਕਮੇਟੀ, ਸਟੇਜ ਕਮੇਟੀਆਂ ਬਣਾਈਆਂ ਗਈਆਂ ਤਾਂ ਜੁ ਪ੍ਰਬੰਧ ਸੁਚੱਜੇ ਤਰੀਕੇ ਨਾਲ ਨਿਭਾਏ ਜਾ ਸਕਣ।

### ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਂਡਿੰਗ ਕੇਸਾਂ ਨੂੰ ਵੈਰੀਫਾਈ ਕਰਨ ਲਈ ਪੋਰਟਲ 27 ਤੱਕ ਖੁੱਲ੍ਹਾ ਰਹੇਗਾ : ਜਗਸੀਰ ਸਿੰਘ

**ਮਾਨਸਾ (ਪਾਮਾਰ)**-ਸਮਾਜਿਕ ਨਿਆਂ ਅਤੇ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰਮ ਐੱਸ. ਸੀਜ਼ ਦੇ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਕੇਸ ਜੋ ਕਿ ਸੰਸਥਾਵਾਂ, ਸੈਂਕਸ਼ਨਿੰਗ ਅਥਾਰਟੀ ਤੇ ਲਾਗੂ ਕਰਤਾ ਵਿਭਾਗ ਦੇ ਪੱਧਰ 'ਤੇ ਪੈਂਡਿੰਗ ਹਨ, ਉਨ੍ਹਾਂ ਨੂੰ ਵੈਰੀਫਾਈ ਕਰਨ ਲਈ ਆਖਰੀ ਮੌਕਾ ਦਿੰਦੇ ਹੋਏ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਣ ਦਾ ਫੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਸ੍ਰੀ ਜਗਸੀਰ ਸਿੰਘ ਨੇ ਦਿੱਤੀ। ਉਨ੍ਹਾ ਦੱਸਿਆ ਕਿ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਨੂੰ ਵਿੱਦਿਅਕ ਸੰਸਥਾਵਾਂ ਵੱਲੋਂ ਸੁਧਾਰ ਉਪਰੰਤ ਸਾਰੇ ਕੇਸਾਂ ਨੂੰ ਮਨਜ਼ੂਰ ਕਰਨ ਵਾਲੀ ਅਥਾਰਟੀ ਕੇਸ ਭੇਜਣ ਦੀ ਆਖਰੀ ਮਿਤੀ 20 ਜੂਨ, ਸਕਾਲਰਸ਼ਿਪ ਲਈ ਲਾਈਨ ਵਿਭਾਗਾਂ/ਸੈਂਕਸ਼ਨਿੰਗ ਵਿਭਾਗਾਂ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਮਨਜ਼ੂਰੀ ਦੇਣ ਵਾਲੀ ਅਥਾਰਟੀ ਲਈ ਅੰਤਿਮ ਮਿਤੀ 23 ਜੂਨ ਤੇ ਸਕਾਲਰਸ਼ਿਪ ਲਈ ਭਲਾਈ ਵਿਭਾਗ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਲਾਈਨ ਵਿਭਾਗਾਂ/ਸੈਂਕਸ਼ਨਿੰਗ ਵਿਭਾਗਾਂ ਲਈ ਆਖਰੀ ਮਿਤੀ 27 ਜੂਨ ਹੈ, ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਮਿਲ ਸਕੇ।

# 20 ਗ੍ਰਾਮ ਚਿੱਟੇ ਸਮੇਤ 2 ਗ੍ਰਿਫਤਾਰ

## 461450 ਰੁਪਏ ਡਰੱਗ ਮਨੀ ਤੇ 95 ਗ੍ਰਾਮ ਸੋਨੇ ਦੇ ਗਹਿਣੇ ਵੀ ਬਰਾਮਦ



ਫੜੇ ਗਏ ਵਿਅਕਤੀ ਪੁਲਸ ਪਾਰਟੀ ਨਾਲ।

**ਭੀਖੀ (ਧਰਮਵੀਰ ਸ਼ਰਮਾ)**-ਐੱਸ ਐੱਸ ਪੀ ਡਾ. ਨਾਨਕ ਸਿੰਘ ਤੇ ਡੀ ਐੱਸ ਪੀ ਸੰਜੀਵ ਗੋਇਲ ਦੀ ਅਗਵਾਈ ਹੇਠ ਭੀਖੀ ਪੁਲਸ ਨੇ ਇੱਕ ਮਹਿਲਾ ਤੇ ਇੱਕ ਨੌਜਵਾਨ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਥਾਣਾ ਭੀਖੀ ਦੇ ਸਹਾਇਕ ਥਾਣੇਦਾਰ ਨਛੱਤਰ ਸਿੰਘ ਨੇ ਦੱਸਿਆ ਕਿ ਸਥਾਨਕ ਗੁਰਦੁਆਰਾ ਰੋਡ 'ਤੇ ਵਿਸ਼ਵਕਰਮਾ ਮੰਦਰ ਕੋਲ ਇੱਕ ਨੌਜਵਾਨ ਸ਼ੁਭਮ ਕੁਮਾਰ ਉਰਫ ਸੈਂਟੀ ਵਾਸੀ ਭੀਖੀ ਤੋਂ 20 ਗ੍ਰਾਮ ਚਿੱਟਾ (ਹੈਰੋਇਨ) ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼ੁਭਮ ਕੁਮਾਰ ਦੀ ਨਿਸ਼ਾਨਦੇਹੀ 'ਤੇ ਸੋਮਾ ਰਾਣੀ ਪਤਨੀ ਮੱਖਣ ਸਿੰਘ ਵਾਸੀ ਭੀਖੀ ਨੂੰ ਨਾਮਜ਼ਦ ਕਰਕੇ ਉਕਤ ਲੋਕਾਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਸੋਮਾ ਰਾਣੀ ਦੇ ਘਰ ਛਾਪਾਮਾਰੀ ਕਰਨ 'ਤੇ ਉਸ ਦੇ ਘਰ ਤੋਂ ਕਾਇਦੇ ਅਨੁਸਾਰ ਤਲਾਸ਼ੀ ਲੈਣ 'ਤੇ 461450 ਰੁਪਏ ਡਰੱਗ ਮਨੀ ਤੇ 95 ਗ੍ਰਾਮ ਸੋਨੇ ਦੇ ਗਹਿਣੇ ਵੀ ਬਰਾਮਦ ਕੀਤੇ ਹਨ, ਜਿਸ ਨੂੰ ਪੁਲਸ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਲੋਕਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਹੋਰ ਪੁੱਛਗਿੱਛ ਲਈ ਪੁਲਸ ਰਿਮਾਂਡ ਲਿਆ ਜਾ ਰਿਹਾ ਹੈ। ਡੀ ਐੱਸ ਪੀ ਸੰਜੀਵ ਗੋਇਲ ਨੇ ਕਿਹਾ ਕਿ ਪੁਲਸ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖਸ਼ੇਗੀ।

# ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਬਰਸੀ 27 ਨੂੰ

## *ਤਿਆਰੀ ਸਮੀਖਿਆ ਮੀਟਿੰਗ 22 ਨੂੰ*



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੇ ਸਾਬਕਾ ਪ੍ਰਧਾਨ ਤੇ ਉੱਘੇ ਟਰੇਡ ਯੂਨੀਅਨ ਆਗੂ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ 20ਵੀਂ ਬਰਸੀ ਟਰਾਂਸਪੋਰਟ ਕਾਮਿਆਂ ਅਤੇ ਏਟਕ ਨਾਲ ਸਬੰਧਤ ਜਥੇਬੰਦੀਆਂ ਵੱਲੋਂ 27 ਜੂਨ ਨੂੰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਮਨਾਈ ਜਾ ਰਹੀ ਹੈ। ਇਸ ਦੀ ਬਾਰੇ ਜਾਣਕਾਰੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਦੇ ਸੂਬਾ ਡਿਪਟੀ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਸੁਰਿੰਦਰ ਸਿੰਘ ਬਰਾੜ ਕੈਸ਼ੀਅਰ, ਜਗਪਾਲ ਸਿੰਘ ਪ੍ਰਧਾਨ, ਮਨਦੀਪ ਸਿੰਘ ਮੱਖੂ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਬਰਾਂਚ ਕੈਸ਼ੀਅਰ, ਪੰਜਾਬ ਪੈਨਸ਼ਨਰ ਯੂਨੀਅਨ ਦੇ ਸਤਪਾਲ ਸਹਿਗਲ, ਪੋਹਲਾ ਸਿੰਘ ਬਰਾੜ ਤੇ ਟਰੇਡ ਯੂਨੀਅਨ ਕੌਂਸਲ ਮੋਗਾ ਦੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਮੀਡੀਆ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਮੌਜੂਦਾ ਸਮੱਸਿਆਵਾਂ ਦੇ ਹੱਲ ਲਈ ਕੇਵਲ ਤੇ ਕੇਵਲ ਸਾਥੀ ਬਲਵਿੰਦਰ ਸਿੰਘ ਸੰਧੂ ਦੀ ਵਿਚਾਰਧਾਰਾ ਹੀ ਰਾਹ ਦਰਸਾਉਂਦੀ ਹੈ, ਜਿਸ ਤੇ ਪਹਿਰਾ ਦੇ ਕੇ ਹੀ ਕਿਰਤੀ ਲੋਕਾਂ ਦੀ ਵੱਖ ਵੱਖ ਸਮੱਸਿਆਵਾਂ ਤੋਂ ਮੁਕਤੀ ਹੋ ਸਕਦੀ ਹੈ। ਉਪਰੋਕਤ ਆਗੂਆਂ ਨੇ ਦੱਸਿਆ ਕਿ ਇਸ ਸਮਾਗਮ ਦੀ ਤਿਆਰੀਆਂ ਨੂੰ ਅੰਤਿਮ ਛੋਹਾਂ ਦੇਣ ਲਈ ਟਰੇਡ ਯੂਨੀਅਨ ਕੌਂਸਲ ਮੋਗਾ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੀ ਸਾਂਝੀ ਮੀਟਿੰਗ 22 ਜੂਨ ਨੂੰ ਬਾਅਦ ਦੁਪਹਿਰ 3 ਵਜੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਕੀਤੀ ਜਾਵੇਗੀ।

# ਐੱਸ ਡੀ ਐੱਮ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ 'ਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਸੱਦਾ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 21 ਜੂਨ 2023 ਨੂੰ ਨੌਂਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਣਾ ਹੈ ਤੇ ਫਾਜ਼ਿਲਕਾ ਵਿਖੇ ਇਹ ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਯੋਗਾ ਦਿਵਸ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਸਵੇਰੇ 5:30 ਤੋਂ ਸਵੇਰੇ 7:00 ਵਜੇ ਤੱਕ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਐੱਸ.ਡੀ.ਐੱਮ. ਫਾਜ਼ਿਲਕਾ ਸ੍ਰੀ ਨਿਕਾਸ ਖੀਂਚੜ ਨੇ ਯੋਗਾ ਦਿਵਸ ਦੇ ਪ੍ਰਬੰਧਾਂ ਬਾਰੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਤੇ ਯੋਗ ਸੰਸਥਾਵਾਂ ਦੇ ਮੁਖੀਆਂ ਨਾਲ ਹੋਈ ਮੀਟਿੰਗ ਦੌਰਾਨ ਕੀਤਾ। ਉਨ੍ਹਾ ਹਾਜ਼ਰ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਯੋਗ ਦਿਵਸ ਦੇ ਪ੍ਰਬੰਧਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਮਾਗਮ ਵਾਲੀ ਥਾਂ ਤੇ ਆਲੇ-ਦੁਆਲੇ ਦੀ ਸਫ਼ਾਈ ਯਕੀਨੀ ਬਣਾਉਣ ਅਤੇ ਪਾਣੀ ਦਾ ਛਿੜਕਾਅ ਕਰਨ। ਉਨ੍ਹਾ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਉਹ ਸਮਾਗਮ ਵਿੱਚ ਪਹੁੰਚਣ ਵਾਲੇ ਲੋਕਾਂ ਲਈ ਪਾਣੀ ਆਦਿ ਦਾ ਪ੍ਰਬੰਧ ਕਰਨ। ਇਸ ਤੋਂ ਇਲਾਵਾ ਸਿਹਤ ਵਿਭਾਗ ਨੂੰ ਸਮਾਗਮ ਵਾਲੀ ਥਾਂ ਮੈਡੀਕਲ ਟੀਮ ਤਾਇਨਾਤ ਕਰਨ ਲਈ ਕਿਹਾ। ਉਨ੍ਹਾ ਸਮੂਹ ਜ਼ਿਲ੍ਹਾ ਵਾਸੀਆਂ ਨੂੰ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਨਾਲ ਨਾਲ ਯੋਗ ਦੇ ਫਾਇਦਿਆਂ ਬਾਰੇ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਵਾਰ ਅੰਤਰਰਾਸ਼ਟਰੀ ਯੋਗ ਦਿਵਸ 'ਹਰ ਘਰ ਆਂਗਣ ਯੋਗ' ਥੀਮ ਤਹਿਤ ਮਨਾਇਆ ਜਾ ਰਿਹਾ ਹੈ। ਇਸ ਮੌਕੇ ਐੱਸ. ਪੀ. ਮੋਹਨ ਲਾਲ, ਤਹਿਸੀਲਦਾਰ ਸੁਖਦੇਵ ਕੁਮਾਰ, ਸੁਪਰਡੈਂਟ ਪ੍ਰਦੀਪ ਗੱਖੜ ਤੇ ਸਿਹਤ ਵਿਭਾਗ ਤੋਂ ਅਨਿਲ ਧਾਮੂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਪ੍ਰਗਤੀਸ਼ੀਲ ਕਿਸਾਨ ਮੀਟਿੰਗ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਟਿਕਾਊ ਖੇਤੀ ਲਈ ਹੱਲ ਲੱਭਣ ਤੇ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਨ ਲਈ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਬਠਿੰਡਾ ਵਿਖੇ ਇੱਕ ਪ੍ਰਗਤੀਸ਼ੀਲ ਕਿਸਾਨ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਤਿਕਾਰਤ ਮਹਿਮਾਨ ਵਜੋਂ ਮਿਸਟਰ ਟੌਮ ਈਸਟਨ, ਮੁੰਬਈ ਬਿਊਰੋ ਚੀਫ਼, ਦਿ ਇਕਨਾਮਿਸਟ ਤੇ ਸ਼੍ਰੀ ਲਲਿਤ ਬੱਤਰਾ, ਸੀਨੀਅਰ ਵਾਈਸ ਪ੍ਰੈਜ਼ੀਡੈਂਟ-2, ਐੱਚ.ਡੀ.ਐੱਫ.ਸੀ. ਬੈਂਕ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਜਗਤਾਰ ਸਿੰਘ ਬਰਾੜ (ਆਲੂ ਉਤਪਾਦਕ, ਬਠਿੰਡਾ) ਤੇ ਗੁਰਦੀਪ ਸਿੰਘ (ਆਰਗੈਨਿਕ ਫਾਰਮਰ, ਬਠਿੰਡਾ) ਅਗਾਂਹਵਧੂ ਕਿਸਾਨ ਵੀ ਹਾਜ਼ਰ ਹੋਏ। ਇਸ ਸਮਾਗਮ ਦਾ ਉਦੇਸ਼ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ 'ਤੇ ਚਰਚਾ ਕਰਨਾ ਤੇ ਜੈਵਿਕ ਖੇਤੀ 'ਤੇ ਵਿਸ਼ੇਸ਼ ਜ਼ੋਰ ਦੇ ਕੇ ਖੇਤੀ ਅਭਿਆਸਾਂ ਨੂੰ ਵਧਾਉਣ ਲਈ ਹੱਲ ਲੱਭਣਾ ਸੀ। ਬਾਬਾ ਫ਼ਰੀਦ ਕਾਲਜ ਦੇ ਐਗਰੀਕਲਚਰ ਵਿਭਾਗ ਦੇ ਐਸੋਸੀਏਟ ਡੀਨ ਡਾ. ਵਿਨੀਤ ਚਾਵਲਾ ਦੁਆਰਾ ਆਏ ਹੋਏ ਮਹਿਮਾਨਾਂ ਦੇ ਨਿੱਘੇ ਸੁਆਗਤ ਨਾਲ ਇਸ ਮੀਟਿੰਗ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਨੇ ਸਾਰੇ ਮਹਿਮਾਨਾਂ ਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਖੇਤੀਬਾੜੀ ਖੇਤਰ ਵਿੱਚ ਦਿ ਇਕਨਾਮਿਸਟ ਦੇ ਮੁੰਬਈ ਬਿਊਰੋ ਚੀਫ਼ ਮਿਸਟਰ ਟੌਮ ਈਸਟਨ ਤੇ ਐੱਚ.ਡੀ.ਐੱਫ.ਸੀ. ਬੈਂਕ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ-2 ਸ਼੍ਰੀ ਲਲਿਤ ਬੱਤਰਾ ਦੇ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਇਸ ਮੀਟਿੰਗ ਵਿੱਚ ਅਗਾਂਹਵਧੂ ਕਿਸਾਨਾਂ ਨੂੰ ਆਪਣੇ ਤਜਰਬੇ ਤੇ ਸੂਝ ਨੂੰ ਸਾਂਝੇ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਗਿਆ। ਬਠਿੰਡਾ ਦੇ ਉੱਘੇ ਆਲੂ ਉਤਪਾਦਕ ਸ. ਜਗਤਾਰ ਸਿੰਘ ਬਰਾੜ ਨੇ ਇਸ ਖੇਤਰ ਵਿੱਚ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਉਜਾਗਰ ਕੀਤਾ। ਬਠਿੰਡਾ ਦੇ ਇੱਕ ਜੈਵਿਕ ਕਿਸਾਨ ਗੁਰਦੀਪ ਸਿੰਘ ਨੇ ਜੈਵਿਕ ਖੇਤੀ ਦੇ ਫ਼ਾਇਦਿਆਂ ਬਾਰੇ ਚਾਨਣਾ ਪਾਇਆ। ਇਸ ਤੋਂ ਇਲਾਵਾ ਉਤਪਾਦਕਤਾ ਨੂੰ ਵਧਾਉਣ ਲਈ ਕੁਸ਼ਲ ਸਿੰਚਾਈ ਵਿਧੀਆਂ ਤੇ ਫ਼ਸਲੀ ਵਿਭਿੰਨਤਾ ਲਈ ਰਣਨੀਤੀਆਂ ਬਾਰੇ ਚਰਚਾ ਕੀਤੀ ਗਈ ਤੇ ਭੂਮੀ ਸੰਭਾਲ ਅਭਿਆਸਾਂ ਨੂੰ ਸਾਂਝਾ ਕੀਤਾ ਗਿਆ। ਭਾਗੀਦਾਰਾਂ ਨੇ ਕਿਸਾਨੀ ਸਿੱਖਿਆ ਦੀ ਮਹੱਤਤਾ, ਕਰਜ਼ੇ ਤੱਕ ਪਹੁੰਚ ਤੇ ਖੇਤੀਬਾੜੀ ਲੈਂਡਸਕੇਪ ਨੂੰ ਬਦਲਣ ਵਿੱਚ ਸਰਕਾਰੀ ਸਹਾਇਤਾ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਮਹਿਮਾਨ ਪਤਵੰਤਿਆਂ ਦੇ ਤੌਰ 'ਤੇ ਮਿਸਟਰ ਟੌਮ ਈਸਟਨ ਤੇ ਸ਼੍ਰੀ ਲਲਿਤ ਬੱਤਰਾ ਦੀ ਮੌਜੂਦਗੀ ਨੇ ਇਸ ਸਮਾਗਮ ਦੀ ਭਰੋਸੇਯੋਗਤਾ ਨੂੰ ਵਧਾਇਆ ਤੇ ਕਿਸਾਨਾਂ ਦੀ ਸਹਾਇਤਾ ਲਈ ਵੱਖ-ਵੱਖ ਖੇਤਰਾਂ ਦੀ ਵਚਨਬੱਧਤਾ ਨੂੰ ਪ੍ਰਦਰਸ਼ਤ ਕੀਤਾ।

ਅੰਤ ਵਿੱਚ ਬਾਬਾ ਫ਼ਰੀਦ ਕਾਲਜ, ਬਠਿੰਡਾ ਦੇ ਪ੍ਰਿੰਸੀਪਲ ਡਾ. ਪ੍ਰਦੀਪ ਕੌੜਾ ਨੇ ਮੀਟਿੰਗ ਦੀ ਸਫਲਤਾ ਲਈ ਪਾਏ ਯੋਗਦਾਨ ਲਈ ਸਾਰੇ ਭਾਗੀਦਾਰਾਂ, ਪ੍ਰਬੰਧਕਾਂ ਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਉਮੀਦ ਜਤਾਈ ਕਿ ਇਸ ਸਮਾਗਮ ਦੇ ਨਤੀਜੇ ਇਸ ਖੇਤਰ 'ਚ ਖੇਤੀ ਅਭਿਆਸਾਂ ਦੇ ਵਿਕਾਸ ਤੇ ਸਥਿਰਤਾ ਵਿੱਚ ਯੋਗਦਾਨ ਪਾਉਣਗੇ, ਜਿਸ ਨਾਲ ਕਿਸਾਨਾਂ ਤੇ ਸਮੁੱਚੇ ਤੌਰ 'ਤੇ ਖੇਤੀਬਾੜੀ ਖੇਤਰ ਦੋਵਾਂ ਨੂੰ ਲਾਭ ਹੋਵੇਗਾ।

# ਬਸਪਾ ਦੀ ਮੀਟਿੰਗ 'ਚ ਨਵੀਂ ਟੀਮ ਦਾ ਗਠਨ



**ਨਾਭਾ (ਵਰਿੰਦਰ ਵਰਮਾ)**

ਬਸਪਾ ਨਾਭਾ ਦੇ ਵਰਕਰਾਂ ਅਤੇ ਸਮਰਥਕਾਂ ਦਾ ਸੰਮੇਲਨ ਅਮਰ ਸਿੰਘ ਟੋਡਰਵਾਲ ਹਲਕਾ ਇੰਚਾਰਜ ਬਸਪਾ ਦੀ ਅਗਵਾਈ ਵਿੱਚ ਹੋਇਆ। ਜਿਸ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਤੇਜ਼ ਕਰਨ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਬਸਪਾ ਦੀ ਨਵੀਂ ਚੋਣ ਕੀਤੀ ਗਈ। ਚੋਣ ਉਪਰੰਤ 2 ਹਲਕਾ ਇੰਚਾਰਜ ਅਮਰ ਸਿੰਘ ਟੋਡਰਵਾਲ ਤੇ ਸਤਪਾਲ ਸਿੰਘ ਦਰਗਾਪੁਰ ਨੂੰ ਬਣਾਇਆ ਗਿਆ। ਪ੍ਰਧਾਨ ਗੁਰਮੁੱਖ ਸਿੰਘ ਤੂੰਗਾਂ, ਸੀਨੀਅਰ ਮੀਤ ਪ੍ਰਧਾਨ ਦਲਬੀਰ ਸਿੰਘ ਛੀਂਟਾਂਵਾਲਾ, ਜਨਰਲ ਸਕੱਤਰ ਨਿਰਮਲ ਸਿੰਘ ਰਾਮਗੜ੍ਹ ਭਾਦਸੋਂ, ਕੈਸ਼ੀਅਰ ਜਸਮੀਰ ਸਿੰਘ ਰੈਮਲਮਾਜਰੀ, ਆਰਗੇਨਾਇਜ਼ਿੰਗ ਸਕੱਤਰ ਰਾਮਧਨ ਸਿੰਘ ਬੌੜਾਂ ਨੂੰ ਬਣਾਇਆ ਗਿਆ। 6 ਅਸੈਂਬਲੀ ਸਕੱਤਰ ਜਗਵੀਰ ਸਿੰਘ ਡਕੌਂਦਾ, ਜਸਪਾਲ ਸਿੰਘ ਰੈਮਲਮਾਜਰੀ, ਨਰਿੰਦਰ ਸਿੰਘ ਫਰੀਦਪੁਰ, ਸਮਸੇਰ ਸਿੰਘ ਦਰਗਾਪੁਰ, ਭਾਨ ਸਿੰਘ ਭੋੜੇ, ਜਸਪਾਲ ਸਿੰਘ ਏਕਤਾ ਕਲੋਨੀ ਨਾਭਾ, ਯੂਥ ਅਤੇ ਆਈ.ਟੀ. ਵਿੰਗ ਦੇ ਇੰਚਾਰਜ ਸਤਿੰਦਰਪਾਲ ਸਿੰਘ ਰਿੱਕੂ ਅਤੇ ਬਹੁਜਨ ਵਲੰਟੀਅਰ ਫੋਰਸ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਨੂੰ ਲਾਇਆ ਗਿਆ। ਸਾਰੇ ਚੁਣੇ ਹੋਏ ਅਹੁਦੇਦਾਰਾਂ ਨੇ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨ ਦਾ ਵਿਸ਼ਵਾਸ ਦਿਵਾਇਆ। ਲੇਡੀਜ਼ ਵਿੰਗ ਤੇ ਬਾਕੀ ਅਸੈਂਬਲੀ ਸਕੱਤਰ ਬਾਅਦ ਵਿੱਚ ਲਾਏ ਜਾਣਗੇ। ਰਜਿੰਦਰ ਸਿੰਘ ਸਾਧੋਹੇੜੀ ਸਾਬਕਾ ਪ੍ਰਧਾਨ ਬਸਪਾ ਨਾਭਾ ਨੂੰ ਜ਼ਿਲ੍ਹਾ ਸਕੱਤਰ ਲਈ ਸਿਫ਼ਾਰਸ਼ ਕਰਨ ਦਾ ਫੈਸਲਾ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਮੌਕੇ ਜਸਵੀਰ ਸਿੰਘ ਫੌਜੀ, ਗੁਰਜੰਟ ਸਿੰਘ ਜੰਟਾ ਮਹਿਮੀ, ਕਰਮ ਸਿੰਘ, ਮੋਹਨ ਸਿੰਘ, ਹਰਨੇਕ ਸਿੰਘ, ਕ੍ਰਾਂਤੀਪਾਲ ਸਿੰਘ, ਜਗਤਾਰ ਸਿੰਘ, ਬੇਅੰਤ ਸਿੰਘ, ਸੁਦਾਗਰ ਸਿੰਘ, ਇਕਬਾਲ ਸਿੰਘ ਤੇ ਜਸਕਰਨ ਸਿੰਘ ਆਦਿ ਹਾਜ਼ਰ ਸਨ।

### ਮੱਸਿਆ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮੱਸਿਆ ਦਾ ਦਿਹਾੜਾ ਸੰਗਤ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਕਰਮਜੀਤ ਸਿੰਘ ਨਾਭਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਿਹਾੜੇ 'ਤੇ ਗੁਰੂ ਘਰ ਦੇ ਹਜ਼ੂਰੀ ਕਥਾਵਾਚਕ ਭਾਈ ਇਕਨਾਮ ਸਿੰਘ ਵੱਲੋਂ ਕਥਾ ਦਾ ਪ੍ਰਵਾਹ ਚਲਾਇਆ ਗਿਆ, ਜਿਸ ਵਿੱਚ ਉਨ੍ਹਾਂ ਗੁਰੂ ਸਾਹਿਬ ਨਾਲ ਸਬੰਧਤ ਇਤਿਹਾਸਕ ਕਥਾ ਦੇ ਪ੍ਰਸੰਗ ਸੰਗਤਾਂ ਨੂੰ ਸਰਵਣ ਕਰਵਾਏ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਤੇ ਭਾਈ ਹਰਵਿੰਦਰ ਸਿੰਘ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਬਾਬਾ ਮੋਹਣ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਅਕਾਊਂਟੈਂਟ ਸੁਖਦੇਵ ਸਿੰਘ, ਖਜ਼ਾਨਚੀ ਅਮਰਿੰਦਰ ਸਿੰਘ, ਨਿਗਰਾਨ ਪਰਮਿੰਦਰ ਸਿੰਘ ਪੰਮਾ, ਮੋਹਣ ਸਿੰਘ ਲੱਖੋਵਾਲ, ਜਸਵੀਰ ਸਿੰਘ ਢਿੱਲੋਂ, ਬਾਬਾ ਹਰੀ ਸਿੰਘ ਮੌਜੂਦ ਸਨ।

# ਭਾਬੀ ਨੇ ਜੇਠ 'ਤੇ ਲਾਏ ਜਬਰ-ਜ਼ਨਾਹ ਦੀ ਕੋਸ਼ਿਸ਼ ਕਰਨ ਦੇ ਕਥਿਤ ਦੋਸ਼

- ਪੁਲਸ ਵੱਲੋਂ ਸਹੁਰਾ ਪਰਵਾਰ ਦੇ 6 ਮੈਂਬਰਾਂ 'ਤੇ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵਲੋਂ ਵਿਆਹੁਤਾ ਗੁਰਵੀਰ ਕੌਰ ਦੀ ਸ਼ਿਕਾਇਤ ਦੇ ਅਧਾਰ 'ਤੇ ਜੇਠ ਵੱਲੋਂ ਬਲਾਤਕਾਰ ਕਰਨ ਦੀ ਕੋਸ਼ਿਸ਼ ਅਤੇ ਮਾਰਕੁੱਟ ਕਰਨ ਦੇ ਕਥਿਤ ਦੋਸ਼ ਪਤੀ ਹਰਪ੍ਰੀਤ ਸਿੰਘ, ਸੱਸ ਸੰਤੋਖ ਕੌਰ, ਤਾਇਆ ਸਹੁਰਾ ਕੇਸਰ ਸਿੰਘ, ਉਸਦੀ ਪਤਨੀ ਅਮਰਜੀਤ ਕੌਰ, ਜੇਠ ਅੰਮ੍ਰਿਤਪਾਲ ਸਿੰਘ ਤੇ ਜੇਠਾਣੀ ਅਮਨਦੀਪ ਕੌਰ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਗੁਰਵੀਰ ਕੌਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਾਈ ਕਿ ਉਸਦਾ ਵਿਆਹ ਮਾਛੀਵਾੜਾ ਵਾਸੀ ਹਰਪ੍ਰੀਤ ਸਿੰਘ ਨਾਲ 7-9-2022 ਨੂੰ ਹੋਇਆ ਸੀ ਤੇ ਉਸਦੇ ਸਹੁਰੇ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਹੈ। ਮੇਰੇ ਸਹੁਰੇ ਘਰ ਵਿੱਚ ਮੈਂ ਆਪਣੇ ਪਤੀ ਹਰਪ੍ਰੀਤ ਸਿੰਘ ਤੇ ਸੱਸ ਸੰਤੋਖ ਕੌਰ ਨਾਲ ਰਹਿੰਦੀ ਹਾਂ, ਪਰ ਮੇਰੇ ਪਤੀ ਦਾ ਤਾਇਆ ਕੇਸਰ ਸਿੰਘ, ਤਾਈ ਅਮਰਜੀਤ ਕੌਰ, ਇਨ੍ਹਾਂ ਦਾ ਲੜਕਾ ਅੰਮ੍ਰਿਤਪਾਲ ਸਿੰਘ ਤੇ ਨੂੰਹ ਅਮਨਦੀਪ ਕੌਰ ਕਾਫ਼ੀ ਦਖ਼ਲਅੰਦਾਜ਼ੀ ਕਰਦੇ ਸਨ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੇਰਾ ਜੇਠ ਅੰਮ੍ਰਿਤਪਾਲ ਸਿੰਘ ਮੇਰੇ ਪਤੀ ਤੇ ਸੱਸ ਦੀ ਗੈਰ-ਹਾਜ਼ਰੀ ਵਿਚ ਮਾੜੀ ਨੀਅਤ ਰੱਖਦਾ ਸੀ, ਜਿਸ ਸਬੰਧੀ ਉਸਨੇ ਆਪਣੀ ਪਤੀ ਤੇ ਸੱਸ ਨੂੰ ਵੀ ਦੱਸਿਆ, ਪਰ ਇਨ੍ਹਾਂ ਨੇ ਮੇਰੀ ਕੋਈ ਗੱਲ ਨਾ ਗੌਰੀ। ਲੰਘੀ 8-6-2023 ਨੂੰ ਰਾਤ ਕਰੀਬ 10.30 ਵਜੇ ਮੇਰਾ ਪਤੀ ਲਾਗੇ ਬਾਥਰੂਮ ਵਿੱਚ ਨਹਾ ਰਿਹਾ ਸੀ ਤੇ ਮੇਰੀ ਸੱਸ ਆਪਣੇ ਕਮਰੇ 'ਚ ਦਵਾਈ ਲੈ ਕੇ ਸੌਂ ਰਹੀ ਸੀ ਅਤੇ ਮੇਰਾ ਜੇਠ ਅੰਮ੍ਰਿਤਪਾਲ ਸਿੰਘ ਸਾਡੇ ਘਰ ਆਇਆ, ਜੋ ਬੈੱਡਰੂਮ ਵਿੱਚ ਮੈਨੂੰ ਇਕੱਲੀ ਦੇਖ ਕੇ ਮੇਰੇ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਗੁਰਵੀਰ ਕੌਰ ਅਨੁਸਾਰ ਉਸ ਨੇ ਧੱਕਾ ਦੇ ਆਪਣੇ ਜੇਠ ਨੂੰ ਸੁੱਟ ਦਿੱਤਾ ਅਤੇ ਮੈਂ ਬੈੱਡਰੂਮ ਵਿਚੋਂ ਬਾਹਰ ਆ ਗਈ। ਉਸ ਤੋਂ ਬਾਅਦ ਜੇਠ ਅੰਮ੍ਰਿਤਪਾਲ ਆਪਣੇ ਘਰ ਨੂੰ ਦੌੜ ਗਿਆ। ਮੈਂ ਇਸ ਘਟਨਾ ਬਾਰੇ ਆਪਣੇ ਪਤੀ ਤੇ ਸੱਸ ਨੂੰ ਦੱਸਿਆ, ਜਿਨ੍ਹਾਂ ਮੇਰੀ ਗੱਲ ਨੂੰ ਸੁਣ ਕੇ ਟਾਲ ਦਿੱਤਾ ਤੇ ਕਿਹਾ ਕਿ ਸਵੇਰੇ ਗੱਲ ਕਰਾਂਗੇ ਤੇ ਉਸਨੂੰ ਜੁੱਤੀਆਂ ਮਾਰਾਂਗੇ। ਦੋ ਦਿਨ ਬੀਤ ਜਾਣ ਦੇ ਬਾਵਜੂਦ ਵੀ ਮੇਰੇ ਸਹੁਰਾ ਪਰਵਾਰ ਨੇ ਜੇਠ ਅੰਮ੍ਰਿਤਪਾਲ ਸਿੰਘ ਨੂੰ ਕੁਝ ਨਾ ਕਿਹਾ। ਲੰਘੀ 11-6-2023 ਨੂੰ ਕਰੀਬ 9.30 ਵਜੇ ਸਾਰਾ ਪਰਿਵਾਰ ਘਰ ਬੈਠੇ ਸੀ ਤੇ ਮੈਂ ਕਿਹਾ ਕਿ ਤੁਸੀਂ ਅਜੇ ਤੱਕ ਅੰਮ੍ਰਿਤਪਾਲ ਸਿੰਘ ਤੇ ਉਸਦੇ ਪਰਵਾਰ ਨੂੰ ਕੁੱਝ ਨਹੀਂ ਕਿਹਾ ਤੇ ਨਾ ਹੀ ਉਸ ਨੂੰ ਘਰ ਆਉਣ ਤੋਂ ਰੋਕਿਆ। ਇਹ ਗੱਲ ਸੁਣਦਿਆਂ ਹੀ ਮੇਰੇ ਪਤੀ ਤੇ ਸੱਸ ਨੇ ਗੁੱਸੇ 'ਚ ਆ ਕੇ ਮੇਰੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੇਰਾ ਗਲ਼ ਘੁੱਟਣ ਲੱਗੇ, ਜਿਸ 'ਤੇ ਮੈਂ ਰੌਲਾ ਪਾਇਆ। ਸ਼ਿਕਾਇਤਕਰਤਾ ਅਨੁਸਾਰ ਮੇਰੀ ਕੁੱਟਮਾਰ ਜੇਠ ਅੰਮ੍ਰਿਤਪਾਲ ਸਿੰਘ, ਜੇਠਾਣੀ ਅਮਨਦੀਪ ਕੌਰ, ਤਾਇਆ ਸਹੁਰਾ ਕੇਸਰ ਸਿੰਘ, ਤਾਈ ਅਮਰਜੀਤ ਕੌਰ ਦੇ ਕਹਿਣ 'ਤੇ ਸਾਜ਼ਿਸ਼ ਨਾਲ ਕਰਾਈ ਹੈ। ਇਸ ਕੁੱਟਮਾਰ ਦੌਰਾਨ ਮੇਰੇ ਸੱਟਾਂ ਵੀ ਲੱਗੀਆਂ, ਜਿਸ 'ਤੇ ਮੈਂ ਆਪਣੇ ਪੇਕੇ ਘਰ ਸੂਚਨਾ ਦਿੱਤੀ ਅਤੇ ਉਹ ਮੈਨੂੰ ਲੈਣ ਆ ਗਏ।

ਸ਼ਿਕਾਇਤਕਰਤਾ ਨੇ ਇਹ ਵੀ ਕਿਹਾ ਕਿ ਜਦੋਂ ਮੇਰਾ ਪੇਕਾ ਪਰਵਾਰ ਮੈਨੂੰ ਲੈਣ ਆਇਆ ਤਾਂ ਉਸ ਸਮੇਂ ਵੀ ਅੰਮ੍ਰਿਤਪਾਲ ਸਿੰਘ ਤੇ ਮੇਰੇ ਪਤੀ ਹਰਪ੍ਰੀਤ ਸਿੰਘ ਉਨ੍ਹਾਂ ਪਿੱਛੇ ਵੀ ਡੰਡੇ-ਸੋਟੇ ਲੈ ਕੇ ਪੈ ਗਏ ਤੇ ਜਾਨੋਂ-ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੁਲਸ ਵੱਲੋਂ ਇਸ ਮਾਮਲੇ ਸਬੰਧੀ 6 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਇੱਕ ਕਥਿਤ ਦੋਸ਼ੀ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਮੋਗਾ ਗੋਲੀ ਕਾਂਡ ਦੇ ਸ਼ਹੀਦਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ 25 ਨੂੰ



**ਮੋਗਾ (ਅਮਰਜੀਤ ਬੱਬਰੀ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੋਗਾ ਗੋਲੀਬਾਰੀ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ 25 ਜੂਨ ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਮੋਗਾ ਪੀੜਤ ਸਹਾਇਤਾ ਤੇ ਯਾਦਗਾਰ ਕਮੇਟੀ ਦੇ ਚੇਅਰਮੈਨ ਡਾ: ਰਾਜੇਸ਼ ਪੁਰੀ, ਪ੍ਰਧਾਨ ਅਨਿਲ ਬਾਂਸਲ, ਜਨਰਲ ਸਕੱਤਰ ਰਾਮਪਾਲ ਗੁਪਤਾ, ਡਾ: ਸੁਨੀਲ ਬਾਂਸਲ, ਅਰੁਣ ਗੁਪਤਾ, ਰਜਿੰਦਰ ਸਚਦੇਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ 25 ਜੂਨ ਨੂੰ ਮਨਾਏ ਜਾਣ ਵਾਲੇ ਸ਼ਹੀਦੀ ਸਮਾਗਮ 'ਚ ਮੁੱਖ ਮਹਿਮਾਨ ਕੇਂਦਰੀ ਉਦਯੋਗ ਤੇ ਰਾਜ ਮੰਤਰੀ ਭਾਰਤ ਸਰਕਾਰ ਸੋਮ ਪ੍ਰਕਾਸ਼, ਵਿਸ਼ੇਸ਼ ਮਹਿਮਾਨ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਮੁੱਖ ਬੁਲਾਰੇ ਹਰੀਏਵਾਲ, ਪੰਜਾਬ ਦੇ ਪ੍ਰਧਾਨ ਰਾਮ ਗੋਪਾਲ, ਪ੍ਰੋਗਰਾਮ ਦੇ ਚੇਅਰਮੈਨ ਵਿਨੋਦ ਧਮੀਜਾ ਵਿਸ਼ੇਸ਼ ਤੌਰ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚਣਗੇ। ਇਸ ਤੋਂ ਇਲਾਵਾ ਆਰ.ਐੱਸ.ਐੱਸ. ਵਰਕਰ ਤੇ ਸ਼ਹੀਦ ਪਰਿਵਾਰਾਂ ਦੇ ਮੈਂਬਰ ਸ਼ਰਧਾਂਜਲੀ ਦੇਣ ਲਈ ਪਹੁੰਚਣਗੇ। ਉਨ੍ਹਾਂ ਦੱਸਿਆ ਕਿ ਸਵੇਰੇ 7.30 ਤੋਂ 9.30 ਵਜੇ ਤੱਕ ਹਵਨ ਯੱਗ ਕਰਵਾਇਆ ਜਾਵੇਗਾ ਤੇ ਸਵੇਰੇ 9.30 ਵਜੇ ਸ਼ਰਧਾਂਜਲੀ ਸਮਾਗਮ ਹੋਵੇਗਾ।

# ਜਮਹੂਰੀ ਹੱਕਾਂ 'ਤੇ ਹਮਲਿਆਂ ਨੂੰ ਰੋਕਣ ਲਈ ਜਨਤਕ ਜਮਹੂਰੀ ਜਥੇਬੰਦੀਆਂ ਨੇ ਕੀਤੀ ਸਾਂਝੀ ਮੀਟਿੰਗ

- 29 ਨੂੰ ਜਮਹੂਰੀ ਹੱਕਾਂ ਦੀ ਚੇਤਨਾ ਕਨਵੈਨਸ਼ਨ ਕਰਨ ਦਾ ਲਿਆ ਫ਼ੈਸਲਾ



**ਲੁਧਿਆਣਾ (ਪੱਤਰ ਪ੍ਰੇਰਕ)**

ਜਨਤਕ ਜਮਹੂਰੀ ਸੰਘਰਸ਼ਸ਼ੀਲ ਜਥੇਬੰਦੀਆਂ ਦੀ ਮੀਟਿੰਗ ਪ੍ਰੋਫੈਸਰ ਜਗਮੋਹਣ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਅਣਐਲਾਨੀ ਐਮਰਜੈਂਸੀ ਦੇ ਦੌਰ ਵਿੱਚ ਜਮਹੂਰੀ ਹੱਕਾਂ ਨੂੰ ਚੁਣੌਤੀਆਂ ਵਿਸ਼ੇ ਉੱਪਰ 29 ਜੂਨ ਨੂੰ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਿਚ ਕਨਵੈਨਸ਼ਨ ਕਰਨ ਦਾ ਫ਼ੈਸਲਾ ਲਿਆ ਗਿਆ, ਜਿਸ ਵਿੱਚ ਪੰਜਾਬ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਔਰਤ ਜਥੇਬੰਦੀਆਂ ਤੇ ਸੱਭਿਆਚਾਰਕ ਕਾਮਿਆਂ ਦੀਆਂ ਜਥੇਬੰਦੀਆਂ ਹਿੱਸਾ ਲੈਣਗੀਆਂ।

ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਮੌਜੂਦਾ ਹਾਲਾਤਾਂ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਹਕੂਮਤੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਆਗੂਆਂ ਤੇ ਬੁੱਧੀਜੀਵੀਆਂ ਨੂੰ ਸਰਕਾਰੀ ਏਜੰਸੀਆਂ, ਕਾਲੇ ਕਾਨੂੰਨਾਂ ਤੇ ਅਦਾਲਤਾਂ ਰਾਹੀਂ ਪ੍ਰੇਸ਼ਾਨ ਕਰਨ ਤੇ ਜੇਲ੍ਹਾਂ ਵਿੱਚ ਸੁੱਟਣ ਉਪਰ ਗੰਭੀਰ ਚਿੰਤਾ ਪ੍ਰਗਟ ਕੀਤੀ। ਇਹ ਹਮਲਾ ਸਮਾਜਕ, ਆਰਥਿਕ ਤੇ ਰਾਜਨੀਤਕ ਹੱਕਾਂ ਉੱਪਰ ਹੈ। ਇੱਕ ਪਾਸੇ ਪੀ ਐਮ ਐਲ ਏ ਦੇ ਨਾਂਅ ਹੇਠ ਔਰਤ ਸਕਾਲਰਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਇਨਸਾਫ਼ ਮੰਗਦੀਆਂ ਕੌਮਾਂਤਰੀ ਪੱਧਰ 'ਤੇ ਸਨਮਾਨਤ ਮਹਿਲਾ ਖਿਡਾਰੀਆਂ ਨੂੰ ਨਿਆਂ ਦੇਣ ਦੀ ਥਾਂ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ ਤੇ ਜਿਨਸੀ ਸੋਸ਼ਣ ਦੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਕੇਂਦਰ ਸਰਕਾਰ ਉਸ ਦੀ ਰਾਜਸੀ ਪੁਸ਼ਤਪਨਾਹੀ ਕਰ ਰਹੀ ਹੈ। ਅਜਿਹੀ ਹਾਲਤ ਵਿੱਚ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ ਹਮਲਿਆਂ ਬਾਰੇ ਜਾਗਰੂਕ ਕਰਨ ਲਈ ਵਿਸ਼ਾਲ ਮੁਹਿੰਮ ਦੀ ਜ਼ਰੂਰਤ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ, ਜਿਸ ਦੀ ਪਹਿਲੀ ਕੜੀ ਵਜੋਂ 29 ਜੂਨ ਨੂੰ ਕਨਵੈਨਸ਼ਨ ਕੀਤੀ ਜਾ ਰਹੀ ਹੈ।

ਮੀਟਿੰਗ ਵਿਚ ਜਮਹੂਰੀ ਅਧਿਕਾਰ ਸਭਾ, ਪੰਜਾਬ ਸਟੂਡੈਂਟਸ ਯੂਨੀਅਨ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਜਮਹੂਰੀ ਕਿਸਾਨ ਸਭਾ, ਆਲ ਇੰਡੀਆ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਵਰਗ ਚੇਤਨਾ ਮੰਚ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ (ਦਿਗਵਿਜੈ ਸਿੰਘ), ਡੈਮੋਕ੍ਰੇਟਿਕ ਟੀਚਰਜ਼ ਫਰੰਟ (ਵਿਕਰਮਦੇਵ ਸਿੰਘ), ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ, ਤਰਕਸ਼ੀਲ ਸੁਸਾਇਟੀ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ, ਬੀ.ਕੇ.ਯੂ. (ਡਕੌਂਦਾ ਧਨੇਰ), ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਸਤੀਸ਼ ਰਾਣਾ) ਦੇ ਨੁਮਾਇੰਦੇ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਦਿਹਾਤੀ ਮਜ਼ਦੂਰ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪਲਸ ਮੰਚ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਮੀਟਿੰਗ ਦੇ ਫ਼ੈਸਲੇ ਨਾਲ ਸਹਿਮਤੀ ਪ੍ਰਗਟਾਈ। ਇਨ੍ਹਾਂ ਤੋਂ ਇਲਾਵਾ ਆਰਸੀਐਫ਼ ਇੰਪਲਾਈਜ਼ ਯੂਨੀਅਨ ਤੇ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਨੇ ਵੀ ਇਸ ਕਨਵੈਨਸ਼ਨ ਦੀ ਹਮਾਇਤ ਕੀਤੀ ਹੈ।

# 'ਭ੍ਰਿਸ਼ਟਾਚਾਰ' ਦੀ ਪ੍ਰਦਰਸ਼ਨੀ ਦੀ ਹੋਈ ਸ਼ੁਰੂਆਤ, ਪ੍ਰਦਰਸ਼ਨੀ ਦੇਖ ਲੋਕ ਹੋ ਰਹੇ ਹੈਰਾਨ !



**ਨਾਭਾ (ਵਰਿੰਦਰ ਵਰਮਾ)**-ਸਥਾਨਕ ਐੱਸ ਡੀ ਐੱਮ ਦਫਤਰ ਦੇ ਬਾਹਰ ਮਨਰੇਗਾ ਮਜ਼ਦੂਰਾਂ ਵੱਲੋਂ ਇੱਕ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਉਨ੍ਹਾਂ ਮਨਰੇਗਾ ਵਿੱਚ ਹੁੰਦੀਆਂ ਕਥਿਤ ਧਾਂਦਲੀਆਂ ਦੇ ਸਬੂਤ ਲਗਾਏ ਤੇ ਪ੍ਰਸ਼ਾਸਨ ਉੱਪਰ ਭ੍ਰਿਸ਼ਟ ਆਚਰਣ ਦੇ ਦੋਸ਼ ਲਗਾਏ। ਕਥਿਤ ਜਾਅਲੀ ਹਾਜ਼ਰੀਆਂ, ਜਾਅਲੀ ਪ੍ਰੋਜੈਕਟ, ਖਬਰਾਂ, ਆਨਲਾਈਨ ਡਾਟਾ ਦੀਆਂ ਤਸਵੀਰਾਂ, ਉੱਚ ਅਧਿਕਾਰੀਆਂ ਵੱਲੋਂ ਜਾਰੀ ਨਿਰਦੇਸ਼ਾਂ, ਸ਼ਿਕਾਇਤਾਂ ਦੀ ਕਾਪੀਆਂ ਨੂੰ ਵੱਡੀ ਫਲੈਕਸ 'ਤੇ ਪ੍ਰਿੰਟ ਕਰਵਾ ਕੇ ਉਸ ਦੇ ਉੱਪਰ ਆਪਣੀ ਟਿੱਪਣੀ ਲਿਖ ਕੇ ਮਜ਼ਦੂਰ ਵਰਗ ਨੇ ਪ੍ਰਸ਼ਾਸਨ ਦੀ ਕਾਰਜ ਪ੍ਰਣਾਲੀ ਦਰਸਾਉਣ ਦਾ ਯਤਨ ਕੀਤਾ। ਮਜ਼ਦੂਰਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਪਟਿਆਲਾ ਡੀ ਸੀ ਨੇ ਇੱਕ ਜੀ ਆਰ ਐੱਸ ਨੂੰ ਜਾਅਲੀ ਪ੍ਰੋਜੈਕਟ ਚਲਾਉਣ 'ਤੇ ਬਰਖਾਸਤ ਕਰ ਦਿੱਤਾ ਸੀ, ਪਰ ਉਸ ਪਿੱਛੋਂ ਅਧਿਕਾਰੀਆਂ ਦੀ ਇੱਕ ਗੁਪਤ ਮੀਟਿੰਗ ਦੇ ਪਿੱਛੋਂ ਜ਼ਿਲ੍ਹਾ ਪ੍ਰਸ਼ਾਸਨ 'ਤੇ ਅਜਿਹਾ ਦਬਾਅ ਪਿਆ ਕਿ ਧਾਂਦਲੀਆਂ ਰੁਕਣ ਦੀ ਥਾਂ ਵਧਣ ਲੱਗ ਪਈਆਂ। ਇਸ ਮੌਕੇ ਸੂਬਾ ਪ੍ਰਧਾਨ ਰਾਜ ਕੁਮਾਰ ਕਨਸੂਹਾ, ਜਨਰਲ ਸਕੱਤਰ ਹਰਦੀਪ ਕੌਰ ਪਾਲੀਆ, ਸੂਬਾ ਮੀਤ ਪ੍ਰਧਾਨ ਰਾਜ ਕੌਰ ਬੂਹੀ, ਕ੍ਰਿਸ਼ਨ ਲੁਬਾਣਾ ਨੇ ਦੱਸਿਆ ਕਿ ਪਿੰਡ ਵਿੱਚ ਪੱਧਰ ਜ਼ਮੀਨਾਂ ਨੂੰ ਪੱਧਰ ਕਰਨ ਦੇ ਪ੍ਰੋਜੈਕਟ ਵਾਰ ਵਾਰ ਚਲਾਏ ਜਾਂਦੇ ਹਨ, ਜਿਸ ਬਾਰੇ ਸਮੇਂ ਸਮੇਂ ਏਡੀਸੀ ਪਟਿਆਲਾ ਨੂੰ ਸਬੂਤਾਂ ਸਮੇਤ ਸੂਚਿਤ ਕੀਤਾ ਗਿਆ, ਪਰ ਕਿਸੇ ਵੀ ਥਾਂ ਧਾਂਦਲੀ ਨੂੰ ਨਕੇਲ ਨਾ ਪਈ।

ਕਾਨੂੰਨ ਅਨੁਸਾਰ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਖੁੱਲ੍ਹੇਆਮ ਚੁਣੌਤੀ ਦਿੱਤੀ ਜਾਂਦੀ ਹੈ ਕਿ ਜੇਕਰ ਲਿਖਤੀ ਕੰਮ ਮੰਗਣ ਵਾਲਿਆਂ ਨੂੰ ਜਾਂ ਕੰਮ ਨਹੀਂ ਮਿਲੇਗਾ ਜਾਂ ਪੈਸੇ ਨਹੀਂ ਮਿਲਣਗੇ ਜਾਂ ਘੱਟ ਮਿਲਣਗੇ, ਦੂਜੇ ਪਾਸੇ ਰਸੂਖਵਾਨ ਜਾਂ ਪ੍ਰਸ਼ਾਸਨ ਨਾਲ ਧਾਂਦਲੀਆਂ ਵਿੱਚ ਮਿਲ ਕੇ ਚੱਲਣ ਵਾਲਿਆਂ ਦੀ ਘਰ ਬੈਠੇ ਵੀ ਹਾਜ਼ਰੀ ਲਗਾ ਕੇ ਮਨਰੇਗਾ 'ਚੋਂ ਪੈਸੇ ਦਿੱਤੇ ਜਾ ਰਹੇ ਹਨ। ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਬਾਬਰਪੁਰ ਨੇ ਦੱਸਿਆ ਕਿ ਪ੍ਰਸ਼ਾਸਨ ਉੱਪਰ ਨਾ ਅਰਜ਼ੀਆਂ ਦਾ ਕੋਈ ਅਸਰ ਹੈ, ਨਾ ਖ਼ਬਰਾਂ ਦਾ। ਕੰਮ ਕਰਨ ਵਾਲੇ ਮਜ਼ਦੂਰਾਂ ਦੀ ਵਾਰੀ ਆਨਲਾਈਨ ਹਾਜ਼ਰੀ ਨਹੀਂ ਲਗਦੀ, ਕਿਉਂਕਿ ਸਰਵਰ ਰੁਕ ਜਾਂਦਾ ਹੈ, ਪਰ ਜਾਅਲੀ ਪ੍ਰੋਜੈਕਟ 'ਤੇ ਹਾਜ਼ਰੀਆਂ ਵੇਲੇ ਸਰਵਰ ਵਧੀਆ ਕੰਮ ਕਰਦਾ ਹੈ। ਇਸ ਮੌਕੇ ਬਾਬਰਪੁਰ, ਹੱਲਾ, ਨਰਮਾਣਾ, ਪਾਲੀਆ, ਗੱਜਰਹੇੜੀ, ਮਹਿਸ, ਰਣਜੀਤਗੜ੍ਹ ਆਦਿ ਪਿੰਡਾਂ ਤੋਂ ਮਜ਼ਦੂਰਾਂ ਨੇ ਬਾਖੂਬੀ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦਾ ਲੋਕਾਂ ਨੂੰ ਵਿਸਤਾਰ ਵਿੱਚ ਵਰਨਣ ਕੀਤਾ, ਜਿਸ ਨੂੰ ਸੁਣ ਕੇ ਲੋਕ ਹੈਰਾਨ ਹੋ ਰਹੇ ਸਨ। ਬਲਾਕ ਮੀਤ ਪ੍ਰਧਾਨ ਕਰਮਜੀਤ ਬਨੇਰਾ ਖੁਰਦ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੀਆਂ 156 ਸ਼ਿਕਾਇਤਾਂ ਦਾ ਇੱਕ ਸਾਲ ਤੋਂ ਅਜੇ ਤੱਕ ਕਾਨੂੰਨ ਅਨੁਸਾਰ ਹੱਲ ਨਹੀਂ ਕੀਤਾ ਗਿਆ, ਜਿਸ ਕਰਕੇ ਹੁਣ ਅਸੀਂ ਲੋਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਏ ਹਾਂ। ਹਰ ਰੋਜ਼ ਵੱਖ ਵੱਖ ਪਿੰਡਾਂ ਤੋਂ ਮਜ਼ਦੂਰ ਆ ਕੇ ਇਥੇ ਪ੍ਰਦਰਸ਼ਨੀ ਵਿੱਚ ਆਪਣੀ ਹੱਡਬੀਤੀ ਸੁਣਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰਾ ਬੂਹੀ, ਚਮਕੌਰ ਸਿੰਘ ਅਗੇਤੀ, ਜੀਤ ਸਿੰਘ ਕਲੇਮਾਜਰਾ ਆਦਿ ਨੇ ਸਰਗਰਮ ਸ਼ਮੂਲੀਅਤ ਕੀਤੀ।

# ਮੁੱਖ ਮੰਤਰੀ ਵੱਲੋਂ 30 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਆਗਾਜ਼



**ਜਲੰਧਰ, (ਸ਼ੈਲੀ ਐਲਬਰਟ)**

ਸ਼ਹਿਰ ਦੇ ਸਰਬਪੱਖੀ ਵਿਕਾਸ ਦਾ ਵਾਅਦਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੇ 30 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਆਗਾਜ਼ ਕਰਕੇ ਸ਼ਹਿਰ ਨੂੰ ਵੱਡੀ ਸੌਗਾਤ ਦਿੱਤੀ ਹੈ। ਇੱਥੇ 30 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 'ਜਲੰਧਰ ਵਿਆਪਕ ਵਿਕਾਸ ਅਤੇ ਤਰੱਕੀ ਨਾਲ ਚਮਕੇਗਾ'। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਜਲੰਧਰ ਲੋਕ ਸਭਾ ਸੀਟ ਦੀ ਜਿੱਤ ਨੇ ਉਨ੍ਹਾਂ ਵਿੱਚ ਲੋਕਾਂ ਦੀ ਸੇਵਾ ਕਰਨ ਦੀ ਹੋਰ ਵੀ ਨਿਮਰ ਭਾਵਨਾ ਭਰ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਇਸ ਲੋਕ ਸਭਾ ਹਲਕੇ ਤੋਂ ਉਨ੍ਹਾਂ ਦੇ ਸੰਸਦ ਮੈਂਬਰ ਨੇ ਅਜੇ ਸਹੁੰ ਨਹੀਂ ਚੁੱਕੀ ਪਰ 100 ਕਰੋੜ ਰੁਪਏ ਦੇ ਕੰਮ ਸ਼ੁਰੂ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ\ ਜਲੰਧਰ-ਆਦਮਪੁਰ-ਹੁਸ਼ਿਆਰਪੁਰ ਸੜਕ ਦਾ ਕੰਮ ਪਹਿਲਾਂ ਹੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਜੰਡਿਆਲਾ-ਗੁਰਾਇਆ ਰੋਡ ਦਾ ਕੰਮ ਵੀ ਜਲਦੀ ਹੀ ਸ਼ੁਰੂ ਹੋ ਜਾਵੇਗਾ ਕਿਉਂਕਿ ਇ ਪ੍ਰੋਜੈਕਟ ਪ੍ਰਵਾਨ ਹੋ ਚੁੱਕਾ ਹੈ। ਸ਼ਾਹਪੁਰ ਕੰਢੀ ਪ੍ਰਾਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਬਿਸਤ-ਦੋਆਬ ਨਹਿਰ ਨੂੰ ਪਾਣੀ ਦੇ ਵਹਾਅ ਦੇ ਸੰਕਟ ਨਾਲ ਨਹੀਂ ਜੂਝਣਾ ਪਵੇਗਾ ਅਤੇ 10,000 ਏਕੜ ਜ਼ਮੀਨ ਨਹਿਰੀ ਪਾਣੀ ਹੇਠ ਆ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਜਾਬ ਸਰਕਾਰ ਨੇ ਝੋਨੇ ਦੇ ਸੀਜਨ ਲਈ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਮੁਹੱਈਆ ਕਰਵਾਈ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਦੱਸਣ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਹਰੇਕ ਦੇਸ਼ ਵਾਸੀ ਦੇ 15 ਲੱਖ ਰੁਪਏ ਕਿੱਥੇ ਗਏ? ਉਨ੍ਹਾਂ ਕਿਹਾ ਕਿ ਮੋਦੀ ਨੇ ਸੱਤਾ ਹਾਸਲ ਕਰਨ ਲਈ ਇਸ ਸਿਆਸੀ ਡਰਾਮੇਬਾਜੀ ਰਾਹੀਂ ਲੋਕਾਂ ਦੇ ਅੱਖੀਂ ਘੱਟਾ ਪਾਇਆ। ਇਸ ਮੌਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ, ਰਾਜ ਸਭਾ ਮੈਂਬਰ ਰਾਘਵ ਚੱਢਾ ਤੇ ਬਾਬਾ ਬਲਬੀਰ ਸਿੰਘ ਸੀਚੇਵਾਲ, ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਤੇ ਹੋਰ ਵੀ ਹਾਜਰ ਸਨ।

# ਮੰਗਾਂ ਨੂੰ ਲੈ ਕੇ ਸੁਸ਼ੀਲ ਰਿੰਕੂ ਨੂੰ ਮਿਲੇ ਉਲੰਪੀਅਨ ਖਿਡਾਰੀ



**ਜਲੰਧਰ (ਸ਼ੈਲੀ ਐਲਬਰਟ)** : - ਹਾਕੀ ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੇ ਉਲੰਪੀਅਨ ਖਿਡਾਰੀਆਂ ਮਨਦੀਪ ਸਿੰਘ, ਸ਼ਮਸ਼ੇਰ ਸਿੰਘ ?ਤੇ ਹਾਰਦਿਕ ਵੱਲੋਂ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਨਾਲ ਮੁਲਾਕਾਤ ਕੀਤੀ ਗਈ। ?ਇਨ੍ਹਾਂ ?ਉਲੰਪੀਅਨ ਖਿਡਾਰੀਆਂ ਨੇ ਕਿਹਾ ਕਿ ਤੁਸੀਂ ਇਕ ਚੰਗੇ ਖਿਡਾਰੀ ਵੀ ਰਹੇ ਹੋ ਤੇ ਪੰਜਾਬ ਦੇ ਸਮੂਹ ਖਿਡਾਰੀਆਂ ਨੂੰ ਤੁਹਾਡੇ ਤੋਂ ਬਹੁਤ ਆਸਾਂ ਹਨ। ਰਿੰਕੂ ਨੂੰ ਮੰਗ ਪੱਤਰ ਦਿੰਦਿਆਂ ਦੱਸਿਆ ਕਿ ਕਾਂਗਰਸ ਸਰਕਾਰ ਵੱਲੋਂ ਸਾਡਾ ਸਨਮਾਨ ਕਰਦਿਆਂ ਸਾਨੂੰ ਨੌਕਰੀ ਦੀਆਂ ਆਫ਼ਰ ਲੈਟਰਾਂ ਦਿੱਤੀਆਂ ਗਈਆਂ ਸਨ ਪਰ ਕੁੱਝ ਕਾਰਨਾਂ ਕਰਕੇ ਨੌਕਰੀਆਂ 'ਤੇ ਲਗਵਾਇਆ ਨਹੀਂ ਗਿਆ ਸੀ। ਖਿਡਾਰੀਆਂ ਨੇ ਮੰਗ ਕੀਤੀ ਕਿ ਸਾਨੂੰ ਜਲਦ ਤੋਂ ਜਲਦ ਨੌਕਰੀਆਂ 'ਤੇ ਲਗਵਾਇਆ ਜਾਵੇ। ਰਿੰਕੂ ਨੇ ਕਿਹਾ ਕਿ ਮੈਂ ਇਹ ਸਾਰਾ ਮਾਮਲਾ ਜਲਦ ਹੀ ਮੁੱਖ ?ਮੰਤਰੀ ਭਗਤ ਮਾਨ ਅਤੇ ਖੇਡ ਮੰਤਰੀ ਦੇ ਧਿਆਨ ਵਿਚ ਲਿਆਂਵਾਂਗਾ ਤੇ ਜਲਦ ਤੋਂ ਜਲਦ ਇਸ ਮਸਲੇ ਨੂੰ ਹੱਲ ਕਰਵਾਵਾਂਗਾ। ?ਉਨ੍ਹਾਂ ਕਿਹਾ ਕਿ ਇਹ ਉਲੰਪੀਅਨ ਖਿਡਾਰੀ ਸਾਡੇ ਦੇਸ਼ ਦੀ ਸ਼ਾਨ ਹਨ। ਇਨ੍ਹਾਂ ਨੇ ਸਾਡੇ ਦੇਸ਼ ਅਤੇ ਪੰਜਾਬ ਨਾਂਅ ਰੌਸ਼ਨ ਕੀਤਾ ਹੈ। ਇਹੋ ਜਿਹੇ ਖਿਡਾਰੀਆਂ ਦੇ ਅਸੀਂ ਕਰਜ਼ਦਾਰ ਹਾਂ ਤੇ ਇਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ ਸਾਡਾ ਫਰਜ਼ ਬਣਦਾ ਹੈ।ਖਿਡਾਰੀਆਂ ਵੱਲੋਂ ਸੁਸ਼ੀਲ ਰਿੰਕੂ ਨੂੰ ਹਾਕੀ ਸਟਿੱਕ ਯਾਦ ਚਿੰਨ੍ਹ ਵਜੋਂ ਭੇਟ ਕੀਤੀ ਗਈ।

# ਅੱਧ ਵਿਚਾਲੇ ਬਣਾ ਕੇ ਛੱਡਿਆ ਸਕੂਲ ਖੰਡਰ ਬਣਨ ਦੀ ਕਗਾਰ 'ਤੇ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਨੂਰਮਹਿਲ ਦੀ ਇਕ ਤ੍ਰਾਸਦੀ ਇਹ ਹੈ ਕਿ ਲੰਬੇ ਸਮੇਂ ਤੋਂ ਇਤਿਹਾਸਕ ਸਰਾਂ 'ਚੋਂ ਨਿਕਲਿਆ ਸਕੂਲ ਤਕਰੀਬਨ 16 ਸਾਲਾਂ ਤੋਂ ਅਜੇ ਤੱਕ ਵੀ ਨਹੀਂ ਬਣ ਸਕਿਆ। ਇਕ ਵੇਲਾ ਸੀ ਜਦੋਂ ਨਗਰ ਕੌਂਸਲ ਨੂਰਮਹਿਲ ਨੇ ਮਤਾ ਪਾ ਕੇ 14 ਕਨਾਲ 17 ਮਰਲੇ ਜ਼ਮੀਨ ਸਕੂਲ ਦੇ ਨਾਂਅ ਕੀਤੀ ਸੀ। ਉਸ ਜਗ੍ਹਾ 'ਤੇ ਸਕੂਲ ਬਣਾਉਣ ਲਈ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੇ ਇਕ ਕਰੋੜ 17 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਸੀ। 2016 'ਚ ਇਸ ਸਕੂਲ ਦਾ ਨੀਂਹ ਪੱਥਰ ਵਿਧਾਇਕ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਰੱਖਿਆ ਸੀ। ਸਰਕਾਰ ਨੇ 57 ਲੱਖ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰ ਕੇ ਸਿੱਖਿਆ ਵਿਭਾਗ ਦੇ ਨਾਂਅ 'ਤੇ ਕੀਤੀ ਸੀ। ਉਸ ਤੋਂ ਬਾਅਦ ਸਕੂਲ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਬਾਅਦ 'ਚ ਸਕੂਲ ਦਾ ਨਿਰਮਾਣ ਅੱਧ ਵਿਚਾਲੇ ਛੱਡ ਦਿੱਤਾ ਗਿਆ। ਕਿਉਂਕਿ ਪਿਛਲੀ ਸਰਕਾਰ ਤੇ ਹੁਣ ਦੀ ਸਰਕਾਰ ਨੇ ਬਾਕੀ ਰਹਿੰਦੀ ਰਾਸ਼ੀ ਜਾਰੀ ਨਹੀਂ ਕੀਤੀ। ਵਿਧਾਨ ਸਭਾ ਚੋਣਾਂ ਵਿੱਚ ਤੇ ਜ਼ਿਮਨੀ ਚੋਣ 'ਚ ਇਸ ਸਕੂਲ ਦਾ ਮੁੱਦਾ ਛਾਇਆ ਰਿਹਾ। ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਆ ਕੇ ਝੂਠੇ ਲਾਰੇ ਲਾਏ ਪਰ ਹੁਣ ਇਸ ਵੇਲੇ ਸਕੂਲ ਦੀ ਬਣੀ ਇਮਾਰਤ ਖੰਡਰ ਬਣਦੀ ਜਾ ਰਹੀ ਹੈ। ਸ਼ਹਿਰ ਦੇ ਗੰਦੇ ਪਾਣੀ 'ਚ ਡੁੱਬੀ ਇਹ ਇਮਾਰਤ ਕਿਸੇ ਵੇਲੇ ਵੀ ਡਿਗ ਸਕਦੀ ਹੈ। ਇਸ ਇਮਾਰਤ ਦੇ ਆਸ ਪਾਸ ਕੂੜੇ ਦੇ ਲੱਗੇ ਢੇਰ ਆਮ ਦੇਖੇ ਜਾ ਸਕਦੇ ਹਨ। 57 ਲੱਖ ਰੁਪਏ ਖੂਹ ਖਾਤੇ ਪਏ ਨਜ਼ਰ ਆ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਸਰਕਾਰ ਵੱਲੋਂ ਦੂਸਰੀ ਕਿਸ਼ਤ ਜਾਰੀ ਕੀਤੀ ਜਾਂਦੀ ਹੈ ਜਾਂ ਇਸ ਸਕੂਲ ਦਾ ਨਿਰਮਾਣ ਗੰਦੇ ਪਾਣੀ ਦੀ ਭੇਟ ਚੜ੍ਹ ਜਾਵੇਗਾ।

# ਕੀਰਤਨ 'ਚ ਮਾਰਕੁੱਟ ਕਰਨ ਦੇ ਦੋਸ਼ ਹੇਠ ਬਾਬੇ ਸਮੇਤ 10 ਖ਼ਿਲਾਫ਼ ਮਾਮਲਾ ਦਰਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਸਥਾਨਕ ਪੁਲਸ ਨੇ ਧਾਰਮਿਕ ਸਮਾਗਮ ਦੌਰਾਨ ਮਾਰਕੁੱਟ ਕਰਨ ਦੇ ਦੋਸ਼ ਹੇਠਾਂ ਬਾਬੇ ਸਮੇਤ 10 ਵਿਅਕਤੀਆਂ ਖ਼ਿਲਾਫ਼ ਤਹਿਤ ਮਾਮਲਾ ਦਰਜ ਕੀਤਾ ਹੈ। ਤਲਵਾੜਾ ਪੁਲਸ ਨੇ ਇਹ ਮਾਮਲਾ ਪੰਕਜ ਕੁਮਾਰ (23) ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਬੇੜਿੰਗ ਦੇ ਬਿਆਨਾਂ 'ਤੇ ਦਰਜ ਕੀਤਾ ਹੈ। ਪੰਕਜ ਕੁਮਾਰ ਨੇ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਦੇ ਪਿੰਡ ਵਿਚ ਹੀ ਰਿਸ਼ਤੇ 'ਚ ਲੱਗਦੇ ਦਾਦਾ ਲੇਖਰਾਜ ਦੇ ਘਰ ਵਿਸ਼ਾਲ ਬਾਬੇ ਦਾ ਕੀਰਤਨ ਸੀ। ਮੇਰੀ ਦਾਦੀ ਕਮਲੇਸ਼ ਕੁਮਾਰੀ ਜਦੋਂ ਲੇਖਰਾਜ ਦੇ ਘਰ ਕੀਰਤਨ 'ਚ ਮੱਥਾ ਟੇਕਣ ਗਈ, ਤਾਂ ਉੱਥੇ ਮੌਜੂਦ ਬਾਬੇ ਦੇ ਸਮਰਥਕ ਕੁਲਵਿੰਦਰ ਸਿੰਘ ਪੁੱਤਰ ਮਿਹਰ ਸਿੰਘ ਵਾਸੀ ਪਿੰਡ ਪਲੀਹਰ ਪੱਤੀ ਨੇ ਕੀਰਤਨ 'ਚ ਦਾਦੀ ਨੂੰ ਮੱਥਾ ਟੇਕਣ ਤੋਂ ਰੋਕ ਦਿੱਤਾ, ਦਾਦੀ ਕਮਲੇਸ਼ ਕੁਮਾਰੀ ਨੇ ਘਰ ਆ ਕੇ ਸਾਰੀ ਗੱਲ ਉਸ ਨੂੰ ਦੱਸੀ। ਜਦੋਂ ਉਹ ਇਹ ਗੱਲ ਪੁਛਣ ਕੁਲਵਿੰਦਰ ਸਿੰਘ ਕੋਲ ਗਿਆ ਤਾਂ ਉੱਥੇ ਮੌਜੂਦ ਬਾਬੇ ਦੇ ਸਮਰਥਕ ਉਸ ਨੂੰ ਜ਼ਬਰਦਸਤੀ ਚੁੱਕ ਕੇ ਅੰਦਰ ਲੈ ਗਏ। ਅੰਦਰ ਬਾਬੇ ਨਾਲ ਮੌਜੂਦ ਵਿਵੇਕ ਕੁਮਾਰ ਉਰਫ਼ ਵਿੱਕੀ, ਸ਼ੁਭਮ, ਜੀਤ ਰਾਮ, ਲੇਖਰਾਜ, ਗੋਪਾਲ ਕ੍ਰਿਸ਼ਨ ਆਦਿ ਸਮਰਥਕਾਂ ਨੇ ਘੇਰ ਲਿਆ, ਵਿਸ਼ਾਲ ਬਾਬੇ ਨੇ ਉਸ ਨੂੰ ਚਿਮਟਿਆਂ ਨਾਲ ਮਾਰਿਆ, ਉਪਰੰਤ ਉਕਤ ਬਾਬੇ ਦੇ ਸਮਰਥਕਾਂ ਨੇ ਬੇਰਹਿਮੀ ਨਾਲ ਉਸ ਦੀ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਮੇਰੀ ਮਾਤਾ ਨੀਲਮ ਕੁਮਾਰੀ ਅਤੇ ਦੋਸਤ ਅਕਾਸ਼ਦੀਪ ਨੇ ਮੈਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ, ਤਾਂ ਉੱਥੇ ਮੌਜੂਦ ਬਾਬੇ ਦੀਆਂ ਸਮਰਥਕਾਂ ਮੋਨਿਕਾ ਪੁੱਤਰੀ ਜੋਗਿੰਦਰ ਸਿੰਘ ਅਤੇ ਤਿੰਨ ਹੋਰ ਔਰਤਾਂ ਨੇ ਮਾਤਾ ਨਾਲ ਵੀ ਮਾਰਕੁੱਟ ਕੀਤੀ ਤੇ ਭੈੜੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ। ਰੌਲਾ ਸੁਣ ਕੇ ਪਿੰਡ ਦੇ ਲੋਕ ਇਕੱਤਰ ਹੋਏ ਅਤੇ ਮੈਨੂੰ ਬੇਹੋਸ਼ੀ ਦੀ ਹਾਲਤ 'ਚ ਬੀਬੀਐਮਬੀ ਹਸਪਤਾਲ ਤਲਵਾੜਾ ਪਹੁੰਚਾਇਆ। ਸਥਾਨਕ ਪੁਲਸ ਨੇ ਲੋਕ ਰੋਹ ਦੇ ਚੱਲਦਿਆਂ ਕਰੀਬ ਤਿੰਨ ਦਿਨਾਂ ਬਾਅਦ ਬਾਬੇ ਵਿਸ਼ਾਲ ਸਮੇਤ 7 ਉਕਤ ਪਛਾਤੇ ਅਤੇ ਤਿੰਨ ਅਣਪਛਾਤੇ ਸਮਰਥਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

# ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਸਾਲਾਨਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਫਰਾਲਾ ਵਿਖੇ ਚੁੰਬਰ ਜਠੇਰਿਆਂ ਦਾ ਸਾਲਾਨਾ ਮੇਲਾ ਸਮੂਹ ਪ੍ਰਬੰਧਕ ਕਮੇਟੀ ਅਤੇ ਚੁੰਬਰ ਪਰਵਾਰ ਵਲੋਂ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ । ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ । ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ ਅਤੇ ਕੁਲ ਲੁਕਾਈ ਦੇ ਭਲੇ ਲਈ ਅਰਦਾਸ ਕੀਤੀ ਗਈ, ਉਪਰੰਤ ਸਟੇਜ ਸਜਾਈ ਗਈ, ਜਿਸ ਸਰਬਜੀਤ ਸਰਬ , ਕਲਸੀ ਬ੍ਰਦਰਜ ਤਲਵੰਡੀ ਜੱਟਾਂ , ਪੰਮਾ ਕੁਲਥਮ , ਲੱਕੀ ਬੌਸ , ਬਹਾਦਰ ਭੱਟੀ , ਬੀਬੀ ਜਸਕਿਰਨ ਕੌਰ , ਆਰ ਐਲ ਰੋਮੀ , ਮੁਖਤਿਆਰ ਫਰਾਲਵੀ ਆਦਿ ਕਲਾਕਾਰਾਂ ਨੇ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ । ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ । ਇਸ ਮੌਕੇ ਪ੍ਰਧਾਨ ਨਰਿੰਦਰ ਮਿੱਠਾਪੁਰ , ਕੈਸ਼ੀਅਰ ਜੀਤ ਰਾਮ ਸਾਬਕਾ ਸਰਪੰਚ ਫਰਾਲਾ , ਸੈਕਟਰੀ ਹਰਦੀਪ ਹੈਪੀ , ਚੇਅਰਮੈਨ ਪਿਰਥੀ ਪਾਲ , ਸੁਰਿੰਦਰ ਪਾਲ ਨੰਬਰਦਾਰ , ਨੰਦ ਲਾਲ ਚੁੰਬਰ , ਅਵਤਾਰ ਸਿੰਘ ਭਗੌਰਾ , ਕੁਲਵਿੰਦਰ ਸੰਘੇ ਜਗੀਰ , ਬਲਵੀਰ ਚੁੰਬਰ ਪੁਆਦੜਾ , ਲਹਿੰਬਰ ਚੁੰਬਰ ਸੰਘੇ ਜਗੀਰ , ਬਬਲਾ ਸਟੇਜ ਸੈਕਟਰੀ ਆਦਿ ਹਾਜਰ ਸਨ ।

# 5 ਸਥਾਨਾਂ 'ਤੇ ਲੱਖਾਂ ਸੀ ਐੱਫ ਟੀ ਮਾਈਨਿੰਗ ਪਾਈ, ਜ਼ਮੀਨ ਮਾਲਕਾਂ ਵਿਰੁੱਧ ਪਰਚਾ ਦਰਜ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਮਾਈਨਿੰਗ ਵਿਭਾਗ ਵੱਲੋਂ ਇਕ ਵਾਇਰਲ ਹੋਈ ਵੀਡੀਓ ਕਲਿੱਪ 'ਚ ਦਿਖਾਏ ਗਏ ਮਾਈਨਿੰਗ ਏਰੀਏ ਦੀ ਲਗਾਤਾਰ 3 ਦਿਨਾਂ ਤੱਕ ਜਾਂਚ ਕੀਤੇ ਜਾਣ ਉਪਰੰਤ ਸਥਾਨਕ ਪੁਲਸ ਨੇ ਜ਼ਮੀਨ ਮਾਲਕਾਂ ਖਿਲਾਫ ਮਾਈਨਿੰਗ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਚੌਕੀ ਕਲਵਾਂ ਦੀ ਪੁਲਸ ਕੋਲ ਦਰਜ ਕਰਵਾਈ ਗਈ ਸ਼ਿਕਾਇਤ 'ਚ ਪ੍ਰਦੀਪ ਕੁਮਾਰ ਉਪ ਮੰਡਲ ਅਧਿਕਾਰੀ ਜਲ ਨਿਕਾਸ-ਕਮ-ਮਾਈਨਿੰਗ ਅਫਸਰ ਉਪ ਮੰਡਲ ਨੂਰਪੁਰਬੇਦੀ, ਦੀਪਕ ਕੁਮਾਰ ਜੇ.ਈ.-ਕਮ-ਮਾਈਨਿੰਗ ਇੰਸਪੈਕਟਰ ਨੂਰਪੁਰਬੇਦੀ ਅਤੇ ਸੰਜੀਵ ਕੁਮਾਰ ਜੇ.ਈ.-ਕਮ-ਮਾਈਨਿੰਗ ਇੰਸਪੈਕਟਰ ਨੂਰਪੁਰਬੇਦੀ ਨੇ ਦੱਸਿਆ ਕਿ ਇਕ ਵਾਇਰਲ ਹੋਈ ਵੀਡੀਓ ਕਲਿੱਪ 'ਚ ਦਿਖਾਏ ਗਏ ਏਰੀਆ ਦੀ ਪੁਲਸ ਪ੍ਰਸ਼ਾਸ਼ਨ ਨਾਲ ਤਾਲਮੇਲ ਕਰਕੇ ਲਗਾਤਾਰ 3 ਦਿਨ ਚੈਕਿੰਗ ਕੀਤੀ ਗਈ। ਮਗਰ ਇਸ ਜਾਂਚ ਦੌਰਾਨ ਉਕਤ ਸਥਾਨ 'ਤੇ ਮੌਕੇ ਤੋਂ ਕੋਈ ਮਸ਼ੀਨਰੀ ਕਾਬੂ ਨਹੀਂ ਕੀਤੀ ਗਈ। ਜਦਕਿ ਤਾਜ਼ਾ ਮਾਈਨਿੰਗ ਹੋਈ ਪਾਈ ਗਈ। ਉਨਾਂ ਦੱਸਿਆ ਕਿ 5 ਸਥਾਨਾਂ 'ਚੋਂ 3 ਸਥਾਨਾਂ 'ਤੇ 20-20 ਫੁੱਟ ਡੂੰਘੇ, ਜਦਕਿ 2 ਸਥਾਨਾਂ 'ਤੇ 18 ਅਤੇ 16 ਫੁੱਟ ਡੂੰਘੇ ਮਾਈਨਿੰਗ ਖੱਡੇ ਪਾਏ ਗਏ ਅਤੇ ਜਿਨਾਂ ਦੀ ਕੁੱਲ ਪੈਮਾਇਸ਼ ਕਰੀਬ 2 ਲੱਖ 31 ਹਜ਼ਾਰ 15 ਸੀ.ਐੱਫ.ਸੀ. ਪਾਈ ਗਈ। ਮਾਈਨਿੰਗ ਅਧਿਕਾਰੀਆਂ ਨੇ ਮੌਕੇ 'ਤੋਂ ਨਾਜਾਇਜ਼ ਮਾਈਨਿੰਗ ਵਾਲੀ ਜ਼ਮੀਨ ਦੇ ਕੁਆਰਡੀਨੇਟਸ ਹਾਸਿਲ ਕਰ ਲਏ। ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮਾਈਨਿੰਗ ਅਧਿਕਾਰੀਆਂ ਦੀ ਉਕਤ ਸ਼ਿਕਾਇਤ 'ਤੇ ਜ਼ਮੀਨ ਦੇ ਨਾਮਲੂਮ ਮਾਲਕਾਂ ਖਿਲਾਫ ਮਾਈਨਿੰਗ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਗਈ ਹੈ।

# ਸਿੱਖ ਧਰਮ 'ਚ ਸਰਕਾਰੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ : ਸਿੰਘ ਸਾਹਿਬ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਵਾਲਿਆਂ ਦਾ ਧਰਮ ਹੈ ਪਰ ਕਿਸੇ ਵੀ ਸਰਕਾਰ ਨੂੰ ਆਪਣੇ ਧਾਰਮਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਹ ਗੱਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਹੀ। ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਜੇਕਰ ਸਰਕਾਰ ਧਾਰਮਕ ਮਾਮਲਿਆਂ ਵਿੱਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਇਸ ਨੂੰ ਕਿਸੇ ਵੀ ਹਾਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਸਰਕਾਰ ਦੀ ਜ਼ਿੰਮੇਵਾਰੀ ਆਪਣੇ ਫਰਜ਼ਾਂ ਦੀ ਸੰਭਾਲ ਕਰਨ ਦੀ ਹੈ। ਉਹ ਜਨਤਾ ਨੂੰ ਸੁੱਖ ਸਹੂਲਤਾਂ ਦੇਵੇ ਨਾ ਕਿ ਕਿਸੇ ਦੇ ਧਾਰਮਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰੇ। ਸਿੱਖਾਂ ਦੇ ਧਾਰਮਕ ਮਾਮਲਿਆਂ ਲਈ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਰਜ ਕਰ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸੇਵਾ ਮਿਲਣ ਉਪਰੰਤ ਤੁਹਾਡਾ ਪਹਿਲਾ ਕੀ ਕੰਮ ਹੋਵੇਗਾ ਪੁੱਛਣ 'ਤੇ ਸਿੰਘ ਸਾਹਿਬ ਨੇ ਕਿਹਾ ਕਿ ਧਰਮ ਪ੍ਰਚਾਰ ਰਾਹੀਂ ਜਾਗਰਿਤੀ ਪੈਦਾ ਕਰਨਾ ਮੁੱਖ ਕੰਮ ਹੋਵੇਗਾ, ਜਿਸ ਲਈ ਵੱਡੇ ਪੱਧਰ 'ਤੇ ਧਰਮ ਪ੍ਰਚਾਰ ਕੀਤਾ ਜਾਵੇਗਾ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾਣਗੇ। ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਧਰਮ ਪ੍ਰਚਾਰ ਦੀ ਸੇਵਾ ਨਿਭਾਈ ਜਾਵੇਗੀ। ਕੁਝ ਲੋਕਾਂ ਵੱਲੋਂ ਕਈ ਥਾਵਾਂ 'ਤੇ ਸਿੱਖਾਂ ਨਾਲ ਹੋ ਰਹੇ ਧੱਕੇ ਬਾਰੇ ਸਿੰਘ ਸਾਹਿਬ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਅਜ਼ਾਦੀ ਲਈ ਅਥਾਹ ਕੁਰਬਾਨਿਆਂ ਕੀਤੀਆਂ ਹਨ, ਸਿੱਖਾਂ ਦਾ ਮਾਣ-ਸਤਿਕਾਰ ਕਾਇਮ ਰਹਿਣਾ ਚਾਹੀਦਾ ਹੈ ਅਤੇ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਕਿਸੇ ਵੀ ਜਗ੍ਹਾ ਧੱਕਾ ਨਹੀਂ ਹੋਣਾ ਚਾਹੀਦਾ।

# ਮੁੱਖ ਮੰਤਰੀ ਦੀ ਯੋਗਸ਼ਾਲਾ 'ਚ ਸਿਲਵਰ ਓਕ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹੋਏ ਸ਼ਾਮਲ



ਟਾਂਡਾ ਉੜਮੁੜ ਉਂਕਾਰ ਸਿੰਘ ਜਸਵਿੰਦਰ ਸੰਧੂ )ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵਿਸ਼ਵ ਯੋਗਾ ਦਿਵਸ ਦੇ ਮੌਕੇ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਸੀ. ਐੱਮ. ਦੀ ਯੋਗਸਾਲਾ ਵਿੱਚ ਹੁੰਮ-ਹੁਮਾ ਕੇ ਹਿੱਸਾ ਲਿਆ ਗਿਆ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਰਿਸੋਰਸ-ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ ਅਤੇ ਅਧਿਆਪਕਾ ਗੁਰਮੀਤ ਕੌਰ ਦੀ ਅਗਵਾਈ ਵਿੱਚ ਬੱਚਿਆਂ ਦੇ ਗਰੁੱਪ ਨੇ ਜਲੰਧਰ ਪੀ ਏ ਪੀ ਵਿਖੇ ਮੁੱਖ ਮੰਤਰੀ ਪੰਜਾਬ ਦੀ ਮੌਜੂਦਗੀ ਵਿੱਚ ਯੋਗ ਅਭਿਆਸ ਦਾ ਪ੍ਰਦਰਸ਼ਨ ਕੀਤਾ। ਸੰਸਥਾ ਦੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਦੇਸ਼ ਵਿਦੇਸ਼ ਵਿੱਚ ਮਸ਼ਹੂਰ ਹੋਇਆ ਯੋਗ ਜਿਸ ਦੀਆਂ ਜੜ੍ਹਾਂ ਮੂਲ ਤੌਰ 'ਤੇ ਭਾਰਤ ਵਿੱਚ ਹਨ। ਅੱਜ ਦੁਨੀਆਂ ਵਿੱਚ ਹਰ ਕੋਈ ਯੋਗਤਾ ਲੋਹਾ ਮੰਨਦਾ ਹੈ ਤੇ ਅਸੀਂ ਜਾਣਦੇ ਹਾਂ ਕਿ ਅਸੀਂ ਯੋਗ ਦੇ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਮੁਕਤੀ ਪਾ ਕੇ ਆਪਣਾ ਸਰੀਰ ਸਵਸਥ ਕਰ ਸਕਦੇ ਹਾਂ। ਇਸ ਮੌਕੇ ਤੇ ਗਜਿੰਦਰਪਾਲ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਬੀਰ ਕੌਰ, ਅਰਚਨਾ ਸੈਣੀ, ਦਮਨਪ੍ਰੀਤ ਕੌਰ, ਮਮਤਾ, ਗੁਰਦੇਵ ਸਿੰਘ ਅਤੇ ਬਾਕੀ ਸਟਾਫ਼ ਮੌਜੂਦ ਸੀ।

# ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਗੈਂਗ ਦੇ 3 ਮੈਂਬਰ ਕਾਬੂ



**ਫਿਲੌਰ (ਨਿਰਮਲ)**- ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਦੀ ਅਗਵਾਈ ਹੇਠ ਥਾਣਾ ਮੁੱਖੀ ਫਿਲੌਰ ਇੰਸਪੈਕਟਰ ਹਰਜਿੰਦਰ ਸਿੰਘ ਦੀ ਟੀਮ ਦੇ ਸਬ ਇੰਸਪੈਕਟਰ ਪਰਮਜੀਤ ਸਿੰਘ 'ਤੇ ਪੁਲਸ ਕਰਮਚਾਰੀਆਂ ਸਮੇਤ ਸ਼ਹਿਰ ਵਿੱਚ ਲੁੱਟਾਂ- ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਸਰਗਰਮ ਗੈਂਗ ਦੇ 3 ਮੈਂਬਰਾਂ ਨੂੰ ਚੋਰੀ ਦੇ ਸਮਾਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਗਦੀਸ਼ ਰਾਜ ਨੇ ਦੱਸਿਆ ਕਿ ਮੁਕੱਦਮਾ ਨੰਬਰ 159 ਮਿਤੀ 14.06.2023 ਜੁਰਮ 379ਬੀ/411/379 ਭ:ਦ: ਥਾਣਾ ਫਿਲੌਰ ਵਿੱਚ ਜਸ਼ਨਦੀਪ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਚੂਹੜਪੁਰ ਥਾਣਾ ਹੈਬੋਵਾਲ (ਲੁਧਿਆਣਾ), ਕਰਨ ਪੁੱਤਰ ਅਜੀਤ ਵਾਸੀ ਛੋਹਲੇ ਬਜਾੜ ਥਾਣਾ ਫਿਲੌਰ, ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ ਨੂੰ ਕਾਬੂ ਕਰਕੇ ਇਨ੍ਹਾਂ ਦੇ ਕਬਜ਼ਾ ਵਿੱਚੋਂ 6 ਮੋਟਰਸਾਈਕਲ,1 ਮੋਬਾਇਲ ਫੋਨ ਐਪਲ ਅਤੇ 1 ਮੋਬਾਇਲ ਫੋਨ ਰੀਅਲਮੀ ਬ੍ਰਾਮਦ ਕੀਤਾ। ਜੋ ਆਰੋਪੀਆਂ ਜਸਨਦੀਪ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਚੂਹੜਪੁਰ ਥਾਣਾ ਹੈਬੋਵਾਲ (ਲੁਧਿਆਣਾ), ਕਰਨ ਪੁੱਤਰ ਅਜੀਤ ਵਾਸੀ ਛੋਹਲੇ ਬਜਾੜ ਥਾਣਾ ਫਿਲੌਰ, ਅਵਤਾਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ ਪਾਸੋਂ ਪੁੱਛਗਿੱਛ ਕਰਨ 'ਤੇ ਇਨ੍ਹਾਂ ਪਾਸੋਂ 3 ਕਿੱਲੋ ਚੋਰੀ ਸ਼ੁਦਾ ਤਾਂਬਾ, 2 ਗਾਡਰ ਲੋਹਾ,13700 ਰੁਪਏ ਭਾਰਤੀ ਕਰੰਸੀ,1 ਸਿਲੰਡਰ ਬ੍ਰਾਮਦ ਕੀਤਾ ਹੈ। ਇਸ ਗੈਂਗ ਦੇ ਮੈਂਬਰਾਂ ਤੋਂ ਥਾਣਾ ਫਿਲੌਰ ਦੇ ਕੁੱਲ 8 ਹੋਰ ਸੁਰਾਗ ਮੁਕੱਦਮੇ ਟਰੇਸ ਕੀਤੇ ਗਏ ਹਨ।

# ਤਲਵਿੰਦਰ ਹੀਰ ਤੇ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਦਾ ਸਨਮਾਨ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਲੋਕ-ਪੱਖੀ, ਇਨਕਲਾਬੀ ਜਮਹੂਰੀ ਲਹਿਰ, ਸੰਯੁਕਤ ਕਿਸਾਨ ਮੋਰਚੇ 'ਚ ਮਾਹਿਲਪੁਰ ਕੇਂਦਰ ਅਤੇ ਦੇਸ਼ ਭਗਤ ਯਾਦਗਾਰ ਹਾਲ ਵਰਗੀਆਂ ਸੰਸਥਾਵਾਂ ਦੀਆਂ ਸਰਗਰਮੀਆਂ 'ਚ ਨਿਰੰਤਰ ਸੇਵਾਵਾਂ ਅਰਪਿਤ ਕਰਦੇ ਆ ਰਹੇ ਕਿਸਾਨ ਆਗੂ ਤਲਵਿੰਦਰ ਹੀਰ ਨੰਗਲ ਖਿਲਾੜੀਆਂ ਮਾਹਿਲਪੁਰ (ਹੁਸ਼ਿਆਰਪੁਰ) ਅੱਜ ਆਪਣੇ ਪਰਵਾਰਕ ਮੈਂਬਰਾਂ ਸਮੇਤ ਅਤੇ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਰਿਟਾਇਰਡ ਕਮਾਂਡੈਂਟ ਸਮੇਤ ਦੇਸ਼ ਭਗਤ ਯਾਦਗਾਰ ਹਾਲ ਮਿਊਜ਼ੀਅਮ ਅਤੇ ਲਾਇਬ੍ਰੇਰੀ ਦੇਖਣ ਪੁੱਜੇ। ਇਸ ਪਰਵਾਰਕ ਮਿਲਣੀ 'ਚ ਤਲਵਿੰਦਰ ਹੀਰ ਦੇ ਨਾਲ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ ਖੈਰੜ, ਤਲਵਿੰਦਰ ਹੀਰ ਦੇ ਮਾਤਾ ਸਿਮਰਜੀਤ ਕੌਰ ਹੀਰ (ਐਡਮਿੰਟਨ), ਭੈਣ ਰਾਣੀ ਬੈਂਸ (ਟੋਰੰਟੋ), ਹੀਰ ਦਾ ਭਾਣਜਾ ਹਰਪ੍ਰੀਤ ਸਿੰਘ ਢਿੱਲੋਂ (ਐਡਮਿੰਟਨ) ਅਤੇ ਭਤੀਜਾ ਜਸਮੀਤ ਸਿੰਘ ਹੀਰ ਵੀ ਸ਼ਾਮਲ ਸਨ। ਮਾਤਾ ਸਿਮਰਜੀਤ ਕੌਰ ਨੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਹਾਲ ਦੀ ਮੁਰੰਮਤ ਲਈ ਸਹਾਇਤਾ ਫੰਡ 'ਚ ਯੋਗਦਾਨ ਪਾਇਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਤਾਬਾਂ ਦਾ ਸੈੱਟ ਦੇ ਕੇ ਸਿਮਰਜੀਤ ਕੌਰ, ਭੈਣ ਰਾਣੀ ਬੈਂਸ ਅਤੇ ਅਰਜਨਾ ਐਵਾਰਡੀ ਗੁਰਦੇਵ ਸਿੰਘ ਗਿੱਲ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਸਨਮਾਨ ਕੀਤਾ। ਸਭਨਾਂ ਨੇ ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ।

# ਪੌੜਵਾਲ ਜਠੇਰਿਆਂ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ



**ਮੇਹਲੀ (ਗਰਨਾਮ ਪੌੜਵਾਲ)**:—ਇੱਥੋਂ ਥੋੜ੍ਹੀ ਦੂਰ ਰਾਇਪੁਰ ਫਰਵਾਲਾ ਵਿਖੇ ਪੌੜਵਾਲ ਗੋਤ ਵਾਲਿਆਂ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ। ਪਹਿਲਾਂ ਝੰਡੇ ਦੀ ਰਸਮ ਉਪਰੰਤ ਅਰਦਾਸ ਕੀਤੀ ਗਈ ਉਸ ਤੋਂ ਬਾਅਦ ਕਲਾਕਾਰਾਂ ਨੇ ਖੂਬ ਰੰਗ ਬੰਨ੍ਹਿਆ। ਬਲਜੀਤ ਜੱਸੀ, ਬਲਜੀਤ ਬੱਬਲੀ ਤੋਂ ਇਲਾਵਾ ਹੋਰ ਬਹੁਤ ਕਲਾਕਾਰਾਂ ਨੇ ਹਾਜਰੀ ਲਗਵਾਈ। ਲੰਗਰ ਅਤੁੱਟ ਵਰਤਾਇਆ ਗਿਆ ਅਤੇ ਗਰਮੀ ਤੋਂ ਰਾਹਤ ਦਿਵਾਉਣ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿਚ ਅਮੋਲਕ ਸਿੰਘ, ਸੋਮ ਲਾਲ, ਸੋਹਣ ਲਾਲ, ਰਜਿੰਦਰ ਕੁਮਾਰ, ਹੁਸਨ ਲਾਲ, ਪਵਿੱਤਰ ਰਾਮ, ਲਛਮਣ ਰਾਮ, ਕੁੰਦਨ, ਹਰਮੇਸ਼ ਲਾਲ ਮੁਖਤਿਆਰ ਆਦਿ ਹਾਜਰ ਸਨ।

# ਨੀਲੇ ਕਾਰਡ ਕੱਟੇ ਜਾਣ 'ਤੇ ਪਰਵਾਰਾਂ ਵੱਲੋਂ ਸਰਕਾਰ ਵਿਰੁੱਧ ਨਾਅਰੇਬਾਜ਼ੀ

**ਮੋਰਿੰਡਾ ( ਜੈਜੀ ਸਰਦਾਰ )**



ਮੋਰਿੰਡਾ ਦੇ ਵਾਰਡ ਨੰਬਰ 3 ਦੇ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਨੀਲਾ ਰਾਸ਼ਨ ਕਾਰਡ ਧਾਰਕਾਂ ਵੱਲੋਂ ਆਪਣੇ ਆਟਾ ਦਾਲ ਸਕੀਮ ਦੇ ਕਾਰਡ ਕੱਟੇ ਜਾਣ 'ਤੇ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜੀ ਕੀਤੀ ਗਈ । ਬੀਬੀ ਪਰਮਜੀਤ ਕੌਰ , ਨਵਜੋਤ ਕੌਰ, ਕਰਨੈਲ ਕੌਰ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਗਰੀਬਾਂ ਦੀ ਭਲਾਈ ਦੀ ਗੱਲ ਕਰਦੀ ਹੈ ਦੂਜੇ ਪਾਸੇ ਮੋਰਿੰਡਾ ਦੇ ਵਾਰਡ ਨੰਬਰ 3 ਵਿੱਚੋਂ ਹੀ ਕਰੀਬ 52 ਕਾਰਡ ਧਾਰਕਾਂ ਦੇ ਨਾਂਅ ਕੱਟੇ ਗਏ ਹਨ ਜਦਕਿ ਇਨਾਂ ਵਿੱਚੋਂ ਬਹੁਤ ਸਾਰੇ ਅਜਿਹੇ ਪਰਵਾਰ ਹਨ ਜੋ ਅਤਿ ਗਰੀਬ ਅਤੇ ਅਨੁਸੂਚਿਤ ਜਾਤੀਆਂ ਦੇ ਪਰਵਾਰਾਂ ਨਾਲ ਸਬੰਧਤ ਹਨ। ਪ੍ਰਦਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਵਿਭਾਗੀ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਸਦਕਾ ਸ਼ਹਿਰ ਦੇ ਪ੍ਰਭਾਵਸ਼ਾਲੀ ਲੋਕਾਂ ਅਤੇ ਜਮੀਨ ਜਾਇਦਾਦ ਵਾਲੇ ਲੋਕਾਂ ਨੂੰ ਅੱਜ ਵੀ ਰਾਸ਼ਨ ਡਿੱਪੂਆਂ ਤੋਂ ਕਣਕ ਮਿਲ ਰਹੀ ਹੈ ਜਦਕਿ ਗਰੀਬ ਅਤੇ ਦਿਹਾੜੀਦਾਰ ਲੋਕਾਂ ਦੇ ਰਾਸ਼ਨ ਕਾਰਡ ਕੱਟ ਕੇ ਉਨ੍ਹਾਂ ਨੂੰ ਕਣਕ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਪ੍ਰਭਾਵਿਤ ਲੋਕਾਂ ਨੇ ਵਿਧਾਇਕ ਡਾ: ਚਰਨਜੀਤ ਸਿੰਘ ਨੂੰ ਵੀ ਮੰਗ ਪੱਤਰ ਦੇ ਕੇ ਇਸਦੀ ਜਾਂਚ ਕਰਕੇ ਦੁਬਾਰਾ ਕਾਰਡ ਬਣਾ ਕੇ ਕਣਕ ਦੀ ਸਪਲਾਈ ਪਹਿਲਾਂ ਵਾਂਗ ਹੀ ਜਾਰੀ ਕਰਨ ਦੀ ਮੰਗ ਕੀਤੀ। ਉੱਧਰ ਜਦੋਂ ਸ਼ਹਿਰ ਦੇ ਲੋਕਾਂ ਦੇ ਰਾਸ਼ਨ ਕਾਰਡ ਕੱਟਣ ਸਬੰਧੀ ਦਵਿੰਦਰ ਸਿੰਘ ਫੂਡ ਸਪਲਾਈ ਅਫਸਰ ਨੇ ਦੱਸਿਆ ਕਿ ਸ਼ਹਿਰ ਦੇ ਕੁੱਲ 1700 ਖਪਤਕਾਰਾਂ ਦੇ ਕਾਰਡ ਕੱਟੇ ਗਏ ਹਨ ਅਤੇ ਇਨ੍ਹਾਂ ਦੀ ਵੈਰੀਫੀਕੇਸ਼ਨ ਨਗਰ ਕੌਂਸਲ ਮੋਰਿੰਡਾ ਦੇ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 600 ਖਪਤਕਾਰ ਅਜਿਹੇ ਹਨ, ਜਿਨ੍ਹਾਂ ਨੇ ਵੈਰੀਫੀਕੇਸ਼ਨ ਵਾਲੇ ਫਾਰਮ ਭਰਕੇ ਵਾਪਸ ਜਮ੍ਹਾਂ ਹੀ ਨਹੀਂ ਕਰਵਾਏ। ਇਸ ਮੌਕੇ ਬੀਬੀ ਪਰਮਜੀਤ ਕੌਰ , ਨਵਜੋਤ ਕੌਰ, ਕਰਨੈਲ ਕੌਰ, ਅਮਨਦੀਪ ਸਿੰਘ, ਮੁਹੰਮਦ ਮਸਰੌਰ, ਮੇਜਰ ਸਿੰਘ, ਗੁਰਦੇਵ ਰਾਜ, ਵਾਸਿਦ, ਸੰਗੀਤਾ, ਮਦੀਨਾ ਬਾਨੋ, ਗੁਰਪ੍ਰੀਤ ਸਿੰਘ, ਕਰਨਪ੍ਰੀਤ ਸਿੰਘ, ਮਮਤਾ ਦਿਵਾਕਰ, ਅਮਰਜੀਤ ਕੌਰ, ਸੁਰਿੰਦਰ ਕੌਰ, ਕੁਲਦੀਪ ਸਿੰਘ , ਗੁਰਮੀਤ ਕੌਰ, ਹਰਬੰਸ ਕੌਰ, ਜਸਵੀਰ ਕੌਰ, ਆਦਿ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਹਾਜਰ ਸਨ।

# ਪੰਜਾਬ ਸਰਕਾਰ ਨੇ ਟ੍ਰੈਮ-3 ਟਰੈਕਟਰਾਂ ਦੀ ਰਜਿਸਟ੍ਰੇਸ਼ਨ ਲਈ ਸਮਾਂ ਹੱਦ 30 ਤੱਕ ਵਧਾਈ

**ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਟ੍ਰੈਮ-3 ਸਟੈਂਡਰਡ ਦੇ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਲਈ 30 ਜੂਨ, 2023 ਤੱਕ ਇਜਾਜਤ ਦੇ ਕੇ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਇਹ ਐਲਾਨ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਇਸ ਗੱਲ 'ਤੇ ਜੋਰ ਦਿੰਦਿਆਂ ਕੀਤਾ ਗਿਆ ਕਿ ਸੂਬਾ ਸਰਕਾਰ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਦੇ ਨਾਲ-ਨਾਲ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਵਚਨਬੱਧ ਹੈ। ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੀਆਂ ਸ਼ਰਤਾਂ ਕਰਕੇ ਸੂਬੇ ਵਿੱਚ ਟ੍ਰੈਮ-3 ਸਟੈਂਡਰਡ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਬੰਦ ਸੀ, ਜਿਸ ਕਾਰਨ ਕਿਸਾਨਾਂ ਅਤੇ ਡੀਲਰਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਲਏ ਗਏ ਫੈਸਲੇ ਮੁਤਾਬਕ ਹੁਣ ਕਿਸਾਨ ਅਤੇ ਡੀਲਰ 30 ਜੂਨ ਤੱਕ ਟ੍ਰੈਮ-3 ਸਟੈਂਡਰਡ ਟਰੈਕਟਰਾਂ ਦੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਡੀਲਰ ਆਪਣੀ ਆਈ.ਡੀ. ਰਾਹੀਂ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਸਕਦੇ ਹਨ ਅਤੇ ਜਿਥੇ ਡੀਲਰ ਆਈ.ਡੀ. ਉਪਲਬਧ ਨਹੀਂ ਹੈ, ਉਥੇ ਆਰ.ਟੀ.ਓ./ਐਸ.ਡੀ.ਐਮ. ਦੀ ਆਈ.ਡੀ. ਤੋਂ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ।

# 3 ਮਾਤਾਵਾਂ ਦਾ ਸਤਿਕਾਰ ਕਰਨਾ ਕਦੀ ਨਾ ਭੁੱਲੋ : ਬਲਜਿੰਦਰ ਮਾਨ



**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**-ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਵੱਲੋਂ ਕਰੂੰਬਲਾਂ ਭਵਨ ਵਿੱਚ ਕਰਵਾਏ ਵਾਤਾਵਰਣ ਦਿਵਸ ਸੰਬੰਧੀ ਵਿਚਾਰ ਪ੍ਰਗਟ ਕਰਦਿਆਂ ਸੰਪਾਦਕ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਸਾਨੂੰ 3 ਮਾਵਾਂ ਦਾ ਸਤਿਕਾਰ ਕਰਨਾ ਕਦੀ ਨਹੀਂ ਭੁੱਲਣਾ ਚਾਹੀਦਾ। ਸਾਡੇ ਜੀਵਨ ਨੂੰ ਸੋਹਣਾ ਤੇ ਸੁਚੱਜਾ ਬਣਾਉਣ 'ਚ ਇਨ੍ਹਾਂ ਦੀ ਮੁੱਖ ਭੂਮਿਕਾ ਹੈ। ਇਹ ਹਨ ਜਨਮ ਦੇਣ ਵਾਲੀ ਮਾਤਾ, ਮਾਤ ਭਾਸ਼ਾ ਅਤੇ ਧਰਤੀ ਮਾਤਾ। ਮਾਂ ਨੇ ਸਾਨੂੰ ਤੁਰਨਾ ਫਿਰਨਾ ਤੇ ਬੋਲਣਾ ਸਿਖਾਇਆ। ਮਾਤ ਭਾਸ਼ਾ ਰਾਹੀਂ ਸਾਡੀ ਦੁਨੀਆ 'ਚ ਹੋਂਦ ਕਾਇਮ ਹੈ। ਧਰਤੀ ਮਾਂ ਕਰਕੇ ਹੀ ਸਾਡਾ ਜੀਵਨ ਹੈ। ਸਾਨੂੰ ਖਾਣ-ਪੀਣ ਅਤੇ ਰਹਿਣ-ਸਹਿਣ ਵਾਸਤੇ ਧਰਤੀ ਮਾਤਾ ਵੱਲੋਂ ਸਭ ਕੁਝ ਆ ਰਿਹਾ ਹੈ। ਇਸ ਲਈ ਸਾਨੂੰ ਇਨ੍ਹਾਂ ਦੇ ਸਨਮਾਨ ਵਿੱਚ ਕੋਈ ਕਮੀ ਨਹੀਂ ਰੱਖਣੀ ਚਾਹੀਦੀ। ਜੇਕਰ ਇਹ ਤਿੰਨੋਂ ਮਾਵਾਂ ਸੁਰੱਖਿਅਤ ਹਨ ਤਾਂ ਸਾਡਾ ਜੀਵਨ ਖੁਸ਼ੀਆਂ ਭਰਪੂਰ ਬਣਦਾ ਹੈ। ਆਓ ਸਾਰੇ ਪ੍ਰਣ ਕਰੀਏ ਕਿ ਅਸੀਂ ਸਾਰਾ ਜੀਵਨ ਇਨ੍ਹਾਂ ਤਿੰਨਾਂ ਮਾਵਾਂ ਦਾ ਸਤਿਕਾਰ ਕਰਦੇ ਰਹਾਂਗੇ। ਇਸ ਮੌਕੇ ਸੁਰ ਸੰਗਮ ਵਿੱਦਿਅਕ ਟਰੱਸਟ ਦੇ ਮੈਂਬਰ ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਬੁੱਧ ਸਿੰਘ ਚਿੱਤਰਕਾਰ, ਚੈਂਚਲ ਸਿੰਘ ਬੈਂਸ, ਮਨਜਿੰਦਰ ਹੀਰ, ਪ੍ਰਿੰਸੀਪਲ ਮਨਜੀਤ ਕੌਰ, ਹਰਵੀਰ ਮਾਨ ਸਮੇਤ ਵਿਦਿਆਰਥੀ ਹਾਜ਼ਰ ਸਨ।

# ਡਾ. ਵਿਧਾਨ ਚੰਦਰ ਨੇ ਵਧ ਰਹੀ ਗਰਮੀ ਤੋਂ ਬਚਾਅ ਲਈ ਨੁਕਤੇ ਕੀਤੇ ਜਾਰੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਉੱਤਰੀ ਭਾਰਤ ਦੇ ਕਈ ਸੂਬਿਆਂ ਦੇ ਨਾਲ ਨਾਲ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਗਰਮੀ ਦਾ ਅਸਰ ਦਿਖਾਈ ਦੇ ਰਿਹਾ ਹੈ। ਗਰਮ ਹਵਾਵਾਂ ਜਾਂ ਕਹਿ ਲਓ ਲੂ ਦੀਆਂ ਲਹਿਰਾਂ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਅਜਿਹੇ 'ਚ ਲੋਕਾਂ ਦਾ ਬਿਮਾਰ ਹੋਣਾ ਆਮ ਗੱਲ ਹੈ। ਗਰਮੀ ਕਾਰਨ ਲਗਭਗ ਹਰ ਇਲਾਕੇ ਵਿੱਚ ਉਲਟੀਆਂ, ਦਸਤ, ਡੀਹਾਈਡ੍ਰੇਸ਼ਨ ਵਰਗੀਆਂ ਆਮ ਸਮੱਸਿਆਵਾਂ ਹੋ ਰਹੀਆਂ ਹਨ। ਮਾਹਿਰਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਗਰਮੀ ਕਾਰਨ ਵਿਅਕਤੀ ਸਟ੍ਰੋਕ ਅਤੇ ਕੋਮਾ ਵਿੱਚ ਜਾ ਸਕਦਾ ਹੈ। ਜੇਕਰ ਸਮੇਂ ਸਿਰ ਪ੍ਰਬੰਧ ਨਾ ਕੀਤੇ ਗਏ ਤਾਂ ਇਹ ਸਥਿਤੀ ਜਾਨਲੇਵਾ ਹੋ ਸਕਦੀ ਹੈ। ਡਾਕਟਰ ਵਿਧਾਨ ਚੰਦਰ ਨੇ ਕਿਹਾ ਕਿ ਤਾਪਮਾਨ ਜ਼ਿਆਦਾ ਹੋਣ ਕਾਰਨ ਕਈ ਲੋਕਾਂ ਨੂੰ ਆਮ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹੀਟ ਸਟ੍ਰੋਕ ਤੋਂ ਇਲਾਵਾ ਤੇਜ ਗਰਮੀ ਵਿੱਚ ਡੀਹਾਈਡਰੇਸ਼ਨ, ਹੀਟ ਕ੍ਰੈਂਪ, ਹੀਟ ਸਿੰਕੋਪ, ਚੱਕਰ ਆਉਣਾ, ਘੱਟ ਬੀਪੀ ਦੀ ਸਮੱਸਿਆ ਆਮ ਹੈ। ਅਜਿਹੀ ਸਥਿਤੀ ਵੀ ਪੈਦਾ ਹੋ ਸਕਦੀ ਹੈ ਕਿ ਵਿਅਕਤੀ ਕੋਮਾ ਵਿੱਚ ਜਾ ਸਕਦਾ ਹੈ। ਪ੍ਰਭਾਵਿਤ ਵਿਅਕਤੀ ਨੂੰ ਛਾਂ ਵਿੱਚ ਲਿਆਉਣ ਦੇ ਫੌਰੀ ਉਪਾਅ ਅਤੇ ਸਰੀਰ ਦੇ ਤਾਪਮਾਨ ਨੂੰ ਘਟਾਉਣ ਦੇ ਯਤਨ ਜ਼ਰੂਰੀ ਹਨ। ਗਰਮੀਆਂ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਉਪਲਬਧਤਾ ਘੱਟ ਹੋਣ ਕਾਰਨ ਉਲਟੀਆਂ, ਦਸਤ ਵਰਗੀਆਂ ਸਮੱਸਿਆਵਾਂ ਵੀ ਆਮ ਹਨ। ਫੂਡ ਪੁਆਇਜ਼ਨਿੰਗ, ਗੰਦਾ ਪਾਣੀ ਪੀਣ ਨਾਲ ਟਾਈਫਾਈਡ, ਹੈਪੇਟਾਈਟਸ, ਪੀਲੀਆ ਵਰਗੀਆਂ ਬਿਮਾਰੀਆਂ ਵੀ ਹੋ ਸਕਦੀਆਂ ਹਨ। ਉਹਨਾਂ ਦੱਸਿਆ ਕਿ ਦਿਨ ਵਿੱਚ ਕਰੀਬ ਦੋ ਘੰਟੇ ਬਹੁਤ ਤੇਜ਼ ਧੁੱਪ ਪੈਂਦੀ ਹੈ। ਇਸ ਲਈ ਗਰਮੀ ਦੀਆਂ ਬਿਮਾਰੀਆਂ ਤੋਂ ਬਚਣ ਲਈ ਇਹਨਾਂ ਘੰਟਿਆਂ ਦੌਰਾਨ ਦੁਪਹਿਰ 1-3 ਵਜੇ ਤੱਕ ਸਿੱਧੀ ਧੁੱਪ ਵਿੱਚ ਬਾਹਰ ਨਿਕਲਣ ਤੋਂ ਪਰਹੇਜ਼ ਕਰੋ। ਉਹਨਾਂ ਦੱਸਿਆ ਕਿ ਇੱਕ ਦਿਨ ਵਿੱਚ ਢਾਈ ਤੋਂ ਤਿੰਨ ਲੀਟਰ ਪਾਣੀ ਸਮੇਤ ਤਰਲ ਪਦਾਰਥਾਂ ਦਾ ਸੇਵਨ ਕਰੋ। ਸਵੱਛਤਾ ਦਾ ਧਿਆਨ ਰੱਖਦੇ ਹੋਏ ਬਾਜ਼ਾਰਾਂ ਵਿੱਚ ਜੂਸ ਦੀ ਬਜਾਏ ਤਾਜ਼ੇ ਸਾਬਤ ਫਲਾਂ ਦੀ ਵਰਤੋਂ ਕਰੋ। ਸਰੀਰ ਵਿੱਚ ਲੋੜੀਂਦੇ ਇਲੈਕਟ੍ਰੋਲਾਈਟਸ ਸੰਤੁਲਨ ਨੂੰ ਪੂਰਾ ਕਰਨ ਲਈ ਨਿੰਬੂ ਪਾਣੀ, ਨਾਰੀਅਲ ਪਾਣੀ ਅਤੇ ਲੱਸੀ ਇੱਕ ਵਧੀਆ ਵਿਕਲਪ ਹੋ ਸਕਦੇ ਹਨ। ਤਰਬੂਜ ਵਿੱਚ ਫਲਾਂ ਨਾਲੋਂ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਉਹਨਾਂ ਅਨੁਸਾਰ ਗਰਮੀ ਕਾਰਨ ਸਰੀਰ ਦੀਆਂ ਅੰਦਰੂਨੀ ਸਮੱਸਿਆਵਾਂ ਦੇ ਨਾਲ-ਨਾਲ ਬਾਹਰੀ ਤੌਰ 'ਤੇ ਚਮੜੀ ਨਾਲ ਸਬੰਧਤ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ। ਸ਼ਰਾਬ , ਕੌਫੀ, ਚਾਹ ਅਤੇ ਕਾਰਬੋਨੇਟਿਡ ਸਾਫਟ ਡਰਿੰਕ ਤੋਂ ਪਰਹੇਜ ਕੀਤਾ ਜਾਵੇ ਜੋ ਸਰੀਰ ਨੂੰ ਡੀਹਾਈਡ੍ਰੇਟ ਕਰਦੇ ਹਨ। ਉੱਚ ਪ੍ਰੋਟੀਨ ਅਤੇ ਬਾਸੀ ਭੋਜਨ ਖਾਣ ਤੋਂ ਵੀ ਪਰਹੇਜ ਕੀਤਾ ਜਾਵੇ।

ਚਮੜੀ 'ਤੇ ਲਾਲ ਧੱਫੜ, ਪਿੱਤ ਦੇ ਧੱਫੜ ਅਤੇ ਇਨਫੈਕਸ਼ਨ ਦਾ ਵੀ ਖ਼ਤਰਾ ਰਹਿੰਦਾ ਹੈ। ਇਸ ਤੋਂ ਸੁਰੱਖਿਆ ਲਈ ਸਰੀਰ 'ਤੇ ਗੂੜ੍ਹੇ ਰੰਗ ਦੇ ਕੱਪੜੇ ਨਾ ਪਾਓ।

# ਆਮ ਆਦਮੀ ਪਾਰਟੀ ਵੱਲੋਂ ਵੀ ਕੱਚੇ ਦਫਤਰੀ ਮੁਲਾਜ਼ਮਾਂ ਨਾਲ ਧੋਖਾ : ਸ਼ੋਭਿਤ ਭਗਤ



**ਜਲੰਧਰ ( ਰਾਜੇਸ਼ ਥਾਪਾ )** ਆਮ ਆਦਮੀ ਪਾਰਟੀ ਪਿਛਲੇ 9 ਮਹੀਨੇ ਤੋਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਪ੍ਰਚਾਰ ਕਰ ਰਹੀ ਹੈ ਪਰ ਜੋ ਸੱਚਾਈ ਸਾਹਮਣੇ ਆਈ ਹੈ ਉਹ ਸ਼ਰੇਆਮ ਕੱਚੇ ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਦੇ ਨਾਂਅ 'ਤੇ ਪ੍ਰਚਾਰ ਰੈਗੂਲਰ ਕਰਨ ਦਾ ਕਰ ਰਹੀ ਹੈ ਜੋ ਕਿ ਕੋਰਾ ਝੂਠ ਹੈ । ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਵਿਸ਼ਾਲ ਮਹਾਜਨ ਗਗਨਦੀਪ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ। ਆਗੂਆਂ ਨੇ ਦੱਸਿਆ ਕਿ ਦਫਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਬਾਰ ਬਾਰ ਮੰਤਰੀਆਂ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀਂ ਹੋਈ। ਇਸ ਤੋਂ ਇਲਾਵਾ ਸਰਕਾਰ ਵਲੋਂ ਮਨਜੂਰ 3% ਸਾਲਾਨਾ ਤਰੱਕੀ ਦੀ ਫਾਇਲ ਵੀ ਕਲੀਅਰ ਨਹੀਂ ਕੀਤੀ ਜਾ ਰਹੀ। ਇਸ ਦੇ ਨਾਲ ਹੀ ਮਿਡ ਡੇ ਮੀਲ ਦਫਤਰੀ ਕਰਮਚਾਰੀਆਂ ਦੀ ਸਾਲ 2019 ਤੋਂ ਤਨਖਾਹ ਵਿਚ ਕੀਤਾ ਜਾਣ ਵਾਲਾ ਵਾਧਾ ਰੋਕਿਆ ਹੋਇਆ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਤਨਖਾਹ ਪੂਰੀ ਕਰਨ ਅਤੇ ਰੈਗੂਲਰ ਦੇ ਮੁੱਦੇ 'ਤੇ ਕੀਤੀ ਜਾ ਰਹੀ ਵਾਅਦਾ ਖਿਲਾਫੀ ਵਿਰੁੱਧ 22 ਜੂਨ ਨੂੰ ਦਫਤਰੀ ਕਾਮੇ ਲਾਮਬੰਦ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਡਾ ਇਕੱਠ ਕਰਕੇ ਰੋਸ ਮਾਰਚ ਕਰਨਗੇ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਵਾਅਦੇ ਯਾਦ ਕਰਵਾਉਣਗੇ। ਇਸ ਮੌਕੇ ਮੈਡਮ ਮਮਤਾ, ਵੀਰਪਾਲ ਕੌਰ, ਸੁਨੀਤਾ, ਮਨਜੀਤ ਸਿੰਘ ਆਦਿ ਮੌਜੂਦ ਸਨ।



*ਅੱਜ ਬੀ ਡੀ ਪੀ ਓ ਦਫਤਰ ਨੂਰਮਹਿਲ ਵਿਖੇ ਮਨਰੇਗਾ ਮਜ਼ਦੂਰਾਂ ਨੇ ਇਕੱਠ ਕੀਤਾ। ਪਿੰਡ ਸਾਗਰਪੁਰ, ਉੱਪਲ ਜਗੀਰ, ਪੱਬਵਾਂ, ਗੁਮਟਾਲਾ, ਸ਼ਾਦੀਪੁਰ, ਆਦਿ ਪਿੰਡਾਂ ਦੇ ਮਜ਼ਦੂਰ ਆਏ। ਸਾਰੇ ਜੀ ਆਰ ਐਸ ਮੌਕੇ 'ਤੇ ਬੁਲਾਏ ਗਏ। ਅਧਿਕਾਰੀਆਂ ਨੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਸੁਣ ਕੇ ਜਲਦੀ ਹੀ ਹੱਲ ਕਰਨ ਦਾ ਭਰੋਸਾ ਦਿੱਤਾ। ਮਨੋਹਰ ਲਾਲ ਸਾਗਰਪੁਰ, ਸੋਮਪਾਲ ਸ਼ਾਦੀਪੁਰ, ਜਰਨੈਲ ਉੱਪਲ ਜਗੀਰ ਨੇ ਰੋਸ ਧਰਨੇ ਦੀ ਅਗਵਾਈ ਕੀਤੀ। (ਫੋਟੋ ਤੇ ਵੇਰਵਾ-ਬਾਲ ਕ੍ਰਿਸ਼ਨ ਬਾਲੀ, ਨੂਰਮਹਿਲ)*

# ਵਿਧਾਇਕ ਇੰਦਰਜੀਤ ਕੌਰ ਮਾਨ ਦੀ ਰਿਹਾਇਸ਼ ਅੱਗੇ ਦਿੱਤਾ ਧਰਨਾ



**ਸ਼ਾਹਕੋਟ (ਗਿਆਨ ਸੈਦਪੁਰੀ)**- ਸੋਮਵਾਰ ਨੂੰ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਬੀ. ਕੇ. ਯੂ. ਆਜ਼ਾਦ ਵੱਲੋਂ ਉਲੀਕੇ ਹੋਏ ਪ੍ਰੋਗਰਾਮ ਤਹਿਤ ਪੰਜਾਬ ਦੇ 15 ਜ਼ਿਲ੍ਹਿਆਂ ਵਿੱਚ 28 ਜਗ੍ਹਾ 'ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਦਿੱਤੇ ਗਏ ਅਤੇ 15 ਥਾਂਵਾਂ 'ਤੇ ਮੰਗ ਪੱਤਰ ਦਿੱਤੇ ਗਏ। ਜਲੰਧਰ ਜ਼ਿਲ੍ਹੇ ਵੱਲੋਂ ਬੀਰ ਪਿੰਡ ਵਿਖੇ ਆਮ ਆਦਮੀ ਪਾਰਟੀ ਦੇ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਗਿਆ ਅਤੇ ਜੰਮ ਕੇ ਨਾਅਰੇਬਾਜੀ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਜਲੰਧਰ ਜ਼ਿਲ੍ਹਾ ਪ੍ਰਧਾਨ ਸਲਵਿੰਦਰ ਸਿੰਘ ਜਾਣੀਆਂ ਨੇ ਦੱਸਿਆ ਕਿ ਹਲਕਾ ਵਿਧਾਇਕ ਟਾਂਡਾ ਰਾਜਾ ਗਿੱਲ ਵੱਲੋਂ ਕਿਸਾਨਾਂ ਦੇ ਧਰਨੇ 'ਤੇ ਪੁਲਸ ਦਾ ਜਬਰ ਕਰਵਾਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ 'ਤੇ ਐਕਸ਼ਨ ਲੈਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਨੇ ਕਿਹਾ ਸੀ ਕਿ ਆਪਣੀਆਂ ਮੰਗਾਂ ਮੰਨਵਾਉਣ ਵਾਸਤੇ ਕਿਸੇ ਨੂੰ ਧਰਨੇ ਦੇਣ ਦੀ ਲੋੜ ਨਹੀਂ ਪਵੇਗੀ ਪਰ ਉਹਨਾਂ ਦਾ ਇਕ ਵੀ ਵਾਅਦਾ ਵਫਾ ਨਾ ਹੋ ਸਕਿਆ। ਇਸ ਕਰਕੇ ਸਾਡੇ ਉਲੀਕੇ ਹੋਏ ਪ੍ਰੋਗਰਾਮ ਤਹਿਤ ਅਸੀ ਵਿਧਾਇਕਾਂ ਦੇ ਘਰ ਅੱਗੇ ਮੋਰਚਾ ਲਾਇਆ ਹੈ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਅਸਲੀਅਤ ਵਿੱਚ ਲੋਕਾਂ ਦਾ ਭਲਾ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਜਮੀਨੀ ਪੱਧਰ 'ਤੇ ਕੰਮ ਕਰਨੇ ਚਾਹੀਦੇ ਹਨ ਹਵਾਈ ਜੁਮਲਿਆਂ ਨਾਲ ਦੇਸ਼ ਨਹੀ ਚੱਲਦੇ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰ ਨਵੇਂ ਬਣਾਏ ਜਾ ਰਹੇ ਹਾਈਵੇ ਲਈ ਇਕਵਾਇਰ ਕੀਤੀ ਜਾਂਦੀ ਜਮੀਨ ਦਾ ਇਕਸਾਰ ਮਾਰਕੀਟ ਰੇਟ ਨਾਲੋਂ ਚਾਰ ਗੁਣਾ ਮੁਆਵਜਾ ਅਤੇ 50 ਪ੍ਰਤੀਸ਼ਤ ਉਜਾੜਾ ਭੱਤਾ ਦੇਵੇ, ਗਰੀਬ ਕਿਸਾਨਾਂ ਦੀਆਂ ਜਮੀਨਾਂ ਦੀਆਂ ਕੁਰਕੀਆਂ ਕਰਵਾਉਣੀਆਂ ਬੰਦ ਕਰੇ, ਪੰਜਾਬ ਸਮੇਤ ਪੂਰੇ ਭਾਰਤ ਵਿੱਚ ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ ਅਤੇ 2007 ਵਿੱਚ ਤੋੜੀਆਂ ਇੰਤਕਾਲਾਂ ਮੁੜ ਬਹਾਲ ਕੀਤੀਆਂ ਜਾਣ , ਚਿਪ ਵਾਲੇ ਬਿਜਲੀ ਦੇ ਮੀਟਰ ਜੋ ਕੇ ਕਾਰਪੋਰੇਟ ਜਗਤ ਨੂੰ ਫਾਇਦਾ ਪਹੁੰਚਾਉਣ ਵਾਸਤੇ ਲਗਾਏ ਜਾ ਰਹੇ ਹਨ ਬੰਦ ਕੀਤੇ ਜਾਣ ਅਤੇ ਬਿਜਲੀ ਬੋਰਡ ਦੇ ਪੁਰਾਣੇ ਸਰੂਪ ਨੂੰ ਬਹਾਲ ਕੀਤਾ ਜਾਵੇ ,ਕਿਸਾਨਾਂ ਮਜਦੂਰਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰੇ,ਸਟੇਟ ਸਰਕਾਰ ਬਿਜਲੀ ਐਕਟ 2022 ਰੱਦ ਕਰੇ, ਸਰਕਾਰ ਪਹਿਲ ਦੇ ਅਧਾਰ 'ਤੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰੇ। ਇਸ ਮੌਕੇ 'ਤੇ ਜੱਥੇਬੰਦੀ ਦੇ ਜ਼ਿਲ੍ਹਾ ਸੰਗਠਨ ਸਕੱਤਰ ਗੁਰਮੇਲ ਸਿੰਘ ਰੇੜਵਾਂ, ਸਕੱਤਰ ਜਰਨੈਲ ਸਿੰਘ ਰਾਮੇ , ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਕੋਟਲੀ ਗਾਜਰਾਂ, ਖਜਾਨਚੀ ਜਗਦੀਸ਼ ਪਾਲ ਸਿੰਘ ਖਾਲਸਾ ਚੱਕ ਬਾਹਮਣੀਆਂ, ਰਜਿੰਦਰ ਸਿੰਘ ਨੰਗਲ ਅੰਬੀਆਂ ,ਸੁਖਪਾਲ ਸਿੰਘ ਰੌਂਤਾਂ, ਕੁਲਦੀਪ ਰਾਏ ,ਰਾਮ ਸਿੰਘ, ਜੋਗਿੰਦਰ ਸਿੰਘ ਖਾਲਸਾ ਤਲਵੰਡੀ ਸੰਘੇੜਾ, ਜਗਤਾਰ ਸਿੰਘ ਕੰਗ ਖੁਰਦ, ਸੇਰ ਸਿੰਘ ਰਾਮੇ,ਬਲਜਿੰਦਰ ਸਿੰਘ, ਹਰਫੂਲ ਸਿੰਘ, ਤਲਵਿੰਦਰ ਸਿੰਘ ਗਿੱਲ,ਪਾਲ ਬੱਲ ਨੌਂ ,ਜੱਗਪ੍ਰੀਤ ਖਹਿਰਾ,ਜਿੰਦਰ ਸਿੰਘ ਈਦਾ,ਬੀਬੀ ਅਮਰਜੀਤ ਕੌਰ, ਜਸਵਿੰਦਰ ਕੌਰ, ਸੁਖਵਿੰਦਰ ਕੌਰ ਚੱਕ ਬਾਹਮਣੀਆਂ ,ਪਰਮਜੀਤ ਕੌਰ ,ਗੁਰਬਖਸ਼ ਕੌਰ ਰੇੜਵਾਂ ਅਤੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਕਿਸਾਨ ,ਮਜਦੂਰ ਅਤੇ ਬੀਬੀਆਂ ਮੌਜੂਦ ਸਨ।

# ਪੰਜਾਬ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ 1925 ਐਕਟ 'ਚ ਸੋਧ ਕਰੇ : ਬਾਠ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਭਗਵੰਤ ਮਾਨ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ 1925 ਐਕਟ ਵਿੱਚ ਕਿਸੇ ਤਰ੍ਹਾਂ ਦੀ ਕੋਈ ਸੋਧ ਕਰੇ । ਇਹ ਹੱਕ ਕੇਂਦਰ ਕੋਲ ਰਾਖਵਾਂ ਹੈ। ਮਾਨ ਸਰਕਾਰ ਨੂੰ ਇਸ ਦੀ ਆੜ ਵਿੱਚ ਸਿੱਖ ਗੁਰੂ ਘਰਾਂ ਵਿੱਚ ਦਖਲ ਅੰਦਾਜੀ ਕਰਨ ਦੀ ਇਜਾਜਤ ਸਿੱਖ ਹਰਗਿਜ ਨਹੀਂ ਦੇਣਗੇ। ਇਹ ਗੱਲ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਬਾਠ ਨੇ ਕਹੀ। ਉਨ੍ਹਾਂ ਕਿਹਾ ਕਿ ਭਾਵੇਂ ਸਾਡੀ ਪਾਰਟੀ ਵੱਖਰੀ ਹੈ , ਸਾਡੀ ਸੋਚ ਵੱਖਰੀ ਹੋ ਸਕਦੀ ਹੈ ਪਰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਮੰਨੀ ਜਾਂਦੀ ਸ਼੍ਰੋਮਣੀ ਕਮੇਟੀ ਵਿੱਚ ਦਖਲ ਅੰਦਾਜੀ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਉਨ੍ਹਾਂ ਕਿਹਾ ਸਿੱਖ ਸੰਗਤਾਂ ਆਪਣੇ ਧਾਰਮਕ ਅਸਥਾਨਾਂ ਧਾਰਮਕ ਜਥੇਬੰਦੀ ਵਿਚ ਕਿਸੇ ਨੂੰ ਰਾਜਸੀ ਦਖਲਅੰਦਾਜੀ ਕਰਨ ਦੀ ਇਜਾਜਤ ਨਹੀਂ ਦਿੰਦੀਆਂ। ਬਾਠ ਨੇ ਕਿਹਾ ਕਿ ਭਾਵੇਂ ਹਰਿਆਣਾ ਦੀ ਕਮੇਟੀ ਵਿਧਾਨ ਸਭਾ ਵੱਲੋਂ ਸੋਧ ਕਰਕੇ ਬਣਾਈ ਗਈ ਹੈ ਪਰ ਅਜੇ ਵੀ ਬਹੁਤ ਵੱਡੇ ਸੰਦੇਹ ਵਿੱਚ ਤੇ ਸੁਆਲਾਂ ਦੇ ਘੇਰੇ ਵਿੱਚ ਹੈ । ਉਨ੍ਹਾਂ ਕਿਹਾ ਸਿੱਖਾਂ ਦੀਆਂ ਭਾਵਨਾਵਾਂ ਦੇ ਮੱਦੇਨਜਰ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਪ੍ਰਧਾਨ ਮੰਤਰੀ ਨਾਲ ਗੱਲ ਕਰ ਕੇ ਵੱਖਰਾ ਚੈਨਲ ਬਣਾਵੇ ਤੇ ਗੁਰਬਾਣੀ ਦੇ ਕੀਰਤਨ 'ਤੇ ਕਿਸੇ ਇਕ ਧਿਰ ਦਾ ਅਧਿਕਾਰ ਨਹੀ ਹੋਣਾ ਚਾਹੀਦਾ ।

## ਹੁਸ਼ਿਆਰਪੁਰ-ਚਿੰਤਪੁਰਨੀ ਰੋਡ ਦੇ ਨਿਰਮਾਣ ਕਾਰਜ 'ਚ ਲਿਆਂਦੀ ਜਾਵੇ ਤੇਜ਼ੀ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹੁਸ਼ਿਆਰਪੁਰ-ਚਿੰਤਪੁਰਨੀ ਰੋਡ ਦੇ ਨਿਰਮਾਣ ਕਾਰਜ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸੜਕ ਨਿਰਮਾਣ ਕਾਰਜ ਵਿਚ ਗੁਣਵੱਤਾ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹ ਆਦਮਵਾਲ ਵਿਚ ਸੜਕ ਨਿਰਮਾਣ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲੈ ਰਹੇ ਸਨ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਸੜਕ ਨਿਰਮਾਣ ਕਾਰਜ ਨੂੰ ਪੂਰਾ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਤੋਂ ਬਾਅਦ ਜਲੰਧਰ ਸ਼ਹਿਰ ਤੋਂ ਹੁਸ਼ਿਆਰਪੁਰ ਜਾਣ ਵਾਲੇ ਲੋਕਾਂ ਅਤੇ ਮਾਤਾ ਚਿੰਤਪੁਰਨੀ ਦੇ ਪਵਿੱਤਰ ਸਥਾਨ ਦੇ ਦਰਸ਼ਨ ਲਈ ਜਾਣ ਵਾਲਿਆਂ ਅਤੇ ਹੋਰ ਥਾਵਾਂ 'ਤੇ ਪਹੁੰਚਣ ਵਾਲੇ ਰਾਹਗੀਰਾਂ ਨੂੰ ਬਹੁਤ ਵੱਡੀ ਸੁਵਿਧਾ ਮਿਲੇਗੀ। ਇਸ ਮੌਕੇ ਐਕਸੀਅਨ ਲੋਕ ਨਿਰਮਾਣ ਵਿਭਾਗ ਨੈਸ਼ਨਲ ਹਾਈਵੇਅ ਤਰਨਜੀਤ ਸਿੰਘ ਅਰੋੜਾ, ਸਤਵੰਤ ਸਿੰਘ ਸਿਆਨ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

## ਕਾਮਰੇਡ ਭਾਗ ਸਿੰਘ ਦਿਆਲ ਸਦੀਵੀ ਵਿਛੋੜਾ ਦੇ ਗਏ



**ਮਾਹਿਲਪੁਰ (ਸਫਰੀ)** ਕਾਮਰੇਡ ਭਾਗ ਸਿੰਘ ਦਿਆਲ ਸਾਬਕ ਤਹਿਸੀਲ ਕਮੇਟੀ ਮੈਂਬਰ ਸੀ ਪੀ ਆਈ ਐਮ ਗੜਸ਼ੰਕਰ (71) ਸ਼ੂਗਰ ਰੋਗ ਨਾਲ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਅੰਤਿਮ ਯਾਤਰਾ ਮੌਕੇ ਕਾਮਰੇਡ ਦਰਸ਼ਨ ਸਿੰਘ ਮੱਟੂ ,ਸੁਭਾਸ਼ ਮੱਟੂ, ਹਰਭਜਨ ਸਿੰਘ ਅਟਵਾਲ, ਸੁਰਿੰਦਰ ਕੌਰ ਚੁੰਬਰ,ਪਰੇਮ ਸਿੰਘ ਰਾਣਾ ਸਾਬਕਾ ਸਰਪੰਚ, ਬਖਸ਼ੀਸ਼ ਸਿੰਘ ਦਿਆਲ ਸਾਬਕ ਸਹਿਕਾਰੀ ਸੁਸਾਇਟੀ ਪ੍ਰਧਾਨ, ਗੋਪਾਲ ਸਿੰਘ ਥਾਂਦੀ, ਜਗਤਾਰ ਸਿੰਘ ਦਿਆਲ ਨੇ ਪਾਰਟੀ ਦਾ ਝੰਡਾ ਪਾਇਆ ਅਤੇ ਕਾਮਰੇਡ ਭਾਗ ਸਿੰਘ ਦਿਆਲ ਅਮਰ ਰਹਿਣ ਦੇ ਨਾਹਰੇ ਲਗਾਏ ਗਏ। 25 ਜੂਨ ਨੂੰ ਅੰਤਿਮ ਅਰਦਾਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਅਤੇ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

## ਜਿੰਪਾ ਦੇ ਘਰ ਦੇ ਬਾਹਰ ਧਰਨਾ ਲਾ ਕੇ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਪਰਮਜੀਤ ਜੀਤ ਸਿੰਘ ਭੁੱਲਾ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਵਿਖੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਘਰ ਦੇ ਬਾਹਰ ਧਰਨਾ ਲਾ ਕੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ। ਭੁੱਲਾ ਨੇ ਕਿਹਾ ਕਿ ਭਾਰਤ ਮਾਲਾ ਪ੍ਰੋਜੈਕਟ ਤਹਿਤ ਸਾਡੀਆਂ ਕੀਮਤੀ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ ਅਤੇ ਮੁਆਵਜ਼ਾ ਇਕ ਸਾਰ ਨਹੀਂ ਦਿੱਤਾ ਜਾ ਰਿਹਾ, ਇਸ ਹੀ ਤਰ੍ਹਾਂ ਅਜਾਰੇਦਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ, ਪੂਰੇ ਪੰਜਾਬ ਦੇ ਹਰੇਕ ਖੇਤਰ 'ਚ ਨਹਿਰੀ ਪਾਣੀ ਪੁੱਜਦਾ ਕੀਤਾ ਜਾਵੇ, ਬਿਜਲੀ ਬੋਰਡ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇ ਅਤੇ ਪ੍ਰੀਪੇਡ ਮੀਟਰ ਲਾਉਣੇ ਬੰਦ ਕੀਤੇ ਜਾਣ। ਜਸਰਾਜ ਕੰਪਨੀ ਗੜ੍ਹਦੀਵਾਲ ਵੱਲੋਂ ਲੋਕਾਂ ਦੀ ਭਾਰੀ ਲੁੱਟ ਕੀਤੀ ਜਾ ਚੁੱਕੀ ਹੈ, ਲੋਕਾਂ ਦੀ ਕਿਰਤ ਦਾ ਪੈਸਾ ਉਨ੍ਹਾਂ ਨੂੰ ਵਾਪਸ ਦੁਆਇਆ ਜਾਵੇ। ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਐਮ ਐਲ ਏ ਦੇ ਕਹਿਣ 'ਤੇ ਜੋ ਪੁਲਸ ਨੇ ਲਾਠੀਚਾਰਜ ਕੀਤਾ ਹੈ, ਉਸ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਇਸ ਮੌਕੇ ਹੋਰਾਂ ਤੋਂ ਇਲਾਵਾ ਬਾਬਾ ਚੰਦ ਸ਼ਾਹ, ਬੀਬੀ ਅਮਨਦੀਪ ਕੌਰ, ਬਲਜਿੰਦਰ ਕੌਰ, ਕੁਲਵਿੰਦਰ ਸਿੰਘ, ਰਾਮ ਸਿੰਘ, ਸ਼ਿਵ ਦਿਆਲ, ਰਾਮ ਕਿਸ਼ਨ, ਸਤਬੀਰ ਕੌਰ, ਜਸਬੀਰ ਕੌਰ, ਹਰਦੀਪ ਕੌਰ, ਸੁਮਨ, ਸਰਬਜੀਤ ਕੌਰ, ਹਰਜਿੰਦਰ ਕੁਮਾਰ ਭੱਲਾ, ਕੁਲਵੰਤ ਸਿੰਘ, ਜਗੀਰ ਸਿੰਘ ਆਦਿ ਹਾਜ਼ਰ ਸਨ।

## ਸਮਤਾ ਸੈਨਿਕ ਦਲ ਦਾ ਉਦੇਸ਼ ਬਰਾਬਰੀ, ਅਜ਼ਾਦੀ ਅਤੇ ਭਾਈਚਾਰਾ : ਖੋਖਰ



**ਜਲੰਧਰ (ਰਾਜੇਸ਼ ਥਾਪਾ)**- ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਮੈਂਬਰਾਂ ਨੇ ਨਰੇਸ਼ ਖੋਖਰ, ਸਕੱਤਰ (ਉੱਤਰੀ ਭਾਰਤ) ਦਾ ਜਲੰਧਰ ਪਹੁੰਚਣ 'ਤੇ ਇੱਕ ਛੋਟੀ ਮੀਟਿੰਗ ਵਿੱਚ ਸਵਾਗਤ ਕੀਤਾ। ਖੋਖਰ ਨੇ ਸਮਤਾ ਸੈਨਿਕ ਦਲ ਦੇ ਮੁੱਖ ਮਾਰਗਦਰਸਕ ਐਲ.ਆਰ.ਬਾਲੀ ਨੂੰ ਉਨ੍ਹਾਂ ਦੀ ਫੋਟੋ ਦਾ ਇੱਕ ਸੁੰਦਰ ਯਾਦਗਾਰੀ ਪੈਨਸਿਲ ਸਕੈਚ ਭੇਂਟ ਕੀਤਾ ਅਤੇ ਦੱਸਿਆ ਕਿ ਸਮਤਾ ਸੈਨਿਕ ਦਲ ਇੱਕ ਸਮਾਜਿਕ, ਗੈਰ-ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀ ਹੈ ਜਿਸ ਦੀ ਸਥਾਪਨਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ 13 ਮਾਰਚ 1927 ਨੂੰ ਕੀਤੀ ਸੀ। ਸਮਤਾ ਸੈਨਿਕ ਦਲ ਭਾਰਤ ਦੇ 16-17 ਰਾਜਾਂ ਵਿੱਚ ਸਰਗਰਮ ਹੈ। ਇਸਦਾ ਮੁੱਖ ਦਫਤਰ ਨਾਗਪੁਰ (ਮਹਾਰਾਸ਼ਟਰ ਰਾਜ) ਵਿੱਚ ਹੈ। ਇਸ ਦਾ ਚਿਚੋਲੀ (ਨਾਗਪੁਰ) ਵਿਖੇ ਇੱਕ ਸਿਖਲਾਈ ਕੇਂਦਰ ਹੈ ਜਿੱਥੇ ਹਰ ਸਾਲ ਨੌਜਵਾਨਾਂ ਨੂੰ ਮਾਨਸਿਕ, ਸਰੀਰਕ ਅਤੇ ਨੈਤਿਕ ਸਿਖਲਾਈ ਦਿੱਤੀ ਜਾਂਦੀ ਹੈ। ਸਮਤਾ ਸੈਨਿਕ ਦਲ ਦਾ ਉਦੇਸ਼ ਬਰਾਬਰੀ, ਅਜਾਦੀ ਅਤੇ ਭਾਈਚਾਰਾ ਹੈ ਜਿਸ ਲਈ ਦਲ ਦੇ ਸਿਪਾਹੀ ਹਮੇਸ਼ਾ ਤਤਪਰ ਰਹਿੰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਸਮਤਾ ਸੈਨਿਕ ਦਲ ਦੇ ਵੱਧ ਤੋਂ ਵੱਧ ਮੈਂਬਰ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਹਰਭਜਨ ਨਿਮਤਾ, ਨਿਰਮਲ ਬਿੰਜੀ, ਵਿਨੋਦ ਕਲੇਰ ਅਤੇ ਡਾ. ਪੀ.ਵੀ. ਸਿੰਘ, ਪੱਛਮੀ ਸਕੱਤਰ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਹਰਿਆਣਾ ਇਕਾਈ ਹਾਜਰ ਸਨ। ਇਹ ਜਾਣਕਾਰੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਰਾਹੀਂ ਦਿੱਤੀ।

# ਕਿਰਤ ਮੰਤਰੀ ਦੇ ਦਫਤਰ ਸਾਹਮਣੇ ਪਾਵਰਕਾਮ ਕੱਚੇ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ



**ਖਰੜ (ਹਰਨਾਮ ਸਿੰਘ ਡੱਲਾ)** ਪਾਵਰਕਾਮ ਐਂਡਡ ਟਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਵਲੋਂ ਸਰਕਾਰ ਅਤੇ ਮੈਨੇਜਮੈਂਟ ਦੇ ਤਾਨਾਸ਼ਾਹੀ ਰਵਈਏ ਖਿਲਾਫ ਅਤੇ ਲਗਾਤਾਰ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪੈ ਰਹੇ ਠੇਕਾ ਕਾਮਿਆਂ ਨੂੰ ਮੁਆਵਜਾ ਅਤੇ ਪੱਕੀ ਨੌਕਰੀ ਦਾ ਪ੍ਰਬੰਧ ਕਰਨ ਅਤੇ ਆਊਟ-ਸੋਰਸਿੰਗ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸ਼ਾਮਿਲ ਕਰਨ ਦਾ ਕਾਨੂੰਨ ਬਣਾਉਣ ਅਤੇ ਹੋਰ ਵਾਜਬ ਮੰਗਾਂ ਦੇ ਹੱਲ ਲਈ ਕਿਰਤ ਮੰਤਰੀ ਦੇ ਖਰੜ ਸਥਿਤ ਦਫਤਰ ਅੱਗੇ ਇੱਕਠੇ ਹੋ ਕੇ ਵਿਧਾਨ ਸਭਾ ਵੱਲ ਮਾਰਚ ਕੀਤਾ ਗਿਆ।

ਮਾਰਚ ਦੌਰਾਨ ਛੋਟੇ ਛੋਟੇ ਬੱਚੇ ਅਤੇ ਨਾਲ ਉਨ੍ਹਾਂ ਦੇ ਪਰਵਾਰਾਂ ਨੇ ਬੈਨਰ ਅਤੇ ਤਖਤੀਆਂ ਹੱਥਾਂ 'ਚ ਲਈਆਂ ਹੋਈਆਂ ਸਨ ਤੇ ਸਰਕਾਰ ਤੋਂ ਆਪੋ ਆਪਣੇ ਪਿਤਾ ਲਈ ਪੱਕੇ ਰੋਜ਼ਗਾਰ ਦੀ ਮੰਗ ਦੇ ਨਾਅਰੇ ਲਗਾ ਰਹੇ ਸਨ । ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬੇ ਵਲੋਂ ਪ੍ਰਧਾਨ ਬਲਿਹਾਰ ਸਿੰਘ, ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ ਨੇ ਕਿਹਾ ਕਿ ਪਾਵਰਕਾਮ ਦੇ ਆਊਟਸੋਰਸਡ ਸੀ.ਐੱਚ.ਬੀ ਤੇ ਡਬਲਿਊ ਠੇਕਾ ਮੁਲਾਜ਼ਮ ਪਾਵਰਕਾਮ ਵਿੱਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ ਪਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਪੱਕਾ ਨਹੀਂ ਕਰ ਰਹੀ,ਜਦੋਂ ਕਿ ਉਨ੍ਹਾਂ ਦੀ ਭਰਤੀ ਪਾਵਰਕਾਮ ਦੀ ਮੈਨੇਜਮੈਂਟ ਦੀ ਮੰਗ ਅਨੁਸਾਰ ਵੱਖ-ਵੱਖ ਠੇਕੇਦਾਰਾਂ,ਕੰਪਨੀਆਂ ਦੁਆਰਾ ਬਕਾਇਦਾ ਖਾਲੀ ਅਸਾਮੀਆਂ ਦੇ ਵਿਰੁੱਧ ਕੀਤੀ ਹੋਈ ਹੈ ਅਤੇ ਸੀ.ਐੱਚ.ਬੀ ਤੇ ਡਬਲਿਊ ਕਾਮਿਆਂ ਕੋਲ ਵਿਭਾਗ ਵਿੱਚ ਸਾਲਾਂ-ਬੱਧੀ ਕੰਮ ਦਾ ਤਜਰਬਾ ਵੀ ਹੈ। ਸਰਕਾਰ ਸਰਾਸਰ ਨੰਗਾ-ਚਿੱਟਾ ਧੋਖਾ ਕਰ ਰਹੀ ਹੈ। ਉਹ ਵਿਧਾਨ ਸਭਾ ਵੱਲ ਕੂਚ ਕਰ ਰਹੇ ਸਨ ਤਾਂ ਪ੍ਰਸ਼ਾਸਨ ਨੇ ਕਿਰਤ ਮੰਤਰੀ ਅਨਮੋਲ ਗਗਨ ਮਾਨ ਦੇ ਦਫਤਰ ਅੱਗੇ ਬੈਰੀਕੇਡ ਲਗਾ ਕੇ ਮਾਰਚ ਨੂੰ ਰੋਕ ਲਿਆ। ਭਰਾਤਰੀ ਜੱਥੇਬੰਦੀਆਂ ਵਲੋਂ ਸੰਘਰਸ਼ ਦੀ ਡਟਵੀਂ ਹਮਾਇਤ ਕੀਤੀ ਗਈ। ਇਸੇ ਦੌਰਾਨ ਖਰੜ ਦੇ ਐੱਸ ਡੀ ਐੱਮ ਰਵਿੰਦਰ ਸਿੰਘ ਵਲੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨਾਲ 20 ਜੂਨ ਨੂੰ ਮੰਗਾਂ ਉੱਤੇ ਗੱਲਬਾਤ ਕਰਨ ਲਈ ਪੱਤਰ ਵੀ ਸੌਂਪਿਆ ਗਿਆ।

## ਓ ਡੀ ਐੱਫਪਲਸ ਦੇ ਦਰਜੇ ਵਾਲਾ ਸੂਬੇ ਦਾ ਤੀਜਾ ਜ਼ਿਲ੍ਹਾ ਬਣਿਆ ਐੱਸ ਏ ਐੱਸ ਨਗਰ

**ਐੱਸ.ਏ.ਐੱਸ. ਨਗਰ, ( ਗੁਰਜੀਤ ਬਿੱਲਾ )**- ਸੂਬੇ ਦੇ ਵਿਕਾਸ ਦੇ ਪ੍ਰਤੀਕ ਜ਼ਿਲ੍ਹਾ ਐੱਸ.ਏ.ਐੱਸ. ਨਗਰ ਨੇ ਇਕ ਹੋਰ ਪੁਲਾਂਘ ਪੁੱਟੀ ਹੈ ਤੇ ਇਹ ਜ਼ਿਲ੍ਹਾ ਓ.ਡੀ.ਐੱਫ. (ਓਪਨ ਡੈਫੇਕੇਸ਼ਨ ਫ੍ਰੀ) ਪਲਸ ਸ਼੍ਰੇਣੀ ਵਿੱਚ ਸ਼ਾਮਲ ਹੋਣ ਵਾਲਾ ਸੂਬੇ ਦਾ ਤੀਜਾ ਜ਼ਿਲ੍ਹਾ ਬਣ ਕੇ ਗਰੀਨ ਜੋਨ ਵਿੱਚ ਸ਼ਾਮਲ ਹੋ ਗਿਆ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਬਠਿੰਡਾ ਤੇ ਸੰਗਰੂਰ ਇਸ ਸ਼੍ਰੇਣੀ ਵਿੱਚ ਸ਼ਾਮਲ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਇਸ ਖੇਤਰ ਵਿੱਚ ਕਾਰਜਸ਼ੀਲ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਤੇ ਇਸ ਦਿਸ਼ਾ ਵਿੱਚ ਹੋਰ ਵੀ ਬਿਹਤਰ ਕਾਰਗੁਜਾਰੀ ਲਈ ਪ੍ਰੇਰਿਆ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਮਿਤ ਬੈਂਬੀ ਨੇ ਦੱਸਿਆ ਕਿ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਲਗਾਤਾਰ ਯਤਸ਼ੀਲ ਹੈ ਤੇ ਜ਼ਿਲ੍ਹੇ ਦੇ ਕੁੱਲ 336 ਪਿੰਡਾਂ ਵਿਚੋਂ 85 ਪਿੰਡਾਂ ਨੇ ਓ.ਡੀ.ਐੱਫ ਪਲਸ ਹੋਣ ਦਾ ਟੀਚਾ ਪ੍ਰਾਪਤ ਕੀਤਾ ਹੈ। ਸਵੱਛ ਭਾਰਤ ਮਿਸ਼ਨ (ਗ੍ਰਾਮੀਣ)-2 ਦੇ ਅਧੀਨ ਪੂਰੇ ਰਾਜ ਵਿੱਚ ਗਿੱਲੇ-ਸੁੱਕੇ ਕੂੜੇ ਦਾ ਪ੍ਰਬੰਧਨ, ਗੰਦੇ ਪਾਣੀ ਦਾ ਪ੍ਰਬੰਧਨ ਅਤੇ ਪਲਾਸਟਿਕ ਵੇਸਟ ਮੈਨੇਜਮੈਂਟ ਦਾ ਕੰਮ ਚੱਲ ਰਿਹਾ ਹੈ।

## ਬਾਬਾ ਵਿਸ਼ਵਕਰਮਾ ਮੋਟਰਸਾਈਕਲ ਯੂਨੀਅਨ ਦੀ ਮੀਟਿੰਗ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਬਾਬਾ ਵਿਸ਼ਵਕਰਮਾ ਮੋਟਰਸਾਈਕਲ ਯੂਨੀਅਨ ਟਾਂਡਾ ਦੀ ਇੱਕ ਵਿਸ਼ੇਸ਼ ਮੀਟਿੰਗ ਬਾਬਾ ਵਿਸ਼ਵਕਰਮਾ ਮੰਦਰ ਟਾਂਡਾ ਵਿਖੇ ਹੋਈ। ਯੂਨੀਅਨ ਦੇ ਪ੍ਰਧਾਨ ਓਂਕਾਰ ਸਿੰਘ ਰਾਜਾ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਦੌਰਾਨ ਸ਼ਹਿਰ ਦੇ ਸਮੂਹ ਮੋਟਰਸਾਈਕਲ ਮਕੈਨਿਕ ਤੇ ਸਪੇਅਰਪਾਰਟਸ ਦੇ ਦੁਕਾਨਦਾਰਾਂ ਨੇ ਭਾਗ ਲਿਆ। ਇਸ ਮੌਕੇ ਮੋਟਰਸਾਈਕਲ ਮਕੈਨਿਕ ਦੁਕਾਨਦਾਰ ਅਤੇ ਸਪੇਅਰ ਪਾਰਟਸ ਵਾਲਿਆਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਪ੍ਰਧਾਨ ਓਂਕਾਰ ਸਿੰਘ ਰਾਜਾ ਨੇ ਇਸ ਮੌਕੇ ਦੱਸਿਆ ਕਿ ਟਾਂਡਾ ਸ਼ਹਿਰ ਦੀਆਂ ਸਾਰੀਆਂ ਮੋਟਰਸਾਈਕਲ, ਸਕੂਟਰ ਰਿਪੇਅਰ ਦੁਕਾਨਾਂ, ਸਕੂਟਰ ਮੋਟਰਸਾਈਕਲ ਸਪੇਅਰ ਪਾਰਟਸ ਦੀਆਂ ਗਰਮੀ ਦੇ ਮੱਦੇਨਜ਼ਰ 29,30 ਜੂਨ ਤੇ 1 ਜੁਲਾਈ ਨੂੰ ਬੰਦ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਗਰਮੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਹਨ, ਇਸ ਲਈ ਹਰ ਸਾਲ ਦੀ ਤਰਾਂ ਇਸ ਸਾਲ ਵੀ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਕਿ ਮੋਟਰਸਾਈਕਲ ਸਕੂਟਰ ਰਿਪੇਅਰ ਦੀਆਂ ਦੁਕਾਨਾਂ, ਸਕੂਟਰ ਮੋਟਰਸਾਈਕਲ ਸਪੇਅਰ ਪਾਰਟਸ ਦੀਆਂ ਦੁਕਾਨਾਂ 3 ਦਿਨ ਬੰਦ ਰਹਿਣਗੀਆਂ। ਪ੍ਰਧਾਨ ਨੇ ਹੋਰ ਕਿਹਾ ਕਿ ਯੂਨੀਅਨ ਵੱਲੋਂ ਇਹ ਫੈਸਲਾ ਸਮੂਹ ਮੋਟਰਸਾਈਕਲ ਰਿਪੇਅਰ ਦੁਕਾਨਦਾਰਾਂ ਦੀ ਸਹਿਮਤੀ ਨਾਲ ਲਿਆ ਗਿਆ ਹੈ। ਇਸ ਮੌਕੇ ਰਣਜੀਤ ਗਣਪਤੀ, ਪ੍ਰਵੀਨ ਕੁਮਾਰ, ਰਾਜੀਵ ਸ਼ਰਮਾ, ਕੁਲਵਿੰਦਰ ਸਿੰਘ ਲਾਡੀ, ਉਕਾਰ ਸਿੰਘ ਰਾਣਾ, ਬਘੇਲ ਸਿੰਘ,ਪ੍ਰਵੀਨ ਜੋਸ਼ੀ, ਉਂਕਾਰ ਸਿੰਘ ਰਾਣਾ ਹਾਜ਼ਰ ਸਨ।

## ਲੋੜਵੰਦਾਂ ਦੇ ਬਿਨਾਂ ਵਜ੍ਹਾ ਰਾਸ਼ਨ ਕਾਰਡ ਕੱਟੇ ਜਾਣ 'ਤੇ ਸਬੰਧਿਤ ਅਧਿਕਾਰੀ ਖਿਲਾਫ ਹੋਵੇਗੀ ਕਾਰਵਾਈ : ਦਿਨੇਸ਼ ਚੱਢਾ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਲੋੜਵੰਦ ਪਰਵਾਰਾਂ ਦੇ ਮੈਂਬਰਾਂ ਦੇ ਬਿਨਾਂ ਵਜਾ ਰਾਸ਼ਨ ਕੱਟੇ ਜਾਣ ਦੀਆਂ ਮਿਲ ਰਹੀਆਂ ਰਿਪੋਰਟਾਂ ਦਾ ਗੰਭੀਰ ਨੋਟਿਸ ਲਿਆ ਹੈ। ਵਿਧਾਇਕ ਚੱਢਾ ਨੇ ਟੈਲੀਫੋਨ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਲੋੜਵੰਦ ਪਰਵਾਰਾਂ ਨੂੰ ਪੀਲੇ ਰਾਸ਼ਨ ਕਾਰਡ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਸੀ ਨੂੰ ਨਿਰਵਿਘਨ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਧਿਆਨ 'ਚ ਆਇਆ ਹੈ ਕਿ ਕੁਝ ਲੋੜਵੰਦ ਪਰਵਾਰਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ। ਉਨ੍ਹਾਂ ਕਿਹਾ ਕਿ ਜਿਨਾਂ ਲੋੜਵੰਦ ਪਰਵਾਰਾਂ ਜਾਂ ਉਨ੍ਹਾਂ ਦੇ ਮੈਂਬਰਾਂ ਦੇ ਬਿਨਾਂ ਕਿਸੀ ਕਾਰਨ ਰਾਸ਼ਨ ਕਾਰਡ ਕੱਟੇ ਗਏ ਹਨ ਸੰਬੰਧੀ ਜਿੰਮੇਵਾਰੀ ਅਧਿਕਾਰੀ ਵਿਰੁੱਧ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਹਰ ਜ਼ਰੂਰਤਮੰਦ ਨਾਗਰਿਕ ਲਈ ਬਿਨਾਂ ਕਿਸੀ ਸਿਫਾਰਸ਼ ਜਾਂ ਭੇਦਭਾਵ ਤੋਂ ਉਕਤ ਸਹੂਲਤ ਜਾਰੀ ਰਹੇਗੀ। ਉਨ੍ਹਾਂ ਇਹ ਵੀ ਆਖਿਆ ਕਿ ਕੁਝ ਪਰਵਾਰਾਂ ਦੇ ਮੈਂਬਰਾਂ ਦੇ ਕੇ.ਵਾਈ.ਸੀ. ਨਾ ਕਰਵਾਉਣ ਕਾਰਨ ਵੀ ਬਹੁਤ ਸਾਰੇ ਰਾਸ਼ਨ ਕਾਰਡ ਬੰਦ ਹੋ ਚੁੱਕੇ ਹਨ।

ਇਸ ਲਈ ਜਿਸ ਨਾਗਰਿਕ ਨੇ ਕੇ.ਵਾਈ.ਸੀ. ਨਹੀਂ ਕਰਵਾਈ ਹੈ ਉਹ ਫੂਡ ਸਪਲਾਈ ਦਫ਼ਤਰ ਵਿਖੇ ਪਹੁੰਚ ਕੇ ਆਪਣੀ ਕੇ.ਵਾਈ.ਸੀ. ਜ਼ਰੂਰ ਕਰਵਾ ਲੈਣ। ਉਨ੍ਹਾਂ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਇਸ ਸੰਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਤਾਂ ਜੋ ਲੋਕ ਬਿਨਾਂ ਕਾਰਨ ਪ੍ਰੇਸ਼ਾਨ ਨਾ ਹੋਣ। ਵਿਧਾਇਕ ਚੱਢਾ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮੁੱਚੀਆਂ ਗ੍ਰਾਂਟੀਆਂ ਨੂੰ ਪੂਰਾ ਕਰਕੇ ਜਨਤਾ ਕੀਤਾ ਹਰ ਵਾਅਦਾ ਨਿਭਾਵੇਗੀ।

## ਫੌਜ 'ਚ ਭਰਤੀ ਲਈ ਨੌਜਵਾਨਾਂ ਦੀ ਟ੍ਰੇਨਿੰਗ ਸ਼ੁਰੂ

**ਐਸ.ਏ.ਐਸ. ਨਗਰ , ( ਗੁਰਜੀਤ ਬਿੱਲਾ )** - ਐੱਸ ਏ ਐੱਸ ਨਗਰ ਜ਼ਿਲ੍ਹੇ ਅਤੇ ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਦੇ ਜਿਹੜੇ ਨੌਜਵਾਨ ਅਪ੍ਰੈਲ 2023 ਮਹੀਨੇ ਵਿੱਚ ਹੋਈ ਆਰਮੀ ਦੀ ਭਰਤੀ ਲਈ ਲਿਖਤੀ ਪੇਪਰ ਪਾਸ ਕਰ ਚੁੱਕੇ ਹਨ, ਦਾ ਫਿਜ਼ੀਕਲ ਟੈਸਟ ਸਤੰਬਰ 2023 ਵਿੱਚ ਹੋ ਰਿਹਾ ਹੈ। ਇਸ ਸਬੰਧੀ ਸਿਖਲਾਈ ਅਤੇ ਰੋਜਗਾਰ ਕੇਂਦਰ (ਸੀ-ਪਾਈਟ) ਲਾਲੜੂ ਵਿਖੇ ਇਹਨਾਂ ਨੌਜਵਾਨਾਂ ਲਈ ਫਿਜੀਕਲ ਟਰੇਨਿੰਗ ਸ਼ੁਰੂ ਹੋ ਚੁੱਕੀ ਹੈ। ਚਾਹਵਾਨ ਨੌਜਵਾਨ ਜਲਦੀ ਤੋਂ ਜਲਦੀ ਆਪਣੇ ਸਰਟੀਫਿਕੇਟ ਨਾਲ ਲੈ ਕੇ ਸੀ-ਪਾਈਟ ਕੈਂਪ ਲਾਲੜੂ ਆਈ.ਟੀ.ਆਈ. ਪੁੱਜਣ, ਟਰੇਨਿੰਗ ਦੌਰਾਨ ਖਾਣਾ,ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਜਿਹੜੇ ਨੌਜਵਾਨਾਂ ਨੇ ਏਅਰ ਫੋਰਸ, ਸੀ.ਆਰ.ਪੀ.ਐਫ, ਨੇਵੀ,ਐਸ ਐਸ ਬੀ ਅਤੇ ਸਟੇਟ ਪੁਲਸ ਲਈ ਆਨਲਾਇਨ ਅਪਲਾਈ ਕਰ ਦਿੱਤਾ ਹੈ, ਉਹ ਯੁਵਕ ਵੀ ਲਿਖਤੀ ਅਤੇ ਫਿਜੀਕਲ ਟਰੇਨਿੰਗ ਲਈ ਆ ਸਕਦੇ ਹਨ।

# ਖੂਨਦਾਨ ਕੈਂਪ 'ਚ ਖੂਨਦਾਨੀਆਂ ਨੇ ਕੀਤਾ 63 ਯੂਨਿਟ ਖੂਨ ਦਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਬੇਗਮਪੁਰਾ ਟਾਈਗਰ ਫੋਰਸ ਵੱਲੋਂ ਨਜ਼ਦੀਕੀ ਪਿੰਡ ਸ਼ੇਰਗੜ੍ਹ ਵਿਖੇ ਬਲਾਕ 2 ਦੇ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਅਤੇ ਬਲਾਕ 2 ਦੇ ਉੱਪ ਪ੍ਰਧਾਨ ਰਾਜ ਕੁਮਾਰ ਬੱਧਣ ਵਲੋ ਸਤਿਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਇੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਨੂੰ ਸਤਿਨਾਮ ਹਸਪਤਾਲ ਦੇ ਬਲੱਡ ਸੈਂਟਰ ਦੀ ਟੀਮ ਦੀ ਵਧੀਆ ਕਾਰਕੁਜਾਰੀ ਨੇ ਨੇਪਰੇ ਚਾੜ੍ਹਿਆ।

ਇਸ ਖੂਨਦਾਨ ਕੈਂਪ ਦੇ ਵਿੱਚ ਬੇਗਮਪੁਰਾ ਟਾਇਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਪੰਜਾਬ ਪ੍ਰਧਾਨ ਪ੍ਰਧਾਨ ਵੀਰਪਾਲ ਠਰੋਲੀ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਕੈਂਪ ਵਿੱਚ ਥਾਣਾ ਸਦਰ ਦੇ ਐਸ ਐਚ ਓ ਡੀ ਐਸ ਪੀ ਲਵਕੇਸ਼ ਕੁਮਾਰ ਨੇ ਆਪਣੀ ਪੂਰੀ ਟੀਮ ਨਾਲ ਪਹੁੰਚ ਕੇ ਹਾਜ਼ਰੀ ਲਗਵਾਈ ਜਿੱਥੇ ਕਿ ਬੇਗਮਪੁਰਾ ਟਾਈਗਰ ਫੋਰਸ ਨੇ ਡੀ ਐਸ ਪੀ ਲਵਕੇਸ਼ ਕੁਮਾਰ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਐਸ ਪੀ ਲਵਕੇਸ਼ ਕੁਮਾਰ ਨੇ ਬੋਲਦਿਆਂ ਕਿਹਾ ਕਿ ਨਸ਼ਿਆਂ ਦੇ ਵੱਗ ਰਹੇ ਛੇਵੇ ਦਰਿਆ ਵਿੱਚੋਂ ਨੌਜਵਾਨ ਪੀੜੀ ਨੂੰ ਕੱਢ ਕੇ ਇਹੋ ਜਿਹੇ ਨੇਕ ਤੇ ਸਮਾਜ ਭਲਾਈ ਦੇ ਕੰਮਾਂ ਵੱਲ ਤੋਰਨਾ ਬੇਗਮਪੁਰਾ ਟਾਇਗਰ ਫੋਰਸ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਦੁਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਸਾਂਝੇ ਰੂਪ ਵਿਚ ਬੋਲਦਿਆਂ ਕਿਹਾ ਖੂਨਦਾਨੀਆਂ ਵੱਲੋਂ ਦਾਨ ਕੀਤੇ ਗਏ ਖ਼ੂਨ ਦੇ ਨਾਲ ਕਿਸੇ ਦੇ ਟੁੱਟਦੇ ਸਾਹਾਂ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ। ਜਿਸ ਨੂੰ ਲੈ ਕੇ ਖਾਸ ਕਰਕੇ ਨੌਜਵਾਨਾਂ ਦਾ ਖੂਨ ਦਾਨ ਪ੍ਰਤੀ ਵੱਧਦਾ ਰੁਝਾਨ ਵਧੀਆ ਸੰਕੇਤ ਹੈ। ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਖੂਨ ਦਾਨੀਆਂ ਵੱਲੋਂ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਖੂਨ ਦਾਨੀਆਂ ਵਲੋਂ 63 ਯੂਨਿਟ ਖੂਨ ਦਾਨ ਕੀਤਾ ਗਿਆ। ਇਸ ਮੌਕੇ ਖੂਨਦਾਨੀਆਂ ਨੂੰ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਪੁਰਹੀਰਾ, ਸਨੀ ਸੀਣਾ, ਭੁਪਿੰਦਰ ਕੁਮਾਰ ਬੱਧਣ, ਪਿੰਡ ਸ਼ੇਰਗੜ੍ਹ ਤੋ ਸਰਪੰਚ ਰਾਜੇਸ਼ ਕੁਮਾਰ ਪੰਚ ਬਿੱਟੂ, ਭਿੰਦਾ ਸੀਣਾ, ਗੁਰਪ੍ਰੀਤ ਕੁਮਾਰ, ਅਮਨਦੀਪ, ਚਰਨਜੀਤ ਡਾਡਾ, ਰਾਮ ਜੀ, ਪੰਮਾ ਡਾਡਾ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਅਵਿਨਾਸ਼ ਸਿੰਘ, ਅਮਨਦੀਪ ਸਿੰਘ, ਮੁਨੀਸ਼ ਕੁਮਾਰ, ਚਰਨਜੀਤ ਸਿੰਘ, ਇੰਦਰਪਾਲ ਸਿੰਘ, ਭੁਪਿੰਦਰ ਕੁਮਾਰ ਬੱਧਣ, ਸ਼ੇਰਗੜ੍ਹ ਤੋ ਬਿੱਟੂ ਪੰਚ, ਕਮਲਜੀਤ ਸਿੰਘ, ਗਿਆਨ ਚੰਦ, ਮੁਸਾਫ਼ਰ ਸਿੰਘ, ਸ਼ੇਰਾ ਸਿੰਘ, ਮਨੀਸ਼ ਕੁਮਾਰ, ਦਵਿੰਦਰ ਕੁਮਾਰ, ਸਹਿਜਾਦਾ, ਨਰੇਸ਼ ਕੁਮਾਰ ਸਹਿਰੀ ਪ੍ਰਧਾਨ, ਬਾਲੀ, ਗੁਰਪ੍ਰੀਤ ਗੋਪਾ, ਰਵੀ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਜਮਹੂਰੀ ਕਿਸਾਨ ਸਭਾ ਵੱਲੋਂ ਮੱਕੀ 'ਤੇ ਐਮ ਐਸ ਪੀ ਲਈ ਡੀ ਸੀ ਤੇ ਸਕੱਤਰ ਮਾਰਕੀਟ ਕਮੇਟੀ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੀ ਜਿਲ੍ਹਾ ਇਕਾਈ ਨੇ ਮੱਕੀ ਦੀ ਖਰੀਦ ਸਮੇਂ ਕਿਸਾਨਾਂ ਦੀ ਲੁੱਟ ਸੰਬੰਧੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਸਕੱਤਰ ਮਾਰਕੀਟ ਕਮੇਟੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਕਿ ਨਿਰਧਾਰਿਤ ਰੇਟ 2090 ਰੁਪਏ ਤੇ ਵੀ ਮੱਕੀ ਦੀ ਖਰੀਦ ਕਰਨ ਦੀਆਂ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਕਿ ਕਿਸਾਨ ਝੋਨੇ ਦੇ ਬਦਲ ਵਜੋਂ ਮੱਕੀ ਨੂੰ ਅਪਨਾਉਣ ਲਈ ਮਾਨਸਿਕ ਤੌਰ ਤੇ ਤਿਆਰ ਹੋ ਸਕਣ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਵਫਦ ਨੂੰ ਭਰੋਸਾ ਦੁਆਇਆ ਕਿ ਮੰਡੀਆਂ ਤੋਂ ਮੱਕੀ ਦੀ ਖਰੀਦ ਸੰਬੰਧੀ ਜਾਣਕਾਰੀ ਇਕੱਠੀ ਕਰਕੇ ਸਿਫਾਰਸ਼ ਤਹਿਤ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜ ਦਿੱਤਾ ਜਾਵੇਗਾ। ਇਸੇ ਹੀ ਤਰ੍ਹਾਂ ਸਕੱਤਰ ਮਾਰਕੀਟ ਕਮੇਟੀ ਨੇ ਵੀ ਸਿਫਾਰਸ਼ਾਂ ਸਹਿਤ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜਣ ਦਾ ਭਰੋਸਾ ਦੁਆਇਆ। ਜੱਥੇਬੰਦੀ ਦੇ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਪਰੋਕਤ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਨਹੀਂ ਤਾਂ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਮੁਕੇਰੀਆਂ, ਦਵਿੰਦਰ ਸਿੰਘ ਕੱਕੋਂ, ਇੰਦਰ ਸਿੰਘ ਕੈਂਪ, ਸੱਤਪਾਲ ਸਿੰਘ ਚੱਬੇਵਾਲ, ਜਗਤਾਰ ਸਿੰਘ ਸਤੌਰ, ਬਲਵਿੰਦਰ ਸਿੰਘ ਗਿੱਲ, ਕੁਲਦੀਪ ਚੰਦ ਕੱਕੋਂ, ਓਂਕਾਰ ਲਾਲ ਕਕੋਂ, ਤਰਸੇਮ ਲਾਲ ਤੇ ਗੁਰਦੇਵ ਦੱਤ ਹਰਿਆਣਾ-ਭੂੰਗਾ, ਗੁਰਚਰਨ ਸਿੰਘ ਅਤੇ ਹੋਰ ਕਿਸਾਨ ਹਾਜ਼ਰ ਸਨ।

## ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਵਰਕਸ਼ਾਪ ਅੱਜ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)** ਪੰਜਾਬ ਆਰਟਸ ਇੰਟਰਨੈਸ਼ਨਲ ਦੇ ਡਾਇਰੈਕਟਰ ਡਾ. ਨਰਿੰਦਰ ਸਿੰਘ ਨਿੰਦੀ ਵੱਲੋਂ ਸੱਭਿਆਚਾਰਕ ਮਾਮਲੇ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਬੀਤੇ ਦਿਨਾਂ ਤੋਂ ਪਿੰਡ ਜਟਾਣਾ ਵਿਖੇ ਇੱਕ ਵਰਕਸ਼ਾਪ ਲਗਾਈ ਗਈ ਹੈ। ਡਾ. ਨਿੰਦੀ ਨੇ ਦੱਸਿਆ ਕਿ ਇਹ ਵਰਕਸ਼ਾਪ 21 ਜੂਨ ਤੱਕ ਚੱਲੇਗੀ ਅਤੇ ਇਸ ਵਿੱਚ ਵੱਖ ਵੱਖ ਪਿੰਡਾਂ ਅਤੇ ਸਕੂਲਾਂ ਦੇ 30-35 ਵਿਦਿਆਰਥੀ ਸਿਖਲਾਈ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਵਰਕਸ਼ਾਪ ਦੇ ਆਖਰੀ ਦਿਨ 21 ਜੂਨ ਨੂੰ ਨਾਟਕ "ਗੂੰਜ ਗਦਰ ਦੀ" ਖੇਡਿਆ ਜਾਵੇਗਾ। ਇਸ ਵਰਕਸ਼ਾਪ ਵਿੱਚ ਵਿਦਿਆਰਥੀ ਖੁੱਲੇ ਮਨ ਨਾਲ ਆਪਣੀ ਜ਼ਿੰਦਗੀ ਦੇ ਇਰਾਦਿਆਂ ਨੂੰ ਪ੍ਰਬੰਧਕਾਂ ਨਾਲ ਸਾਂਝਾ ਵੀ ਕਰ ਰਹੇ ਹਨ। ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦੇ ਅੰਤਰਮੁਖੀ ਗੁਣਾਂ ਦੀ ਪਛਾਣ ਅਤੇ ਪ੍ਰਗਤੀ ਦੇ ਆਧਾਰ 'ਤੇ ਪੰਜਾਬੀ ਵਿਰਸੇ ਦੀ ਸੰਭਾਲ ਲਈ ਲੋਕ ਸੰਗੀਤ, ਨਾਚ, ਅਤੇ ਨਾਟਕ ਨਾਲ ਸਬੰਧਿਤ ਕਲਾਵਾਂ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਮੌਕੇ ਪ੍ਰਿੰਸੀਪਲ ਅਮਰਜੀਤ ਸਿੰਘ ਕੰਗ , ਸਿਮਰਤਪਾਲ ਕੌਰ, ਡਾ. ਰਾਜਪਾਲ ਸਿੰਘ, ਤਰਨਜੀਤ ਸਿੰਘ, ਸੰਗੀਤਕਾਰ ਸੁਰਿੰਦਰ ਕੁਮਾਰ, ਇੰਦਰਜੀਤ ਸਿੰਘ, ਬਰਜਿੰਦਰ ਸਿੰਘ, ਪ੍ਰਵੀਨ ਸ਼ਰਮਾ ਅਤੇ ਗੁਰਮੀਤ ਕੌਰ ਆਦਿ ਹਾਜ਼ਰ ਸਨ ।

## ਅਨੁਸੂਚਿਤ ਜਾਤੀ ਦਾ ਜਾਲ੍ਹੀ ਸਰਟੀਫਿਕੇਟ ਕੀਤਾ ਰੱਦ, ਲਏ ਲਾਭ ਹੋਣਗੇ ਵਾਪਸ: ਡਾ.ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)** -ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਬਾਰੇ ਮੰਤਰੀ ਡਾ: ਬਲਜੀਤ ਕੌਰ ਨੇ ਦੱਸਿਆ ਕਿ ਅਰਵਿੰਦ ਕੁਮਾਰ ਪੁੱਤਰ ਸੁਦਾਮਾ ਸਿੰਘ ਮਕਾਨ ਨੰ. 3, ਉਂਕਾਰ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਵਸਨੀਕ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਪੰਜਾਬ ਸਰਕਾਰ ਪੱਧਰ 'ਤੇ ਗਠਿਤ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕੀਤਾ ਗਿਆ ਹੈ। ਰਾਜੇਸ਼ ਕੁਮਾਰ ਮਹਿਰਾ, ਪਿੰਡ ਤੇ ਡਾਕਖਾਨਾ ਲਖਨਪਾਲ, ਜ਼ਿਲ੍ਹਾ ਜਲੰਧਰ ਵੱਲੋਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਅਰਵਿੰਦ ਕੁਮਾਰ (ਭੋਇਆ) ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਜਦ ਕਿ ਇਹ ਭੋਇਆ ਜਾਤੀ ਪੰਜਾਬ ਰਾਜ ਦੀ ਅਨੁਸੂਚਿਤ ਜਾਤੀ ਦੀ ਸੂਚੀ ਵਿਚ ਸ਼ਾਮਿਲ ਨਹੀ ਹੈ। ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਵਿਭਾਗ ਵੱਲੋਂ ਇਸ ਕੇਸ ਦੀ ਜਾਂਚ ਕਰਨ ਤੋਂ ਬਾਅਦ ਅਰਵਿੰਦ ਕੁਮਾਰ ਦਾ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਲ੍ਹੀ ਹੋਣ ਦੀ ਪੁਸ਼ਟੀ ਹੋਈ ਹੈ। ਵਿਭਾਗ ਵੱਲੋਂ ਡਿਪਟੀ ਕਮਿਸ਼ਨਰ, ਕਪੂਰਥਲਾ ਨੂੰ ਪੱਤਰ ਲਿਖ ਕੇ ਅਰਵਿੰਦ ਕੁਮਾਰ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਨੰਬਰ 98 ਮਿਤੀ 01.02.1989 ਨੂੰ ਰੱਦ ਕਰਨ ਅਤੇ ਜਬਤ ਕਰਨ ਦੀ ਬੇਨਤੀ ਕੀਤੀ ਹੈ ਅਤੇ ਜੇਕਰ ਸਬੰਧਤ ਵੱਲੋਂ ਐਸ.ਸੀ.ਸਰਟੀਫਿਕੇਟ ਦਾ ਲਾਭ ਲਿਆ ਗਿਆ ਹੈ ਤਾਂ ਉਹ ਵੀ ਵਾਪਸ ਲਿਆ ਜਾਵੇ।

## ਸਵਰਨਕਾਰ ਸੰਘ ਵੱਲੋਂ ਐਸ ਡੀ ਐਮ ਨੂੰ ਮੰਗ ਪੱਤਰ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)** ਮੋਗਾ ਵਿਖੇ ਬੀਤੇ ਦਿਨੀਂ ਹੋਏ ਸਵਰਨਕਾਰ ਵਪਾਰੀ ਦੀ ਲੁੱਟ ਅਤੇ ਕਤਲ ਕਾਂਡ ਸੰਬੰਧੀ ਸਵਰਨਕਾਰ ਸੰਘ ਚਮਕੌਰ ਸਾਹਿਬ ਵੱਲੋਂ ਸੰਘ ਦੇ ਪ੍ਰਧਾਨ ਕ੍ਰਿਸ਼ਨ ਲਾਲ ਵਰਮਾ ਦੀ ਅਗਵਾਈ ਹੇਠ ਐਸ ਡੀ ਐਮ ਅਮਰੀਕ ਸਿੰਘ ਸਿੱਧੂ ਨੂੰ ਮੰਗ ਪੱਤਰ ਦਿੱਤਾ ਗਿਆ। ਸਵਰਨਕਾਰ ਸੰਘ ਨੇ ਮੰਗ ਪੱਤਰ ਵਿਚ ਮੰਗ ਕੀਤੀ ਕਿ ਮੋਗਾ ਦੇ ਵਪਾਰੀ ਦੀ ਹੋਈ ਹੱਤਿਆ ਤੇ ਪਰਵਾਰ ਨੂੰ ਇਨਸਾਫ ਦਿਵਾਇਆ ਜਾਵੇ ਅਤੇ ਕਾਤਲਾਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ।

ਸੰਘ ਦੇ ਮੈਂਬਰਾਂ ਨੇ ਪਰਵਾਰ ਨਾਲ ਹਮਦਰਦੀ ਜਿਤਾਉਂਦਿਆਂ ਸਰਕਾਰ ਨੂੰ ਅਪੀਲ ਕੀਤੀ ਕਿ ਪਰਵਾਰ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਸੰਘ ਦੇ ਮੈਂਬਰਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਵਰਨਕਾਰ ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਤਾਂ ਜੋ ਕਿ ਅੱਗੇ ਤੋਂ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਉਨ੍ਹਾਂ ਸਵਰਨਕਾਰ ਵਪਾਰੀਆਂ ਦੇ ਅਸਲੇ ਦੇ ਲਾਇਸੰਸ ਬਣਾਉਣ ਦੀ ਵੀ ਮੰਗ ਕੀਤੀ ਤਾਂ ਜੋ ਕਿ ਉਹ ਆਪਣੀ ਸੁਰੱਖਿਆ ਆਪ ਕਰ ਸਕਣ। ਇਸ ਮੌਕੇ ਗੁਰੀਸ਼ ਵਰਮਾ, ਰਕੇਸ਼ ਵਰਮਾ, ਰਜਿੰਦਰ ਕੁਮਾਰ, ਪੰਕਜ ਵਰਮਾ, ਸੰਜੀਵ ਕੁਮਾਰ, ਗੋਲਡੀ ਵਰਮਾ, ਵਿਜੈ ਭੂਸ਼ਣ, ਰਜਨੀਸ਼ ਵਰਮਾ, ਅਨਿਲ ਕੁਮਾਰ, ਅਸ਼ੋਕ ਵਰਮਾ ਅਤੇ ਮੋਹਨ ਵਰਮਾ ਆਦਿ ਹਾਜਜ਼ਰ ਸਨ।

## ਸੇਂਟ ਸੋਲਜਰ ਦੇ ਵਿਦਿਆਰਥੀ ਨੇ ਜੇ ਈ ਈ ਐਡਵਾਂਸ ਪੰਜਾਬ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ




**ਜਲੰਧਰ, (ਇਕਬਾਲ ਸਿੰਘ ਉੱਭੀ)**- ਐਨ.ਟੀ.ਏ ਵਲੋਂ ਕਰਵਾਏ ਗਏ ਜੇਈਈ ਐਡਵਾਂਸ ਵਿੱਚ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਵਿੱਚੋਂ ਪਹਿਲਾ ਅਤੇ ਆਲ ਇੰਡੀਆ ਵਿੱਚ 222ਵਾਂ ਰੈਂਕ ਪ੍ਰਾਪਤ ਕੀਤਾ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਮਾਣ ਨਾਲ ਦੱਸਿਆ ਕਿ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਜਲੰਧਰ-ਅੰਮ੍ਰਿਤਸਰ ਬਾਈਪਾਸ ਬ੍ਰਾਂਚ ਦੇ ਵਿਦਿਆਰਥੀ ਸਾਰਥਿਕ ਮਿਗਲਾਨੀ ਨੇ ਆਲ ਇੰਡੀਆ 222ਵਾਂ ਰੈਂਕ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਚੇਅਰਮੈਨ ਚੋਪੜਾ ਨੇ ਵਿਦਿਆਰਥੀ ਦੇ ਪਿਤਾ ਡਾ.ਰਾਜੀਵ ਮਿਗਲਾਨੀ ਅਤੇ ਮਾਤਾ ਡਾ.ਰਤਨਾ ਮਿਗਲਾਨੀ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀ ਨੂੰ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਪਹਿਲਾਂ ਵਿਦਿਆਰਥੀ ਸਿਧਾਰਥ ਮਿਗਲਾਨੀ ਨੇ ਜੇਈਈ ਮੇਨਜ਼ ਵਿੱਚ 307ਵਾਂ ਰੈਂਕ ਹਾਸਲ ਕੀਤਾ ਸੀ। ਇਸ ਤੋਂ ਇਲਾਵਾ ਗਰੁੱਪ ਦੇ ਪਲਸ਼ ਸ਼ਰਮਾ ਨੇ ਇਹ ਪ੍ਰੀਖਿਆ ਚੰਗੇ ਅੰਕਾਂ ਨਾਲ ਪਾਸ ਕੀਤੀ ਹੈ। ਵਾਈਸ ਚੇਅਰਪਰਸਨ ਸ਼੍ਰੀਮਤੀ ਚੋਪੜਾ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਨਾਮਣਾ ਖੱਟਣ ਲਈ ਪ੍ਰੇਰਿਤ ਕੀਤਾ ਅਤੇ ਅਧਿਆਪਕਾਂ ਨੂੰ ਵੀ ਇਸੇ ਤਰ੍ਹਾਂ ਵਿਦਿਆਰਥੀਆਂ ਦਾ ਸਾਥ ਦੇਣ ਲਈ ਕਿਹਾ।

# ਨਵ-ਨਿਯੁਕਤ ਸਿਵਲ ਸਰਜਨ ਵੱਲੋਂ ਹਸਪਤਾਲ ਦਾ ਦੌਰਾ



**ਮੋਹਾਲੀ, (ਗੁਰਜੀਤ ਬਿੱਲਾ)**-ਜ਼ਿਲ੍ਹੇ ਦੇ ਨਵ-ਨਿਯੁਕਤ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਆਹੂਜਾ ਨੇ ਜ਼ਿਲ੍ਹਾ ਹਸਪਤਾਲ ਦਾ ਦੌਰਾ ਕੀਤਾ ਅਤੇ ਹਸਪਤਾਲ ਵਿਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਅਤੇ ਮੈਡੀਕਲ ਪ੍ਰਬੰਧਾਂ ਬਾਰੇ ਜਾਣਕਾਰੀ ਲਈ।

ਉਨ੍ਹਾਂ ਆਖਿਆ ਕਿ ਜ਼ਿਲ੍ਹਾ ਵਾਸੀਆਂ ਦੀ ਚੰਗੀ ਸਿਹਤ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸਿਵਲ ਸਰਜਨ ਨੇ ਵਿਸ਼ੇਸ਼ ਤੌਰ 'ਤੇ ਐਮਰਜੈਂਸੀ ਵਾਰਡ ਵਿਚ ਜਾ ਕੇ ਦਵਾਈਆਂ ਦੀ ਉਪਲਬਧਤਾ ਅਤੇ ਮੈਡੀਕਲ ਸਾਜ਼ੋ-ਸਮਾਨ ਦੀ ਜਾਂਚ ਕੀਤੀ। ਉਨ੍ਹਾਂ ਐਮਰਜੈਂਸੀ ਵਾਰਡ ਸਮੇਤ ਹਸਪਤਾਲ ਵਿਚ ਸਾਫ਼-ਸਫ਼ਾਈ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਦਿਤੀਆਂ ਕਿ ਸਮੁੱਚੇ ਹਸਪਤਾਲ ਨੂੰ ਪੂਰੀ ਤਰ੍ਹਾਂ ਸਾਫ਼-ਸੁਥਰਾ ਰਖਿਆ ਜਾਵੇ ਤਾਕਿ ਮਰੀਜ਼ਾਂ ਨੂੰ ਚੰਗਾ ਮਾਹੌਲ ਦਿੱਤਾ ਜਾ ਸਕੇ। ਉਨ੍ਹਾਂ ਹਸਪਤਾਲ ਵਿਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹਾਲ ਜਾਣਿਆ। ਸਿਵਲ ਸਰਜਨ ਨੇ ਅਧਿਕਾਰੀਆਂ ਨੂੰ ਆਖਿਆ ਕਿ ਸਰਕਾਰ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਮਰੀਜ਼ਾਂ ਨੂੰ ਬਾਹਰੋਂ ਦਵਾਈਆਂ ਲਿਆਉਣ ਲਈ ਕਹਿਣ ਦੀ ਬਜਾਏ ਹਸਪਤਾਲ ਵਿਚ ਹੀ ਉਪਲਬਧ ਦਵਾਈਆਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਵਿਚ ਸਹੂਲਤਾਂ ਦੇਣ ਵਿਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਸੂਬਾਈ ਅਤੇ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਅਤੇ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਲੋਕਾਂ ਨੂੰ ਹਰ ਹਾਲਤ ਵਿਚ ਮਿਲਣਾ ਚਾਹੀਦਾ ਹੈ ਅਤੇ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਅਣਗਹਿਲੀ ਨਾ ਕੀਤੀ ਜਾਵੇ। ਇਸ ਦੌਰਾਨ ਉਨ੍ਹਾਂ ਹਾਜ਼ਰੀ ਰਜਿਸਟਰ ਵੀ ਚੈੱਕ ਕੀਤੇ ਅਤੇ ਹਦਾਇਤ ਕੀਤੀ ਕਿ ਦਫ਼ਤਰ ਆਉਣ ਅਤੇ ਜਾਣ ਦੇ ਸਮੇਂ 'ਚ ਹਾਜ਼ਰੀ ਯਕੀਨੀ ਬਣਾਈ ਜਾਵੇ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ, ਜ਼ਿਲ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਜੇ ਭਗਤ, ਡਾ. ਪਰਮਿੰਦਰ ਸਿੰਘ ਆਦਿ ਮੌਜੂਦ ਸਨ ।

## 'ਆਪ' ਆਗੂਆਂ ਨੇ ਕੀਤੀ ਧੰਨਵਾਦੀ ਮੀਟਿੰਗ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਸਥਾਨਕ ਰਿਜ਼ੋਰਟ ਫਿਲੌਰ ਵਿਖੇ ਲੋਕ ਸਭਾ ਜਲੰਧਰ 'ਆਪ' ਦੇ ਉਮੀਦਵਾਰ ਸ਼ੁਸੀਲ ਕੁਮਾਰ ਰਿੰਕੂ ਦੀ ਇਤਿਹਾਸਕ ਜਿੱਤ ਦੀ ਖੁਸ਼ੀ 'ਚ ਧੰਨਵਾਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਪਾਰਟੀ ਦੇ ਵਰਕਰਾਂ ਅਤੇ ਇਲਾਕਾ ਨਿਵਾਸੀਆਂ ਨੇ ਭਾਰੀ ਗਿਣਤੀ ਵਿੱਚ ਪੁੱਜੇ। ਇਸ ਮੌਕੇ ਆਗੂਆ ਨੇ ਵਰਕਰਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਪਾਰਟੀ ਵਲੰਟੀਅਰ 'ਤੇ ਆਹੁਦੇਦਾਰਾਂ ਵੱਲੋਂ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣ ਕਾਰਨ ਹੀ ਹਲਕਾ ਫਿਲੌਰ ਤੋਂ ਆਮ ਆਦਮੀ ਪਾਰਟੀ ਨੂੰ ਭਾਰੀ ਜਿੱਤ ਮਿਲੀ ਹੈ।

ਆਪ ਪਾਰਟੀ ਵੱਲੋਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਵਧੀਆਂ ਕਾਰਗੁਜ਼ਾਰੀ ਵਿਸਥਾਰ ਪੂਰਵਕ ਜਾਣਕਾਰੀਆਂ ਦਿੱਤੀਆਂ। ਉਨ੍ਹਾਂ ਕਿਹਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਚ ਜੋ ਚੋਣਾਂ ਵੇਲੇ ਵਾਅਦੇ ਕੀਤੇ ਗਏ ਸਨ ਉਨ੍ਹਾਂ ਨੂੰ ਇਕ-ਇਕ ਕਰ ਕੇ ਪੂਰੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ। ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ 'ਚ ਹਲਕਾ ਫਿਲੌਰ ਤੋਂ 'ਆਪ' ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਮੀਟਿੰਗ 'ਚ ਨਾ ਪੁੱਜਣ 'ਤੇ ਆਗੂਆ ਨੇ ਕਿਹਾ ਕਿ ਪਾਰਟੀ ਦੇ ਜਰੂਰੀ ਰੁਝੇਵਿਆ ਕਾਰਨ ਨਹੀਂ ਪਹੁੰਚ ਸਕੇ।

ਇਸ ਮੌਕੇ ਰਜਿੰਦਰ ਸੰਧੂ, ਮਨੀ ਧਾਲੀਵਾਲ, ਸੁੱਖਾ ਸਗਨੇਵਾਲ, ਪਰਮਿੰਦਰ ਸਿੰਘ ਮਾਹਲ, ਵਰਿੰਦਰ ਸੈਣੀ, ਪਰਮਿੰਦਰ ਸਿੰਘ ਸੈਣੀ, ਸੁਖਦੀਪ ਸਿੰਘ ਅੱਪਰਾ, ਅਸ਼ੋਕ ਸ਼ਰਮਾ, ਸਤਨਾਮ ਸਿੰਘ, ਕਮਲ ਕਿਸ਼ੋਰ, ਹੁਸਨ ਲਾਲ, ਅਮਰਜੀਤ, ਚਰਨਜੀਤ ਸਿੰਘ, ਜਸਵੰਤ ਸਿੰਘ, ਮਨੀਸ਼ਾ ਅੱਪਰਾ, ਸਤਨਾਮ ਸਿੰਘ ਅਤੇ ਹੋਰ ਭਾਰੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।

# ਭਾਰਤ-ਪਾਕਿਸਤਾਨ ਜ਼ੀਰੋ ਲਾਈਨ 'ਤੇ ਬਾਬਾ ਦੀ ਸਮਾਧ 'ਤੇ ਲੱਗਾ ਮੇਲਾ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਹੱਦੀ ਪਿੰਡ ਵਾਲੇ ਸ਼ਾਹ ਹਿਠਾੜ ਉਰਫ਼ ਗੁਲਾਬਾ ਭੈਣੀ 'ਚ ਭਾਰਤ-ਪਾਕਿਸਤਾਨ ਜ਼ੀਰੋ ਲਾਈਨ 'ਤੇ ਬਾਬਾ ਮੁਹੰਮਦ ਅਲੀ ਸ਼ਾਹ ਉਰਫ਼ ਬੁਰਜੀ ਵਾਲੇ ਦੀ ਸਮਾਧ 'ਤੇ ਮੇਲਾ ਲਾਇਆ ਗਿਆ। ਮੇਲੇ ਵਿੱਚ ਫ਼ਾਜ਼ਿਲਕਾ ਤੋਂ ਇਲਾਵਾ ਦੂਰੋਂ-ਦੂਰੋਂ ਲੋਕ ਬਾਬਾ ਜੀ ਦੀ ਸਮਾਧ 'ਤੇ ਮੱਥਾ ਟੇਕਣ ਲਈ ਪੁੱਜੇ। ਇਸ ਦੌਰਾਨ ਬੀਐਸਐਫ ਦੇ ਜਵਾਨਾਂ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਬੀ.ਐਸ.ਐਫ਼ ਦੇ ਕਮਾਂਡੈਂਟ ਦਿਨੇਸ਼ ਕੁਮਾਰ ਨੇ ਦੱਸਿਆ ਕਿ ਇੱਥੇ ਕਰਾਏ ਜਾ ਰਹੇ ਮੇਲੇ ਵਿੱਚ ਉਨ੍ਹਾਂ ਵੱਲੋਂ ਪੂਰੀ ਚੌਕਸੀ ਵਰਤੀ ਗਈ। ਇਸ ਦੌਰਾਨ ਹਰ ਆਉਣ ਵਾਲੇ ਦੇ ਸ਼ਨਾਖਤੀ ਕਾਰਡਾਂ ਦੀ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਚੈੱਕ ਕਰਨ ਤੋਂ ਬਾਅਦ ਉਨ੍ਹਾਂ ਨੂੰ ਬਾਬਾ ਜੀ ਦੀ ਸਮਾਧ 'ਤੇ ਮੱਥਾ ਟੇਕਣ ਲਈ ਅੱਗੇ ਜਾਣ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹ ਮੇਲਾ ਬਿਲਕੁਲ ਭਾਰਤ-ਪਾਕਿਸਤਾਨ ਦੀ ਜ਼ੀਰੋ ਲਾਈਨ 'ਤੇ ਲਾਇਆ ਜਾਂਦਾ ਹੈ। ਦੂਜੇ ਪਾਸੇ ਬਾਬਾ ਪੀਰ ਮੁਹੰਮਦ ਸ਼ਾਹ ਉਰਫ਼ ਬਾਬਾ ਬੁਰਜੀ ਵਾਲੇ ਦੇ ਸੇਵਾਦਾਰ ਬਾਬਾ ਕਹਿਰ ਸਿੰਘ ਨੇ ਦੱਸਿਆ ਕਿ ਸਾਲ 1965-66 ਵਿੱਚ ਉਨ੍ਹਾਂ ਦੇ ਵੱਡੇ ਬਜ਼ੁਰਗ ਅਤੇ ਚਾਚਾ ਸੁਦਾਗਰ ਸਿੰਘ ਵੱਲੋਂ ਇੱਥੇ ਮੇਲਾ ਲਵਾਇਆ ਗਿਆ ਸੀ। ਉਸ ਨੇ ਦੱਸਿਆ ਕਿ ਉਸ ਸਮੇਂ ਇਕ ਦਿਨ ਬਾਬਾ ਮੁਹੰਮਦ ਸਾਹ ਨੇ ਉਨ੍ਹਾਂ ਦੇ ਤਾਇਆ ਜੀ ਨੂੰ ਦਰਸ਼ਨ ਦਿੱਤੇ, ਜਿਸ ਤੋਂ ਬਾਅਦ ਉਨ੍ਹਾਂ ਨੇ ਉਥੇ ਬਾਬਾ ਜੀ ਦੀ ਸਮਾਧ ਬਣਾਉਣ ਦਾ ਫ਼ੈਸਲਾ ਕੀਤਾ, ਪਰ ਉਸ ਸਮੇਂ ਦੇ ਬੀਐਸਐਫ਼ ਅਧਿਕਾਰੀ ਨੇ ਉਸ ਨੂੰ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਤੋਂ ਬਾਅਦ ਇਕ ਰਾਤ ਬਾਬਾ ਉਸ ਬੀ.ਐਸ.ਐਫ. ਅਫਸਰ ਨੂੰ ਦਿਖਾਈ ਦਿੱਤਾ ਤੇ ਉਸ ਨੂੰ ਇੱਥੇ ਸਮਾਧੀ ਬਣਾਉਣ ਲਈ ਕਿਹਾ, ਜਿਸ ਤੋਂ ਬਾਅਦ ਉਸੇ ਬੀ.ਐਸ.ਐਫ ਅਧਿਕਾਰੀ ਨੇ ਉਨ੍ਹਾਂ ਨੂੰ ਇੱਥੇ ਬਾਬਾ ਜੀ ਦੀ ਸਮਾਧ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਅਤੇ ਇਸ ਵਿੱਚ ਪੂਰਾ ਸਹਿਯੋਗ ਵੀ ਦਿੱਤਾ। ਉਦੋਂ ਤੋਂ ਇੱਥੇ ਮੇਲਾ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਭਾਰਤੀ ਬੀ.ਐਸ.ਐਫ਼ ਅਧਿਕਾਰੀਆਂ ਤੇ ਪਾਕਿਸਤਾਨੀ ਰੇਂਜਰਾਂ ਦੀ ਹਾਜ਼ਰੀ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਖਿਡਾਰੀਆਂ ਵਿਚਕਾਰ ਕੁਸ਼ਤੀ ਤੇ ਕਬੱਡੀ ਦੇ ਮੁਕਾਬਲੇ ਹੁੰਦੇ ਸਨ। ਇਸ ਦੌਰਾਨ ਭਾਰਤੀ ਖਿਡਾਰੀ ਜ਼ੀਰੋ ਲਾਈਨ ਦੇ ਇੱਕ ਪਾਸੇ ਅਤੇ ਪਾਕਿਸਤਾਨੀ ਖਿਡਾਰੀ ਦੂਜੇ ਪਾਸੇ ਬੈਠਦੇ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਭਾਰਤੀ ਖਿਡਾਰੀ ਪਾਕਿਸਤਾਨੀ ਖਿਡਾਰੀਆਂ 'ਤੇ ਹਾਵੀ ਰਹਿੰਦੇ ਸਨ। ਜਿਸ ਤੋਂ ਬਾਅਦ ਦੋਵਾਂ ਦੇਸਾਂ ਵਿਚਾਲੇ ਤਣਾਅ ਦਾ ਮਾਹੌਲ ਪੈਦਾ ਹੋਣ ਤੋਂ ਬਾਅਦ ਹੁਣ ਇੱਥੇ ਦੋਵਾਂ ਦੇਸਾਂ ਵਿਚਾਲੇ ਕੋਈ ਵੀ ਖੇਡਾਂ ਨਹੀਂ ਕਰਾਈਆਂ ਜਾਂਦੀਆਂ।

ਇਸ ਤੋਂ ਇਲਾਵਾ ਪਹਿਲਾਂ ਇੱਥੇ ਨਜ਼ਦੀਕ ਪਾਕਿਸਤਾਨ ਦੇ ਆਸ-ਪਾਸ ਦੇ ਪਿੰਡਾਂ ਫਕੀਰੀਆ, ਲਾਲੂ ਗੁੱਦੜ, ਲਸੂੜੀ ਗੱਟੀ ਆਦਿ ਤੋਂ ਵੀ ਪਾਕਿਸਤਾਨੀ ਲੋਕ ਇੱਥੇ ਮੱਥਾ ਟੇਕਣ ਤੇ ਅਰਦਾਸ ਕਰਨ ਲਈ ਆਉਂਦੇ ਸਨ, ਪਰ ਹੁਣ ਪਾਕਿਸਤਾਨੀਆਂ ਨੂੰ ਇੱਥੇ ਆਉਣ ਦੀ ਇਜਾਜ਼ਤ ਨਹੀਂ ਹੈ। ਇਸ ਲਈ ਉਹ ਲੋਕ ਦੂਰ-ਦੁਰਾਡੇ ਤੋਂ ਧਾਰਮਿਕ ਸਥਾਨ 'ਤੇ ਮੱਥਾ ਟੇਕ ਕੇ ਵਾਪਸ ਪਰਤਦੇ ਹਨ। ਪਿੰਡ ਵਾਲੇ ਸ਼ਾਹ ਹਿਠਾੜ ਦੇ ਸਾਬਕਾ ਸਰਪੰਚ ਬੱਗੂ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਇੱਥੇ ਦੂਰੋਂ-ਦੂਰੋਂ ਲੋਕ ਬਾਬਾ ਜੀ ਦੀ ਸਮਾਧ 'ਤੇ ਸੁੱਖਣਾ ਸੁੱਖਣ ਆਉਂਦੇ ਹਨ ਅਤੇ ਸੁੱਖਣਾ ਪੂਰੀ ਹੋਣ 'ਤੇ ਉਨ੍ਹਾਂ ਵੱਲੋਂ ਚੜ੍ਹਾਵਾ ਵੀ ਚੜ੍ਹਾਇਆ ਜਾਂਦਾ ਹੈ। ਇਸ ਮੇਲੇ ਦੌਰਾਨ ਵੱਡੀ ਗਿਣਤੀ 'ਚ ਪਾਕਿਸਤਾਨੀ ਸਰਧਾਲੂ ਮੱਥਾ ਟੇਕਣ ਆਏ ਸਨ, ਪਰ ਨੇੜੇ ਨਾ ਜਾਣ ਦਿੱਤੇ ਜਾਣ 'ਤੇ ਵਾਪਸ ਪਰਤ ਗਏ। ਭਾਰਤ-ਪਾਕਿਸਤਾਨ ਸਰਹੱਦ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਬਾਬਾ ਜੀ ਦੀ ਸਮਾਧ 'ਤੇ ਮੱਥਾ ਟੇਕਣ ਲਈ 100-150 ਪਾਕਿਸਤਾਨੀ ਇਕੱਠੇ ਹੋਏ ਸਨ। ਇਸ ਦੌਰਾਨ ਉਸ ਦੇ ਨਾਲ ਪਾਕਿਸਤਾਨੀ ਰੇਂਜਰ ਵੀ ਮੌਜੂਦ ਸਨ।

## ਯੋਗ ਦਿਵਸ ਦੀਆਂ ਤਿਆਰੀਆਂ ਮੁਕੰਮਲ : ਅਜੈ ਸਿੰਘ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਰਾਜ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਹੈ ਕਿ ਅਧਿਕਾਰੀ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੀ ਲੜੀ ਤਹਿਤ ਮਨਾਏ ਜਾ ਰਹੇ ਅੰਤਰਰਾਸ਼ਟਰੀ ਯੋਗ ਦਿਵਸ ਤੇ ਆਮ ਲੋਕਾਂ ਨੂੰ ਯੋਗਾ ਨਾਲ ਜੁੜਨ ਲਈ ਪ੍ਰੇਰਤ ਕਰਨ। ਗ੍ਰਹਿ ਮੰਤਰੀ ਅਨਿਲ ਵਿੱਜ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਅੰਤਰਰਾਸ਼ਟਰੀ ਯੋਗ ਦਿਵਸ ਦੀਆਂ ਤਿਆਰੀਆਂ ਦੀ ਸਮੀਖਿਆ ਸਬੰਧੀ ਸੀ.ਟੀ.ਐਮ ਸਿਰਸਾ ਅਜੈ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮਨਾਇਆ ਜਾਣ ਵਾਲਾ ਅੰਤਰਰਾਸ਼ਟਰੀ ਯੋਗ ਦਿਵਸ ਸੀ ਡੀ ਐਲ ਯੂ ਦੇ ਮਲਟੀਪਰਪਜ਼ ਹਾਲ ਵਿੱਚ ਆਯੋਜਤ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਯੋਗ ਦਿਵਸ ਸਮਾਗਮ ਵਿੱਚ ਸੰਸਦ ਮੈਂਬਰ ਸੁਨੀਤਾ ਦੁੱਗਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਯੋਗ ਦਿਵਸ ਦਾ ਪ੍ਰੋਗਰਾਮ ਸਵੇਰੇ 6 ਵਜੇ ਤੋਂ 8 ਵਜੇ ਤੱਕ ਹੋਵੇਗਾ ਤੇ ਯੋਗ ਦਿਵਸ ਨਾਲ ਸਬੰਧਤ ਵਿਭਾਗਾਂ ਵੱਲੋਂ ਤਿਆਰੀਆਂ ਮੁਕੰਮਲ ਹਨ।ਉਨ੍ਹਾਂ ਕਿਹਾ ਕਿ ਆਯੂਸ਼ ਵਿਭਾਗ ਦੇ ਅਧਿਕਾਰੀਆਂ ਵੱਲੋਂ ਐਂਬੂਲੈਂਸ ਸਮੇਤ ਪੀਣ ਵਾਲੇ ਪਾਣੀ ਦਾ ਵੀ ਪੁਖਤਾ ਪ੍ਰਬੰਧ ਕੀਤਾ ਗਿਆ ਹੈ।

# ਪ੍ਰੋਫੈਸਰਾਂ ਦੀ ਭਰਤੀ ਨੂੰ ਮਨਜ਼ੂਰੀ, ਗੈਸਟ ਪ੍ਰੋਫੈਸਰਾਂ ਨਾਲ ਬੇਇਨਸਾਫੀ : ਪ੍ਰੋ. ਗੁਰਸੇਵ ਸਿੰਘ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਮੀਟਿੰਗ ਕਰਦੇ ਹੋਏ ਸਹਾਇਕ ਪ੍ਰੋਫੈਸਰ।

ਪੰਜਾਬ ਕੈਬਨਿਟ ਵੱਲੋਂ ਕਾਲਜਾਂ ਲਈ ਸਹਾਇਕ ਪ੍ਰੋਫੈਸਰਾਂ ਦੀ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ, ਜੋ ਕਿ ਪਹਿਲਾਂ ਤੋਂ ਕੰਮ ਕਰਦੇ ਗੈਸਟ ਪ੍ਰੋਫੈਸਰਾਂ ਨਾਲ ਬੇਇਨਸਾਫੀ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਨੂੰ ਲੰਮੇ ਸਮੇਂ ਤੋਂ ਗੈਸਟ ਪ੍ਰੋਫੈਸਰ ਹੀ ਚਲਾ ਰਹੇ ਹਨ। ਇਨ੍ਹਾਂ ਕੱਚੇ ਪ੍ਰੋਫੈਸਰਾਂ ਦੇ ਕਾਲਜ ਠਹਿਰ ਦੇ ਸਮੇਂ ਤੋਂ ਲੈ ਕੇ ਸਾਰੀਆਂ ਡਿਊਟੀਆਂ ਰੈਗੂਲਰ ਪ੍ਰੋਫੈਸਰਾਂ ਵਾਲੀਆਂ ਲਈਆਂ ਜਾਂਦੀਆਂ ਹਨ। 'ਇਲੀਜੀਬਲ ਸਹਾਇਕ ਪ੍ਰੋਫੈਸਰ ਗੈਸਟ ਫੈਕਲਟੀ ਐਸੋਸੀਏਸ਼ਨ ਸਰਕਾਰੀ ਕਾਲਜ ਪੰਜਾਬ' ਜਥੇਬੰਦੀ ਦੇ ਸੂਬਾ ਪ੍ਰਧਾਨ ਪ੍ਰੋ. ਗੁਰਸੇਵ ਸਿੰਘ ਨੇ ਦੱਸਿਆ ਕਿ ਆਪ ਸਰਕਾਰ ਇਸ ਨਵੀਂ ਭਰਤੀ ਨੂੰ ਹਰੀ ਝੰਡੀ ਦੇ ਕੇ ਕਾਂਗਰਸ ਸਰਕਾਰ ਵਾਲੀਆਂ ਲੀਹਾਂ 'ਤੇ ਚੱਲਣ ਦਾ ਕੰਮ ਕਰ ਰਹੀ ਹੈ, ਕਿਉਂਕਿ ਕਾਂਗਰਸ ਸਰਕਾਰ ਨੇ ਵੀ ਆਪਣੇ ਕਾਰਜਕਾਲ ਦੌਰਾਨ ਵਾਹ-ਵਾਹ ਖੱਟਣ ਲਈ ਗੈਸਟ ਫੈਕਲਟੀ ਨੂੰ ਇਕ ਪਾਸੇ ਕਰ ਕੇ 1158 ਭਰਤੀ ਕੀਤੀ ਸੀ, ਜਿਸ ਦਾ ਵੱਖੋ-ਵੱਖ ਜਥੇਬੰਦੀਆਂ ਵੱਲੋਂ ਆਪੋ-ਆਪਣੇ ਤਰੀਕੇ ਨਾਲ ਵਿਰੋਧ ਕੀਤਾ ਗਿਆ ਸੀ।

ਉਨ੍ਹਾ ਦੱਸਿਆ ਕਿ ਉਸ ਸਮੇਂ ਦੌਰਾਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਮਾਣਯੋਗ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਬਣਨ 'ਤੇ ਗੈਸਟ ਪ੍ਰੋਫੈਸਰਾਂ ਨੂੰ ਪਹਿਲ ਦੇ ਅਧਾਰ 'ਤੇ ਪੱਕਾ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ ਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਵੱਲੋਂ ਵੀ ਗੈਸਟ ਪ੍ਰੋਫੈਸਰਾਂ ਨਾਲ ਇਨਸਾਫ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਹੁਣ ਸਰਕਾਰ ਬਣਨ ਦੇ ਸਾਲ ਬਾਅਦ ਹੀ ਆਮ ਆਦਮੀ ਪਾਰਟੀ ਆਪਣੇ ਕੀਤੇ ਐਲਾਨ ਤੋਂ ਪਾਸਾ ਵੱਟ ਕੇ ਨਵੀਂ ਭਰਤੀ ਕਰਨ ਜਾ ਰਹੀ ਹੈ, ਜੋ ਕਿ ਕੱਚੇ ਪ੍ਰੋਫੈਸਰਾਂ ਨਾਲ ਸਰਾਸਰ ਬੇਇਨਸਾਫੀ ਹੈ। ਜਥੇਬੰਦੀ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਸਾਇਡ ਲਾਈਨ ਕਰਕੇ ਨਵੀਂ ਭਰਤੀ ਕਰਨ ਨਾਲ ਉਨ੍ਹਾਂ ਨੂੰ ਮੁੜ ਸੜਕਾਂ 'ਤੇ ਉਤਰਨ ਲਈ ਮਜਬੂਰ ਕਰ ਰਹੀ ਹੈ। ਜਥੇਬੰਦੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਕੋਈ ਵੀ ਨਵੀਂ ਭਰਤੀ ਕਰਨ ਤੋਂ ਪਹਿਲਾਂ ਇਨ੍ਹਾਂ ਕੱਚੇ ਪ੍ਰੋਫੈਸਰਾਂ ਨੂੰ ਯੋਗਤਾ ਦੇ ਅਧਾਰ 'ਤੇ ਵਿਭਾਗ ਅਧੀਨ ਲਿਆ ਕੇ ਪੱਕਾ ਕੀਤਾ ਜਾਵੇ ਤਾਂ ਜੋ ਇਨ੍ਹਾਂ ਤੇ ਇਨ੍ਹਾਂ ਦੇ ਪਰਿਵਾਰਾਂ ਨੂੰ ਬਣਦਾ ਹੱਕ ਮਿਲ ਸਕੇ ਤੇ ਨਾਲ ਹੀ ਪੰਜਾਬ ਸਰਕਾਰ ਦੇ ਨਵੀਂ ਭਰਤੀ ਦੇ ਫੈਸਲੇ ਦੀ ਕਰੜੀ ਵਿਰੋਧਤਾ ਵੀ ਕੀਤੀ ਗਈ।

## ਕਾਤਰਾਂ

### 26 ਤੱਕ ਮਨਾਇਆ ਜਾ ਰਿਹਾ ਯੋਗ ਹਫ਼ਤਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਲਗਾਤਾਰ ਉਪਰਾਲੇ ਕਰ ਰਹੀ, ਜਿਸ ਦੇ ਤਹਿਤ ਡਾ. ਰੰਜੂ ਸਿੰਗਲਾ ਸਿਵਲ ਸਰਜਨ ਦੀ ਯੋਗ ਅਗਵਾਈ ਵਿੱਚ ਸਿਹਤ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਸਬੰਧ ਵਿੱਚ 20 ਜੂਨ ਤੋਂ 26 ਜੂਨ ਤੱਕ ਯੋਗ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਜ਼ਿਲ੍ਹਾ ਪੱਧਰੀ ਸਮਾਗਮ 21 ਜੂਨ ਨੂੰ ਸਵੇਰੇ 8 ਵਜੇ ਸਿਵਲ ਹਸਪਤਾਲ ਵਿਖੇ ਕੀਤਾ ਜਾਵੇਗਾ, ਜਿਸ ਵਿੱਚ ਸਿਵਲ ਹਸਪਤਾਲ ਅਤੇ ਸਿਵਲ ਸਰਜਨ ਦਫ਼ਤਰ ਦੇ ਸਟਾਫ਼ ਵੱਲੋਂ ਭਾਗ ਲਿਆ ਜਾਵੇਗਾ ਤੇ ਜ਼ਿਲ੍ਹਿਆਂ ਸਾਰੀਆਂ ਸਿਹਤ ਸੰਸਥਾਵਾਂ ਦੇ ਸਟਾਫ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਸਬੰਧੀ ਇਸ ਹਫ਼ਤੇ ਦੌਰਾਨ ਗਤੀਵਿਧੀਆਂ ਕੀਤੀਆਂ ਜਾਣਗੀਆਂ ਤਾਂ ਜੁ ਘਰ-ਘਰ ਤੱਕ ਯੋਗ ਨੂੰ ਪੁਚਾਇਆ ਜਾ ਸਕੇ।

### ਛਬੀਲ ਲਗਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਮਾਜ ਸੇਵੀ ਸੰਸਥਾ ਸੇਵਾ ਭਾਰਤੀ ਰਾਮਪੁਰਾ ਫੂਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰਸਿੱਧ ਬੀਬੀ ਪਾਰੋ ਮੇਲੇ ਨੂੰ ਮੁੱਖ ਰੱਖਦਿਆਂ 3 ਦਿਨ ਠੰਢੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ ਸੇਵਾ ਭਾਰਤੀ ਦੇ ਸਰਪ੍ਰਸਤ ਲਛਮਣ ਦਾਸ ਗੋਇਲ, ਚੇਅਰਮੈਨ ਰਕੇਸ਼ ਸਿੰਗਲਾ, ਪ੍ਰਧਾਨ ਰਮੇਸ਼ ਕੁਮਾਰ ਗੋਇਲ, ਪਵਨ ਮਹਿਤਾ, ਪ੍ਰੀਤਮ ਸਿੰਘ, ਤਰਸੇਮ ਲੱਲੀ, ਬੋਨੀ, ਬਬਲੂ, ਲੱਕੀ ਹਾਜ਼ਰ ਸਨ। ਮੰਦਰ ਕਮੇਟੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

### ਕੁਲਵੰਤ ਸਿੰਘ ਮਲੂਕਾ ਨੂੰ ਸਦਮਾ, ਭੈਣ ਦਾ ਦੇਹਾਂਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਭੈਣ ਅਵਤਾਰ ਕੌਰ (ਰਾਣੀ) (ਸਪੁੱਤਰੀ ਸਵਰਗਵਾਸੀ ਗੁਰਦੇਵ ਸਿੰਘ ਕਲੇਰ ਤੇ ਬਲਜਿੰਦਰ ਕੌਰ ਕਲੇਰ) ਕੁਝ ਕੁ ਦਿਨ ਹਸਪਤਾਲ ਵਿੱਚ ਦਾਖਲ ਹੋਣ ਮਗਰੋਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਦੁੱਖ ਦੀ ਘੜੀ ਵਿੱਚ ਸਮੂਹ ਕਲੇਰ ਪਰਿਵਾਰ ਨਾਲ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਸਰਪੰਚ ਇੰਦਰਜੀਤ ਸਿੰਘ ਜੱਗਾ, ਕਾਕਾ ਖਾਨਦਾਨ, ਬਬਲੇਸ਼ ਕੁਮਾਰ, ਬੌਬੀ ਸਿੰਗਲਾ, ਜੈ ਪਾਲ ਡੋਡ, ਰੂਪ ਲਾਲ ਕੋਲਡ ਸਟੋਰ ਵਾਲੇ ਸਮੇਤ ਇਲਾਕੇ ਦੇ ਸਮੂਹ ਰਾਜਸੀ, ਧਾਰਮਿਕ ਆਗੂਆਂ ਅਤੇ ਪੰਚਾਂ ਤੇ ਸਰਪੰਚਾਂ ਵੱਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

### ਨੈਸ਼ਨਲ ਐਕੁਆਟਿਕ ਚੈਂਪੀਅਨਸ਼ਿਪ ਲਈ ਪੁਰਸ਼ ਖਿਡਾਰੀਆਂ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-21 ਤੋਂ 25 ਜੂਨ ਤੱਕ ਬੰਗਲੌਰ (ਕਰਨਾਟਕ) ਵਿੱਚ ਹੋਣ ਜਾ ਰਹੀ 76ਵੀਂ ਸੀਨੀਅਰ ਨੈਸ਼ਨਲ ਐਕੁਆਟਿਕ ਚੈਂਪੀਅਨਸ਼ਿਪ-2023 (ਡਾਈਵਿੰਗ ਤੇ ਵਾਟਰ-ਪੋਲੋ) ਲਈ ਪੰਜਾਬ ਦੇ ਪੁਰਸ਼ ਖਿਡਾਰੀਆਂ ਦੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਤੈਰਾਕੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਰਾਜ ਸ਼ਰਮਾ ਨੇ ਦੱਸਿਆ ਕਿ ਸਵੀਮਿੰਗ ਫੈਡਰੇਸ਼ਨ ਆਫ਼ ਇੰਡੀਆ ਦੀ ਸਰਪ੍ਰਸਤੀ ਹੇਠ ਕਰਨਾਟਕ ਤੈਰਾਕੀ ਸੰਘ ਵੱਲੋਂ ਕਰਵਾਈ ਜਾ ਰਹੀ ਸੀਨੀਅਰ ਵਾਟਰ-ਪੋਲੋ ਟੀਮ ਦੀ ਚੋਣ ਲਈ ਪੰਜਾਬ ਤੈਰਾਕੀ ਐਸੋਸੀਏਸ਼ਨ ਵੱਲੋਂ ਵਾਟਰ-ਪੋਲੋ ਖਿਡਾਰੀਆਂ ਦਾ ਦੋ ਹਫ਼ਤਿਆਂ ਦਾ ਕੋਚਿੰਗ ਕੈਂਪ ਲੁਧਿਆਣਾ ਦੇ ਪੀ.ਏ.ਯੂ. ਸਵੀਮਿੰਗ ਪੂਲ ਵਿੱਚ ਲਾਇਆ ਗਿਆ ਸੀ। ਕੈਂਪ ਦੌਰਾਨ ਪੰਜਾਬ ਦੀ ਪ੍ਰਤੀਨਿਧਤਾ ਕਰਨ ਵਾਲੀ ਟੀਮ ਦੀ ਚੋਣ ਕੀਤੀ ਗਈ, ਜਿਸ ਵਿਚ ਸਰਤਾਜ ਸਿੰਘ, ਮਹਾਂਬੀਰ ਸਿੰਘ, ਮੰਤੇਜ ਸਿੰਘ ਤੇ ਗੁਰਨੀਤ ਸਿੰਘ ਅੰਮ੍ਰਿਤਸਰ, ਰਮਨਦੀਪ ਸਿੰਘ ਤੇ ਵਿਸ਼ੂ ਕੁਮਾਰ ਫ਼ਰੀਦਕੋਟ, ਚੈਤੰਨਿਆ ਧਾਲੀਵਾਲ, ਕਮਲਪ੍ਰੀਤ ਸ਼ਰਮਾ, ਵਿਸ਼ਾਲ, ਵਿਧਾਂਸ਼ੂ ਤੇ ਕਰਨਵੀਰ ਸਿੰਘ ਜਲੰਧਰ, ਦੇਵ ਸ਼ਰਮਾ ਪਟਿਆਲਾ ਤੇ ਗੁਰਵਿੰਦਰ ਸਿੰਘ ਸੰਗਰੂਰ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂਕਿ ਉਮੇਸ਼ ਸ਼ਰਮਾ ਖੇਡ ਅਫ਼ਸਰ, ਤੈਰਾਕੀ ਜਲੰਧਰ ਟੀਮ ਨੂੰ ਕੁਆਰਡੀਨੇਟ ਕਰਨਗੇ। ਬਲਰਾਜ ਸ਼ਰਮਾ ਨੇ ਦੱਸਿਆ ਕਿ ਚੁਣੀ ਗਈ ਟੀਮ ਨੂੰ 1982 ਦੀਆਂ ਏਸ਼ੀਅਨ ਖੇਡਾਂ ਦੇ ਕਾਂਸੀ ਤਮਗਾ ਜੇਤੂ ਦੀ ਦੇਖ-ਰੇਖ ਤੇ ਅਗਵਾਈ ਵਿੱਚ ਮੇਜਰ ਧਿਆਨ ਚੰਦ ਐਵਾਰਡੀ ਸੁਸ਼ੀਲ ਕੋਹਲੀ ਵੱਲੋਂ ਖੇਡ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ।

# ਕਿਸਾਨ ਜਥੇਬੰਦੀਆਂ ਨੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਲਾ ਕੇ ਦਿੱਤੇ ਮੰਗ ਪੱਤਰ



**ਸਮਰਾਲਾ (ਸੁਰਜੀਤ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਲਗਾ ਕੇ ਮੰਗ ਪੱਤਰ ਦਿੱਤੇ ਗਏ। ਇਸ ਲੜੀ ਤਹਿਤ ਸਮਰਾਲਾ ਵਿਖੇ ਸੰਤੋਖ ਸਿੰਘ ਨਾਗਰਾ ਪ੍ਰਧਾਨ ਜ਼ਿਲ੍ਹਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਨੂੰ ਵੀ ਇੱਕ ਮੰਗ ਪੱਤਰ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਰਾਹੀਂ ਦਿੱਤਾ ਗਿਆ। ਇਸ ਮੰਗ ਪੱਤਰ ਵਿੱਚ ਮੁੱਖ ਮੰਗਾਂ ਜਿਵੇਂ ਕਿ ਭਾਰਤ ਮਾਲਾ ਪ੍ਰੋਜੈਕਟ ਅਧੀਨ ਬਣ ਰਹੇ ਨੈਸ਼ਨਲ ਹਾਈਵੇਅ ਲਈ ਐਕੁਵਾਇਰ ਕੀਤੀਆਂ ਜ਼ਮੀਨਾਂ ਦਾ ਰੇਟ ਇੱਕਸਾਰ ਕਰਨ ਤੇ ਪੰਜਾਬ ਭਰ ਵਿੱਚ ਕਿਸਾਨਾਂ ਨੂੰ ਪੈਸੇ ਦਿੱਤੇ ਬਗੈਰ ਧੱਕੇ ਨਾਲ ਕਬਜ਼ੇ ਨਾ ਕਰਨ ਦੀ ਮੰਨੀ ਹੋਈ ਮੰਗ ਪੰਜਾਬ ਸਰਕਾਰ ਤੇ ਨੈਸ਼ਨਲ ਹਾਈਵੇ ਅਥਾਰਿਟੀ ਲਾਗੂ ਕਰੇ ਤੇ ਵਾਅਦਾ ਖਿਲਾਫੀ ਕਰਕੇ ਗੁਰਦਾਸਪੁਰ ਆਦਿ ਜ਼ਿਲ੍ਹਿਆਂ ਵਿੱਚ ਵਧੇ ਰੇਟਾਂ ਦੇ ਹਿਸਾਬ ਨਾਲ ਪੈਸੇ ਦਿੱਤੇ ਬਿਨਾਂ ਜ਼ਮੀਨਾਂ 'ਤੇ ਕਬਜ਼ੇ ਲੈਣ ਦੀ ਕਾਰਵਾਈ ਬੰਦ ਕਰੇ। ਪੰਜਾਬ ਭਰ ਵਿੱਚ ਅਬਾਦਕਾਰਾਂ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਬੰਜਰ ਪੁੱਟ ਕੇ ਅਬਾਦ ਕੀਤੀਆਂ ਜ਼ਮੀਨਾਂ ਦੇ ਪੱਕੇ ਮਾਲਕੀ ਹੱਕ ਵਿਧਾਨ ਸਭਾ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਕਾਨੂੰਨ ਬਣਾ ਕੇ ਮੰਨੀ ਹੋਈ ਮੰਗ ਮੁਤਾਬਿਕ ਕਾਸ਼ਤਕਾਰਾਂ ਨੂੰ ਦਿੱਤੇ ਜਾਣ ਤੇ ਅਬਾਦਕਾਰਾਂ ਦਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਉਜਾੜਾ ਬੰਦ ਕੀਤਾ ਜਾਵੇ। ਪੰਜਾਬ ਦੀ ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕੀਤਾ ਜਾਵੇ ਤੇ ਨਵੇਂ ਸੂਏ, ਰਜਬਾਹੇ, ਖਾਲ ਕੱਢੇ ਜਾਣ ਤੇ ਜ਼ਮੀਨਦੋਜ ਪਾਈਪਾਂ ਪਾਈਆਂ ਜਾਣ। ਪ੍ਰੀਪੇਡ ਸਮਾਰਟ ਮੀਟਰਾਂ ਦਾ ਫੈਸਲਾ ਰੱਦ ਕਰਨ ਸਮੇਤ ਸਾਰੀਆਂ ਬਿਜਲੀ ਮੰਗਾਂ ਮੰਨੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਮੁਸ਼ਕਾਬਾਦ ਬਲਾਕ ਪ੍ਰਧਾਨ ਸਮਰਾਲਾ, ਦਲਜੀਤ ਸਿੰਘ ਸਿੱਧੂ ਖੀਰਨੀਆਂ ਸੀਨੀਅਰ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਨੋਕਵਾਲ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਜੁਆਇੰਟ ਸੈਕਟਰੀ, ਮੇਜਰ ਸਿੰਘ ਭਰਥਲਾ ਵਾਈਸ ਪ੍ਰਧਾਨ, ਹਰਪ੍ਰੀਤ ਸਿੰਘ ਹਰਿਉ ਖੁਰਦ, ਜਸਵਿੰਦਰ ਸਿੰਘ ਬੌਂਦਲੀ, ਅਵਤਾਰ ਸਿੰਘ ਬੌਂਦਲੀ, ਹਰਦੇਵ ਸਿੰਘ ਖੀਰਨੀਆਂ ਆਦਿ ਹਾਜ਼ਰ ਸਨ।

## ਫ਼ੋਨ ਬਰਾਮਦਗੀ ਮਾਮਲੇ 'ਚ ਕੈਦੀ ਨੂੰ ਸਜ਼ਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਰਕਾਰਾਂ ਦੇ ਦਾਅਵਿਆਂ ਦੇ ਬਾਵਜੂਦ ਜੇਲ੍ਹ ਅੰਦਰ ਬੰਦ ਕੈਦੀਆਂ ਵੱਲੋਂ ਫ਼ੋਨ ਦੀ ਵਰਤੋਂ ਕਰਨ ਦੇ ਇੱਕ ਮਾਮਲੇ ਵਿੱਚ ਅਦਾਲਤ ਨੇ ਇੱਕ ਕੈਦੀ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਨਾਮਜ਼ਦ ਰਾਜਬੀਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਹਰੀਕੇ ਜ਼ਿਲ੍ਹਾ ਤਰਨ ਤਾਰਨ ਇੱਕ ਕਤਲ ਦੇ ਮਾਮਲੇ ਵਿੱਚ ਸਜ਼ਾ ਕੱਟ ਰਿਹਾ ਸੀ ਕਿ 9 ਜੁਲਾਈ 2021 ਨੂੰ ਜੇਲ੍ਹ ਅਧਿਕਾਰੀਆਂ ਵੱਲੋਂ ਸਰਚ ਅਭਿਆਨ ਤਹਿਤ ਤਲਾਸ਼ੀ ਦੌਰਾਨ ਕੈਦੀ ਰਾਜਬੀਰ ਸਿੰਘ ਦੇ ਕਬਜ਼ੇ ਵਿੱਚੋਂ ਫ਼ੋਨ ਤੇ ਸਿੰਮ ਆਦਿ ਬਰਾਮਦ ਹੋਈ।

ਇਸ ਬਾਬਤ ਚੱਲੇ ਮਾਮਲੇ ਵਿੱਚ ਭੁਗਤੀਆਂ ਗਵਾਹੀਆਂ ਨੂੰ ਪੁਖ਼ਤਾ ਮੰਨਦੇ ਹੋਏ ਅਦਾਲਤ ਨੇ ਕੈਦੀ ਰਾਜਬੀਰ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਨਿਆਇਕ ਹਿਰਾਸਤ ਦੌਰਾਨ ਕੱਟੇ ਦਿਨਾਂ ਨੂੰ ਸਜ਼ਾ ਵਜੋਂ ਗਿਣਨ ਦਾ ਹੁਕਮ ਦਿੱਤਾ।

# ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਕਾਰਨ ਪੜ੍ਹਾਈ ਹੋ ਰਹੀ ਪ੍ਰਭਾਵਤ : ਡੀ ਟੀ ਐੱਫ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਪ੍ਰੈੱਸ ਸਕੱਤਰ ਗੁਰਮੀਤ ਸਿੰਘ ਕੋਟਲੀ ਅਤੇ ਵਿੱਤ ਸਕੱਤਰ ਜਸਵਿੰਦਰ ਸਿੰਘ ਨੇ ਕਿਹਾ ਕਿ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਖਾਲੀ ਅਸਾਮੀਆਂ ਪੁਰ ਕਰਨ ਨਾਲ ਹੀ ਸਿੱਖਿਆ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਸਿੱਖਿਆ ਤੋਂ ਹੀ ਬੱਚਿਆਂ ਦੀ ਮੁਢਲੀ ਪੜ੍ਹਾਈ ਦਾ ਮੁੱਢ ਬੱਝਦਾ ਹੈ। 1947 ਤੋਂ ਲੈ ਕੇ ਹੁਣ ਤੱਕ ਸੂਬੇ ਅੰਦਰ ਬਣਨ ਵਾਲੀਆਂ ਰੰਗ-ਬਰੰਗੀਆਂ ਸਰਕਾਰਾਂ ਵੱਲੋਂ ਸਿੱਖਿਆ ਵਿੱਚ ਸੁਧਾਰ ਕਰਨ ਦੇ ਅਨੇਕਾਂ ਦਮਗਜੇ ਮਾਰੇ ਗਏ, ਪਰ ਅਸਲੀਅਤ ਵਿੱਚ ਕਿਸੇ ਨੇ ਵੀ ਨਾ ਤਾਂ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕ ਪੂਰੇ ਕੀਤੇ ਅਤੇ ਨਾ ਹੀ ਇਨ੍ਹਾਂ ਸਕੂਲਾਂ ਨੂੰ ਚਲਾਉਣ ਵਾਲੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀਆਂ ਅਸਾਮੀਆਂ ਪੂਰੀਆਂ ਕਰਨ ਨੂੰ ਤਰਜੀਹ ਦਿੱਤੀ, ਜਿਸ ਕਾਰਨ ਆਏ ਦਿਨ ਸਿੱਖਿਆ ਵਿੱਚ ਸੁਧਾਰ ਹੋਣ ਦੀ ਬਜਾਏ ਵਿਗਾੜ ਹੀ ਪੈਦਾ ਹੋ ਰਿਹਾ ਹੈ। ਅਧਿਆਪਕ ਆਗੂਆਂ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਦੇ 228 ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਅਸਾਮੀਆਂ ਵਿੱਚੋਂ 111 ਅਸਾਮੀਆਂ ਖਾਲੀ ਪਈਆਂ ਹਨ। ਜ਼ਿਲ੍ਹੇ ਵਾਰ ਖਾਲੀ ਅਸਾਮੀਆਂ ਦਾ ਬਿਓਰਾ ਦਿੰਦੇ ਸੂਬਾਈ ਅਧਿਆਪਕ ਆਗੂਆਂ ਨੇ ਦੱਸਿਆ ਕਿ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਸਿੱਖਿਆ ਮੰਤਰੀ ਪੰਜਾਬ ਦੇ ਜ਼ਿਲ੍ਹੇ ਰੂਪਨਗਰ ਵਿੱਚ 10 ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਵਿੱਚੋਂ 10 ਹੀ ਖਾਲੀ ਹਨ। ਜ਼ਿਲ੍ਹਾ ਜਲੰਧਰ ਵਿੱਚ 17 ਵਿੱਚੋਂ 5, ਸ਼ਹੀਦ ਭਗਤ ਸਿੰਘ ਨਗਰ ਵਿੱਚ 7 ਵਿੱਚੋਂ 6, ਹੁਸ਼ਿਆਰਪੁਰ ਵਿੱਚ 21 ਵਿੱਚੋਂ 18, ਅੰਮ੍ਰਿਤਸਰ ਵਿੱਚ 15 ਵਿੱਚੋਂ 14, ਲੁਧਿਆਣਾ ਵਿੱਚ 19 ਵਿੱਚੋਂ 14, ਕਪੂਰਥਲਾ ਵਿੱਚ 9 ਵਿੱਚੋਂ 6, ਮੋਹਾਲੀ ਵਿੱਚ 8 ਵਿੱਚੋਂ 2, ਮਾਨਸਾ ਵਿੱਚ 5 ਵਿੱਚੋਂ 4, ਤਰਨਤਾਰਨ ਵਿੱਚ 9 ਵਿੱਚੋਂ 3, ਪਟਿਆਲਾ ਵਿੱਚ 16 ਵਿੱਚੋਂ 2, ਪਠਾਨਕੋਟ ਵਿੱਚ 7 ਵਿੱਚੋਂ 3, ਫ਼ਾਜ਼ਿਲਕਾ ਵਿੱਚ 8 ਵਿੱਚੋਂ 1, ਮੁਕਤਸਰ ਸਾਹਿਬ ਵਿੱਚ 6 ਵਿੱਚੋਂ 3, ਬਠਿੰਡਾ ਵਿੱਚ 7 ਵਿੱਚੋਂ 5, ਫ਼ਰੀਦਕੋਟ ਵਿੱਚ 5 ਵਿੱਚੋਂ 1, ਸੰਗਰੂਰ ਵਿੱਚ 9 ਵਿੱਚੋਂ 2, ਮਲੇਰਕੋਟਲਾ ਵਿੱਚ 3 ਵਿੱਚੋਂ 1 ਅਤੇ ਗੁਰਦਾਸਪੁਰ ਵਿੱਚ 19 ਵਿੱਚੋਂ 8 ਬੀ.ਪੀ.ਈ.ਓਜ਼ ਦੀਆਂ ਅਸਾਮੀਆਂ ਖਾਲੀ ਹਨ। ਤਲਵੰਡੀ ਸਾਬੋ ਬਲਾਕ ਦੇ ਪ੍ਰਧਾਨ ਭੋਲਾ ਰਾਮ ਤੇ ਸਕੱਤਰ ਗੁਰਜਿੰਦਰ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੀ.ਪੀ.ਈ.ਓਜ਼. ਦੀਆਂ 75 ਫ਼ੀਸਦੀ ਤਰੱਕੀ ਕੋਟੇ ਅਨੁਸਾਰ ਤੇ 25 ਫ਼ੀਸਦੀ ਅਸਾਮੀਆਂ ਸਿੱਧੀ ਭਰਤੀ ਰਾਹੀਂ ਕਰਕੇ ਜਲਦ ਤੋਂ ਜਲਦ ਖਾਲੀ ਅਸਾਮੀਆਂ ਪੁਰ ਕੀਤੀਆਂ ਜਾਣ, ਤਾਂ ਜੁ ਪ੍ਰਾਇਮਰੀ ਸਿੱਖਿਆ ਵਿੱਚ ਕੁਝ ਸੁਧਾਰ ਹੋ ਸਕੇ। ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਬੱਚੇ ਖੇਡਾਂ ਅਤੇ ਪੜ੍ਹਾਈ ਵਿੱਚ ਵਧੀਆ ਮੱਲਾਂ ਮਾਰ ਸਕਣ।

# ਸਰਕਾਰ ਨੂੰ ਸਿੱਖਾਂ ਦੇ ਧਾਰਮਕ ਮਸਲਿਆਂ 'ਚ ਦਖ਼ਲਅੰਦਾਜ਼ੀ ਦੀ ਇਜਾਜ਼ਤ ਨਹੀਂ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਾਡੀ ਪਾਰਟੀ ਤੇ ਸਿੱਖ ਕੌਮ ਨੂੰ ਇਹ ਭਲੀਭਾਂਤ ਜਾਣਕਾਰੀ ਹੈ ਕਿ ਐਸ.ਜੀ.ਪੀ.ਸੀ. ਉਤੇ ਬਿਨਾਂ ਚੋਣਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਕਾਬਜ਼ ਹੋਏ ਬਾਦਲ ਦਲੀਏ ਐਸ.ਜੀ.ਪੀ.ਸੀ ਦੀ ਕੌਮੀ ਧਾਰਮਿਕ ਸੰਸਥਾ ਦੀ ਸ਼ਕਤੀ, ਇਸਦੇ ਸਾਧਨਾਂ, ਖ਼ਜ਼ਾਨੇ ਤੇ ਅਮਲੇ-ਫੈਲੇ ਦੀ ਲੰਮੇ ਸਮੇਂ ਤੋਂ ਆਪਣੇ ਨਿੱਜੀ, ਮਾਲੀ, ਸਿਆਸੀ ਫ਼ਾਇਦਿਆਂ ਲਈ ਨਿਰੰਤਰ ਦੁਰਵਰਤੋਂ ਕਰਦੇ ਆ ਰਹੇ ਹਨ, ਜਦੋਂਕਿ ਐਸ.ਜੀ.ਪੀ.ਸੀ ਦੀ ਜ਼ਿੰਮੇਵਾਰੀ ਧਰਮ ਦਾ ਪ੍ਰਚਾਰ, ਪ੍ਰਸਾਰ ਤੇ ਕੌਮੀ ਮਰਿਆਦਾਵਾਂ, ਨਿਯਮਾਂ ਦਾ ਪਾਲਣ ਕਰਦੇ ਹੋਏ ਇਹ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਗੁਰੂਘਰਾਂ ਦਾ ਪਾਰਦਰਸ਼ੀ ਢੰਗ ਨਾਲ ਪ੍ਰਬੰਧ ਕਰਨਾ ਹੈ, ਪਰ ਇਹ ਬਿਲਕੁਲ ਗ਼ਲਤ ਵਰਤਾਰਾ ਹੋ ਰਿਹਾ ਹੈ, ਇਥੋਂ ਤੱਕ ਜੋ ਗੁਰੂ ਸਾਹਿਬਾਨ ਦੀ ਬਾਣੀ ਹੈ, ਉਸ ਨੂੰ ਇਨ੍ਹਾਂ ਨੇ ਵਪਾਰ ਦੀ ਤਰ੍ਹਾਂ ਬਣਾ ਕੇ ਆਪਣੇ ਪੀ.ਟੀ.ਸੀ ਦੇ ਨਿੱਜੀ ਚੈਨਲ ਨੂੰ ਦਿੱਤਾ ਹੋਇਆ ਹੈ। ਜਿਸ ਉਤੇ ਇਹ ਆਪਣੀਆਂ ਸਿਆਸੀ ਤੇ ਹੋਰ ਕਾਰੋਬਾਰੀ ਇਸ਼ਤਿਹਾਰਬਾਜ਼ੀ ਵੀ ਕਰਦੇ ਹਨ। ਜਦੋਂਕਿ ਗੁਰਬਾਣੀ ਇੱਕ ਬਹੁਤ ਵੱਡਾ ਸਿੱਖਾਂ ਦੀ ਅਗਵਾਈ ਕਰਨ ਵਾਲੀ ਸੋਚ ਤੇ ਅਮਲਾਂ ਨੂੰ ਅੱਗੇ ਲਿਜਾਂਦੀ ਹੈ, ਜਿਸਦੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀ ਨਿਭਾਈ ਜਾ ਰਹੀ। ਇਸ ਲਈ ਐਸ.ਜੀ.ਪੀ.ਸੀ ਦੀ ਕੌਮੀ ਸੰਸਥਾ ਦਾ ਆਪਣਾ ਗੁਰਬਾਣੀ ਪ੍ਰਸਾਰਨ ਲਈ ਚੈਨਲ ਹੋਣਾ ਚਾਹੀਦਾ ਹੈ, ਜਿਸ ਉਤੇ ਕਿਸੇ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਜਾਂ ਵਪਾਰਕ ਗੱਲ ਨਹੀਂ ਹੋਵੇਗੀ, ਜੋ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੇ ਸੰਬੰਧ ਵਿੱਚ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਵਿਰੁੱਧ ਤੇ ਸਿੱਖੀ ਨਿਯਮਾਂ, ਅਸੂਲਾਂ ਦਾ ਉਲੰਘਣ ਕਰਦੇ ਹੋਏ ਸਿੱਖ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਕਰਦੇ ਹੋਏ ਇਕ ਨਵਾਂ ਕਾਨੂੰਨ ਐਸ.ਜੀ.ਪੀ.ਸੀ ਸੰਬੰਧੀ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ, ਇਸ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸਿੱਖ ਕੌਮ ਆਪਣੇ ਸਿੱਖ ਧਰਮ ਵਿੱਚ ਇਕ ਜਬਰੀ ਦਖ਼ਲਅੰਦਾਜ਼ੀ ਸਮਝਦਾ ਹੈ, ਜਿਸ ਨੂੰ ਅਸੀਂ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਾਂਗੇ ਤੇ ਨਾ ਹੀ ਪੰਜਾਬ ਸਰਕਾਰ ਜਾਂ ਹੋਰ ਕਿਸੇ ਸਰਕਾਰ ਨੂੰ ਆਪਣੀ ਸਿੱਖੀ ਮਸਲਿਆਂ ਵਿੱਚ ਦਖਲ ਦੇਣ ਦੀ ਪ੍ਰਵਾਨਗੀ ਦੇਵਾਂਗੇ, ਕਿਉਂਕਿ ਸਿੱਖ ਕੌਮ ਆਪਣੇ ਜਨਮ ਤੋਂ ਇੱਕ ਆਜ਼ਾਦ ਸੋਚ ਉਤੇ ਵਿਚਰਣ ਵਾਲੀ ਕੌਮ ਹੈ।'

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਗੁਰਬਾਣੀ ਦੇ ਪ੍ਰਚਾਰ ਲਈ ਆਪਣੇ ਤੌਰ 'ਤੇ ਇਕ ਨਵਾਂ ਕਾਨੂੰਨ ਬਣਾਉਣ ਦੀ ਗੱਲ ਨੂੰ ਸਿੱਖ ਧਰਮ ਵਿਚ ਸਿੱਧੀ ਦਖ਼ਲਅੰਦਾਜ਼ੀ ਕਰਾਰ ਦਿੰਦੇ ਹੋਏ ਤੇ ਇਸ ਅਮਲ ਨੂੰ ਸਿੱਖ ਕੌਮ ਵੱਲੋਂ ਕਦਾਚਿਤ ਪ੍ਰਵਾਨ ਨਾ ਕਰਨ ਦੀ ਗੱਲ ਕਰਦੇ ਹੋਏ ਮੁੱਢੋਂ ਹੀ ਸਰਕਾਰ ਦੀ ਨੀਤੀ ਨੂੰ ਰੱਦ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਮੁਫ਼ਾਦਾਂ ਲਈ ਸਿੱਖ ਕੌਮ ਦੇ ਅੰਦਰੂਨੀ ਧਾਰਮਿਕ ਮਸਲਿਆਂ ਵਿਚ ਕਿਸੇ ਤਰ੍ਹਾਂ ਦੀ ਦਖ਼ਲ ਅੰਦਾਜੀ ਕਰਨ ਦੀ ਗੁਸਤਾਖੀ ਨਾ ਕਰਕੇ, ਆਪਣੀਆਂ ਉਹ ਜ਼ਿੰਮੇਵਾਰੀਆਂ ਪੂਰਨ ਕਰੇ, ਜਿਸ ਲਈ ਪੰਜਾਬ ਦੇ ਨਿਵਾਸੀ ਲੰਮੇ ਸਮੇਂ ਤੋਂ ਵੱਡੀਆਂ ਮੁਸ਼ਕਲਾਂ, ਤੰਗੀਆਂ, ਦੁੱਖ ਤਕਲੀਫ਼ਾਂ ਦਾ ਟਾਕਰਾ ਕਰਦੇ ਆ ਰਹੇ ਹਨ।

# ਧਨੂੰਰ ਦੇ ਕ੍ਰਿਕਟ ਕੱਪ 'ਤੇ ਲੁਧਿਆਣਾ ਟੀਮ ਦਾ ਕਬਜ਼ਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਪਿੰਡ ਧਨੂੰਰ ਵੱਲੋਂ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਤਿੰਨ ਦਿਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਆਪਣੇ ਸਾਥੀਆਂ ਬਲਾਕ ਸੰਮਤੀ ਮੈਂਬਰ ਹਰਜੋਤ ਸਿੰਘ ਮਾਂਗਟ, ਪਰਮਜੀਤ ਸਿੰਘ ਝੱਜ, ਹਰਦੀਪ ਸਿੰਘ ਝੱਜ ਤੇ ਦਲਵੀਰ ਸਿੰਘ ਸਮੇਤ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਸਰਪੰਚ ਗੁਰਦੇਵ ਸਿੰਘ ਤੇ ਪਿੰਡ ਵਾਸੀਆਂ ਨੂੰ ਟੂਰਨਾਮੈਂਟ ਦੀ ਵਧਾਈ ਦਿੰਦੇ ਹੋਏ ਖੁਸ਼ੀ ਪ੍ਰਗਟ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਅਜਿਹੇ ਟੂਰਨਾਮੈਂਟ ਬਹੁਤ ਜ਼ਰੂਰੀ ਹਨ। ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕ੍ਰਿਕਟ ਟੂਰਨਾਮੈਂਟ ਵਿੱਚ ਫਾਈਨਲ ਮੈਚ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਧਨੂੰਰ ਤੇ ਵਾਰਡ ਨੰਬਰ 7 ਲੁਧਿਆਣਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਧਨੂੰਰ ਦੀ ਟੀਮ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਦਿਆਂ 85 ਦੌੜਾਂ ਬਣਾਈਆਂ, ਜਿਨ੍ਹਾਂ ਦਾ ਪਿੱਛਾ ਕਰਦਿਆਂ ਲੁਧਿਆਣਾ ਦੀ ਟੀਮ ਨੇ 86 ਦੌੜਾਂ ਅਸਾਨੀ ਨਾਲ ਪੂਰੀਆਂ ਕਰ ਕ੍ਰਿਕਟ ਕੱਪ 'ਤੇ ਕਬਜ਼ਾ ਕਰ 31000/- ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਦੂਜੇ ਸਥਾਨ 'ਤੇ ਰਹੀ ਧਨੂੰਰ ਦੀ ਟੀਮ ਨੂੰ 21000/- ਰੁਪਏ ਤੇ ਟਰਾਫ਼ੀ ਨਾਲ ਸਨਮਾਨਤ ਕੀਤਾ ਗਿਆ। ਟੂਰਨਾਮੈਂਟ ਦੇ ਦੋ ਸਰਵੋਤਮ ਖਿਡਾਰੀਆਂ ਤਲਵਿੰਦਰ ਸਿੰਘ ਤੇ ਇੰਦਰ ਲੁਧਿਆਣਾ ਨੂੰ 11000/- ਰੁਪਏ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਰਵੋਤਮ ਬੱਲੇਬਾਜ਼ ਗੌਰਵ ਲੁਧਿਆਣਾ ਤੇ ਸਰਵੋਤਮ ਗੇਂਦਬਾਜ਼ ਗੋਲੂ ਲੁਧਿਆਣਾ ਨੂੰ ਘੋਸ਼ਿਤ ਕੀਤਾ ਗਿਆ। ਇਸ ਮੌਕੇ ਗੁਰਮੇਲ ਸਿੰਘ, ਕੋਮਲ ਸਿੰਘ, ਅਮਰਜੀਤ ਸਿੰਘ, ਸੁਰੇਸ਼ਪਾਲ, ਜਰਨੈਲ ਸਿੰਘ, ਗੁਲਜ਼ਾਰ ਸਿੰਘ, ਦਿਲਵਰ ਸਿੰਘ, ਗਗਨਦੀਪ ਸਿੰਘ, ਧਰਮ ਸਿੰਘ, ਧਰਮਿੰਦਰ ਸਿੰਘ, ਮਲਕੀਤ ਸਿੰਘ, ਬਖਤਾਵਰ ਸਿੰਘ, ਮਹਿੰਦਰ ਸਿੰਘ, ਅਰਸ਼ਦੀਪ ਸਿੰਘ, ਰਣਜੀਤ ਸਿੰਘ, ਜੰਗ ਬਹਾਦਰ ਮੌਜੂਦ ਸਨ।

# ਸ਼ਿਵ ਸ਼ੰਕਰ ਯੂਥ ਸੇਵਾ ਦਲ ਤੇ ਦੁਰਗਾ ਰਾਮਾ ਡਰਾਮਾਟਿਕ ਕਲੱਬ ਨੇ ਪੰਛੀਆਂ ਲਈ ਪਾਣੀ ਵਾਲੇ ਕਟੋਰੇ ਵੰਡੇ





**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੇ ਦਿਨੀਂ ਸਮਾਣਾ ਬ੍ਰੈਕਿੰਗ ਟੀਮ ਵੱਲੋਂ ਸੋਸ਼ਲ ਮੀਡੀਆ 'ਤੇ ਵਾਤਾਵਰਨ ਦੇ ਸ਼ਿੰਗਾਰ ਪੰਛੀਆਂ ਦੀਆਂ ਖਤਮ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਅਪੀਲ ਕੀਤੀ ਗਈ, ਜਿਸ ਦੇ ਚਲਦਿਆਂ ਸ਼ਿਵ ਸ਼ੰਕਰ ਯੂਥ ਸੇਵਾ ਦਲ ਤੇ ਦੁਰਗਾ ਰਾਮਾ ਡਰਾਮਾਟਿਕ ਕਲੱਬ ਵੱਲੋਂ ਅੱਗੇ ਆਉਂਦੇ ਹੋਏ ਤੇ ਇਸ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਸਥਾਨਕ ਦਯਾ ਨੰਦ ਮਾਡਲ ਸਕੂਲ ਵਿਖੇ ਤੇ ਵਾਰਡ ਨੰਬਰ 15 ਵਿਖੇ ਮੁਹੱਲਾ ਵਾਸੀਆਂ ਨੂੰ ਪੰਛੀਆਂ ਦੇ ਪੀਣ ਵਾਲਾ ਪਾਣੀ ਰੱਖਣ ਲਈ ਨੂੰ ਕਟੋਰੇ ਵੰਡੇ ਗਏ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸ਼੍ਰੀ ਯਸ਼ਪਾਲ ਸਿੰਗਲਾ, ਅਗਰਵਾਲ ਧਰਮਸ਼ਾਲਾ ਦੇ ਸਾਬਕਾ ਪ੍ਰਧਾਨ ਜੀਵਨ ਗਰਗ ਤੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਰਮਨ ਮਹਿੰਦਰਾ ਨੇ ਕਿਹਾ ਕਿ ਪੰਛੀਆਂ ਨੂੰ ਬਚਾਉਣਾ ਅਸਲ ਵਿੱਚ ਵਾਤਾਵਰਨ ਨੂੰ ਬਚਾਉਣਾ ਹੈ। ਅੱਜ ਜਿਸ ਰਫ਼ਤਾਰ ਨਾਲ ਪੰਛੀ ਅਲੋਪ ਹੁੰਦੇ ਜਾ ਰਹੇ ਹਨ, ਲੋੜ ਹੈ ਕਿ ਪੰਛੀਆਂ ਦੀ ਸੁਰੱਖਿਆ ਲਈ ਕੀਤੇ ਜਾ ਰਹੇ ਉਪਰਾਲੇ ਹੋਰ ਤੇਜ਼ ਕੀਤੇ ਜਾਣ, ਇਸ ਲਈ ਜ਼ਰੂਰੀ ਹੈ ਕਿ ਪੰਛੀਆਂ ਨੂੰ ਵਾਪਸ ਲਿਆਉਣ ਲਈ ਘਰ ਦੀ ਛੱਤ 'ਤੇ ਅਨਾਜ ਤੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਸੰਜੇ ਮੰਤਰੀ ਤੇ ਸਹਾਰਾ ਕਲੱਬ ਪ੍ਰਧਾਨ ਦਵਿੰਦਰ ਜੈ ਸਿੰਘ ਅਤੇ ਸਮਾਣਾ ਬ੍ਰੈਕਿੰਗ ਟੀਮ ਨੇ ਦੱਸਿਆ ਕਿ ਗਰਮੀ ਦੇ ਮੌਸਮ ਵਿੱਚ ਬਹੁਤ ਸਾਰੇ ਛੋਟੇ ਪਿਆਰੇ ਪੰਛੀ ਸਿਰਫ ਪਾਣੀ ਦੀ ਘਾਟ ਕਰਕੇ ਹੀ ਮਰ ਜਾਂਦੇ ਹਨ, ਕਿਉਂਕਿ ਜਿਵੇਂ-ਜਿਵੇਂ ਗਰਮੀ ਦਾ ਪਾਰਾ ਵਧਦਾ ਜਾਂਦਾ ਹੈ ਤਲਾਬਾਂ, ਟੋਭਿਆਂ, ਖੂਹਾਂ ਤੇ ਖੇਤਾਂ ਵਿੱਚੋਂ ਪਾਣੀ ਸੁੱਕ ਜਾਂਦਾ ਹੈ ਅਤੇ ਇਹ ਸਾਰੇ ਸਾਧਨ ਹੀ ਮੁੱਖ ਹਨ, ਪੰਛੀਆਂ ਦੇ ਪਾਣੀ ਪੀਣ ਲਈ। ਸੋ ਸਾਨੂੰ ਸਭ ਨੂੰ ਵਾਤਾਵਰਨ ਦੇ ਸ਼ਿੰਗਾਰ ਇਨ੍ਹਾਂ ਪੰਛੀਆਂ ਦੇ ਬਚਾਅ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਕਮਲ ਸ਼ਰਮਾ, ਰਣਜੀਤ ਰਾਣਾ, ਕਰਨ ਬਜਾਜ, ਸੰਦੀਪ ਧੀਮਾਨ ਆਦਿ ਪਤਵੰਤੇ ਮੌਜੂਦ ਰਹੇ।

# ਸਪੀਕਰ ਸੰਧਵਾਂ ਦੀ ਟੀਮ ਨੇ ਫਲ-ਸਬਜ਼ੀ ਵਿਕਰੇਤਾਵਾਂ ਦੀਆਂ ਸੁਣੀਆਂ ਸ਼ਿਕਾਇਤਾਂ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ ਰਛਪਾਲ ਭੁੱਲਰ)**



ਭਾਵੇਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਆਮ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਖੁਦ ਉਨ੍ਹਾਂ ਦੇ ਦਰਾਂ 'ਤੇ ਜਾਣ ਦੀ ਹਦਾਇਤ ਕੀਤੀ ਗਈ ਹੈ ਅਤੇ ਉਸ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ, ਪਰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀਆਂ ਹਦਾਇਤਾਂ ਮੁਤਾਬਿਕ ਸਪੀਕਰ ਸੰਧਵਾਂ ਦੀ ਟੀਮ ਆਪਣੇ ਤੌਰ 'ਤੇ ਖੁਦ ਪਹੁੰਚ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਯਤਨਸ਼ੀਲ ਹੈ। ਮਨਪ੍ਰੀਤ ਸਿੰਘ ਮਨੀ ਧਾਲੀਵਾਲ ਪੀ.ਆਰ.ਓ. ਸਪੀਕਰ ਪੰਜਾਬ ਵਿਧਾਨ ਸਭਾ ਤੇ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਦੀ ਅਗਵਾਈ ਵਾਲੀ ਟੀਮ ਨੇ ਸੋਮਵਾਰ ਸਵੇਰ ਸਮੇਂ ਸਥਾਨਕ ਨਵੀਂ ਦਾਨਾ ਮੰਡੀ ਤੇ ਸਬਜ਼ੀ ਮੰਡੀ ਵਿੱਚ ਪੁੱਜ ਕੇ ਫਲ-ਫਰੂਟ ਤੇ ਸਬਜ਼ੀ ਵਿਕ੍ਰੇਤਾਵਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਉਕਤ ਸਮੱਸਿਆਵਾਂ ਦੇ ਹੱਲ ਦਾ ਭਰੋਸਾ ਦਿੱਤਾ। ਫਲ-ਫਰੂਟ ਤੇ ਸਬਜ਼ੀ ਵਿਕ੍ਰੇਤਾਵਾਂ ਵੱਲੋਂ ਸੋਨੂੰ ਬੱਤਰਾ ਨੇ ਦੱਸਿਆ ਕਿ ਮੰਡੀ ਵਿੱਚ ਸਫਾਈ ਪ੍ਰਬੰਧਾਂ ਦਾ ਬੁਰਾ ਹਾਲ ਹੈ, ਸੀਵਰੇਜ ਪ੍ਰਬੰਧ ਠੱਪ ਹੋਣ ਕਰਕੇ ਗੰਦਾ ਪਾਣੀ ਸੜਕ ਉੱਪਰ ਜਮ੍ਹਾਂ ਹੋ ਜਾਂਦਾ ਹੈ, ਦੁਕਾਨਦਾਰਾਂ ਤੇ ਗਾਹਕਾਂ ਨੂੰ ਮੁਸ਼ਕ ਮਾਰਦੇ ਗੰਦੇ ਪਾਣੀ ਵਿੱਚੋਂ ਲੰਘ ਕੇ ਖਰੀਦ-ਵੇਚ ਕਰਨੀ ਪੈਂਦੀ ਹੈ। ਰੇਹੜੀ-ਫੜੀ ਯੂਨੀਅਨ ਦੇ ਪ੍ਰਧਾਨ ਵਿਜੇ ਗੁਪਤਾ ਨੇ ਰੇਹੜੀ-ਫੜੀ ਵਾਲਿਆਂ ਲਈ ਸ਼ੈੱਡ ਦੀ ਮੰਗ ਕਰਦਿਆਂ ਆਖਿਆ ਕਿ ਬਾਰਿਸ਼ ਦੇ ਮੌਸਮ ਵਿੱਚ ਰੇਹੜੀ-ਫੜੀ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੀ ਧਾਲੀਵਾਲ ਤੇ ਗੁਰਮੀਤ ਸਿੰਘ ਨੇ ਸਾਰੀਆਂ ਸਮੱਸਿਆਵਾਂ ਸਪੀਕਰ ਸੰਧਵਾਂ ਦੇ ਧਿਆਨ 'ਚ ਲਿਆ ਕੇ ਹੱਲ ਕਰਵਾਉਣ ਦਾ ਵਿਸ਼ਵਾਸ ਦਿਵਾਇਆ। ਜ਼ਿਕਰਯੋਗ ਹੈ ਕਿ ਪਹਿਲਾਂ ਸਪੀਕਰ ਸੰਧਵਾਂ ਦੀ ਟੀਮ ਵੱਲੋਂ ਕੱਟੇ ਗਏ ਰਾਸ਼ਨ ਕਾਰਡਾਂ ਦੀ ਰੀ-ਵੈਰੀਫਿਕੇਸ਼ਨ ਲਈ ਖੁਦ ਮੁਫ਼ਤ ਕੈਂਪ ਲਾਇਆ ਗਿਆ ਤੇ ਹੁਣ ਫਲ-ਸਬਜ਼ੀ ਵਿਕ੍ਰੇਤਾਵਾਂ ਦੀਆਂ ਸ਼ਿਕਾਇਤਾਂ ਖੁਦ ਪਹੁੰਚ ਕੇ ਸੁਣਨ ਵਾਲੇ ਉਪਰਾਲੇ ਦੀ ਸ਼ਲਾਘਾ ਹੋਣੀ ਸੁਭਾਵਿਕ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮਨਦੀਪ ਸਿੰਘ ਮੌਂਗਾ, ਸੁਖਦੇਵ ਸਿੰਘ ਪਦਮ, ਮਨਦੀਪ ਸਿੰਘ ਮਿੰਟੂ ਗਿੱਲ, ਪ੍ਰੇਮ ਕੁਮਾਰ ਚਾਵਲਾ, ਬਲਦੇਵ ਸਿੰਘ ਬਿੱਟੂ, ਮਾ. ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਮਾਰਗ ਤੇ ਦਸਮੇਸ਼ ਪਿਤਾ ਦੇ ਨਾਮ ਦੀ ਬੇਅਦਬੀ ਲਈ ਆਖਰ ਜ਼ੁੰਮੇਵਾਰ ਕੌਣ ?

**ਹਠੂਰ/ਜਗਰਾਓਂ (ਨਛੱਤਰ ਸੰਧੂ)**-ਪੰਜਾਬ ਦੀ ਧਰਤੀ 'ਤੇ ਲੰਮੇਂ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ 'ਤੇ ਭਾਵੇਂ ਸਮੇਂ ਦੀਆਂ ਸਰਕਾਰਾਂ ਇਨਸਾਫ ਦੇਣ ਤੋਂ ਭੱਜ ਰਹੀਆਂ ਹਨ। ਜਦਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਮੂਹ ਧਾਰਮਿਕ ਜਥੇਬੰਦੀਆਂ ਲੰਮੇ ਸਮੇਂ ਤੋਂ ਯਤਨ ਕਰ ਰਹੀਆਂ ਹਨ, ਪਰ ਰਾਜਨੀਤੀ ਕਰਨ ਵਾਲੇ ਲੀਡਰ ਤੇ ਉਨ੍ਹਾਂ ਦੀਆਂ ਸਰਕਾਰਾਂ ਵੀ ਇਨਸਾਫ ਦੇਣ ਨੂੰ ਰੱਤੀ ਭਰ ਵੀ ਤਿਆਰ ਨਹੀਂ। ਉੱਥੇ ਹੀ ਤਖਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੱਕ ਜਾਣ ਵਾਲੇ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਨਾਮ ਤੱਕ ਮਿਟ ਚੁੱਕਿਆ ਹੈ, ਜਿਸ ਵੱਲ ਸ਼੍ਰੋਮਣੀ ਕਮੇਟੀ ਤੇ ਸਰਕਾਰਾਂ ਕੋਈ ਧਿਆਨ ਨਹੀਂ ਦੇ ਰਹੀਆਂ, ਜੋ ਲੰਮੇਂ ਸਮੇਂ ਤੋਂ ਦਸਮੇਸ਼ ਪਿਤਾ ਜੀ ਦੇ ਨਾਮ ਦੀ ਬੇਅਦਬੀ ਹੋ ਰਹੀ ਹੈ, ਆਖਰ ਉਸ ਦਾ ਜ਼ੁੰਮੇਵਾਰ ਕੌਣ ਹੈ? ਇਸ ਮਾਰਗ 'ਤੇ ਜਿੰਨੇ ਵੀ ਇਤਿਹਾਸਕ ਗੁਰੂਘਰ ਬਣੇ ਹੋਏ ਹਨ, ਉਨ੍ਹਾਂ ਸਾਰੇ ਹੀ ਗੁਰੂਘਰਾਂ ਦੇ ਬਾਹਰ ਲੱਗੇ ਮੀਲ ਬੋਰਡ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਕਾਫੀ ਲੰਮੇ ਸਮਾਂ ਤੋਂ ਲਿਖਣਾ ਆਖਰ ਕਿਉਂ ਜ਼ਰੂਰੀ ਨਹੀਂ ਸਮਝਿਆ। ਜਦੋਂ ਅੱਜ ਅਸੀਂ ਇਸ ਮਾਰਗ 'ਤੇ ਮੀਲ ਬੋਰਡ ਦੀ ਚੈਕਿੰਗ ਕੀਤੀ ਤਾਂ ਜ਼ਿਆਦਾਤਰ ਬੋਰਡਾਂ ਉਪਰੋਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਨਾਮ ਮਿੱਟ ਚੁੱਕਿਆ ਹੈ ਤੇ ਕੁਝ ਬੋਰਡ (ਪੱਥਰਾਂ) 'ਤੇ ਮਾਰਗ ਦਾ ਨਾਮ ਥੋੜ੍ਹਾ ਬਹੁਤਾ ਲਿਖਿਆ ਦਿਖਾਈ ਦਿੰਦਾ ਹੈ, ਪਰ ਉਹ ਗੰਦਗੀ ਵਿੱਚ ਖੜੇ ਹੋਣ ਕਰਕੇ ਸਰੇਆਮ ਉਸ ਦੀ ਬੇਅਦਬੀ ਹੋ ਰਹੀ ਹੈ ਅਤੇ ਜ਼ਿਆਦਾ ਬੋਰਡ ਖਸਤਾ ਹਾਲਤ ਵਿੱਚ ਹਨ। ਜ਼ਿਕਰਯੋਗ ਹੈ ਕਿ ਇਸ ਮਾਰਗ ਦੀ ਤਕਰੀਬਨ ਇਕ ਸਾਲ ਪਹਿਲਾਂ ਮੁਰੰਮਤ ਹੋਈ ਹੈ। ਠੇਕੇਦਾਰ ਵੱਲੋਂ ਪਿੰਡ ਦੀ ਦੂਰੀ ਦਰਸਾਉਂਦੇ ਨਵੇਂ ਬੋਰਡ ਤਾਂ ਲਗਵਾ ਦਿੱਤੇ ਗਏ, ਪਰ ਗੁਰੂ ਗੋਬਿੰਦ ਸਿੰਘ ਮਾਰਗ ਬੋਰਡ 'ਤੇ ਰੰਗ-ਰੋਗਨ ਕਾਰਨਾ ਉਨ੍ਹਾਂ ਨੇ ਵੀ ਜ਼ਰੂਰੀ ਨਹੀਂ ਸਮਝਿਆ।

ਆਖਰ ਵਿੱਚ ਜਦੋਂ ਅਸੀਂ ਇਸ ਮਾਰਗ 'ਤੇ ਆਖਰੀ ਗੁਰੂਘਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚੇ ਤਾਂ ਐਂਟਰੀ ਗੇਟ ਤੋਂ ਅੰਦਰ ਵੜਨ ਸਾਰ ਲੱਗੇ ਆਖਰੀ ਗੁਰੂ ਗੋਬਿੰਦ ਸਿੰਘ ਮਾਰਗ ਦੇ ਬੋਰਡ ਨੂੰ ਗੰਦੇ ਪਾਣੀ ਵਿੱਚ ਖੜ੍ਹਾ ਦੇਖਿਆ ਤਾਂ ਸਾਡੇ ਮਨਾਂ 'ਤੇ ਬਹੁਤ ਠੇਸ ਪਹੁੰਚੀ। ਪੰਜਾਬ ਦੀ ਧਰਤੀ 'ਤੇ ਸਭ ਤੋਂ ਲੰਮੇ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਨਾਮ ਨਾ ਲਿਖਣਾ ਕੋਈ ਵੱਡੀ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ।

## ਮਾਰਗ ਦੀ ਦਿਸ਼ਾ ਦਸਾਉਂਦਾ ਬੋਰਡ ਖੜ੍ਹੇ ਗੰਦੇ ਪਾਣੀ 'ਚ




# ਨੌਜਵਾਨਾਂ ਨੂੰ ਸ਼ੁਹਰਤ ਤੋਂ ਦੂਰ ਰਹਿ ਕੇ ਖੇਡਾਂ ਰਾਹੀਂ ਆਪਣਾ ਭਵਿੱਖ ਬਣਾਉਣਾ ਚਾਹੀਦਾ : ਗੋਇਲ, ਢੈਂਠਲ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਿੰਡ ਸ਼ਾਦੀਪੁਰ ਵਿਖੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਕਰਵਾਇਆ ਗਿਆ ਕ੍ਰਿਕਟ ਟੂਰਨਾਮੈਂਟ ਸੋਮਵਾਰ ਸਮਾਪਤ ਹੋ ਗਿਆ। ਟੂਰਨਾਮੈਂਟ ਦੇ ਅੰਤ ਵਿੱਚ ਸੀਨੀਅਰ ਕਾਂਗਰਸੀ ਆਗੂ ਤੇ ਚੀਕਾ ਨਗਰ ਪਾਲਿਕਾ ਦੇ ਸਾਬਕਾ ਚੇਅਰਮੈਨ ਤਰਸੇਮ ਗੋਇਲ ਅਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਪ੍ਰਧਾਨ ਸਮਾਣਾ ਗੁਰਨਾਮ ਸਿੰਘ ਢੈਂਠਲ ਨੇ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਪੂਰੀ ਤਰ੍ਹਾਂ ਦੂਰ ਰਹਿ ਕੇ ਖੇਡਾਂ ਵੱਲ ਧਿਆਨ ਦੇਣ ਤੇ ਖੇਡਾਂ ਰਾਹੀਂ ਹੀ ਆਪਣਾ ਭਵਿੱਖ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਉਹ ਨਸ਼ਿਆਂ ਤੋਂ ਦੂਰ ਰਹਿਣਗੇ ਤਾਂ ਉਹ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਦੇ ਨਾਲ-ਨਾਲ ਆਪਣੀ ਤਾਕਤ ਤੇ ਪ੍ਰਤਿਭਾ ਦੀ ਸਹੀ ਵਰਤੋਂ ਵੀ ਕਰ ਸਕਣਗੇ। ਉਨ੍ਹਾਂ ਕਿਹਾ ਕਿ ਨਸ਼ਾ ਨਾ ਸਿਰਫ ਵਿਅਕਤੀ ਦੇ ਸਰੀਰ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਉਸ ਦਾ ਸਮਾਜਿਕ ਰੁਤਬਾ ਵੀ ਨੀਵਾਂ ਕਰਦਾ ਹੈ, ਜਿਸ ਕਾਰਨ ਸਮਾਜ ਵਿੱਚ ਉਸ ਦਾ ਸਤਿਕਾਰ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਖੇਡਾਂ 'ਚ ਬਹੁਤ ਗੁੰਜਾਇਸ਼ ਹੈ, ਜਿਸ ਕਾਰਨ ਜਿੱਥੇ ਇੱਕ ਪਾਸੇ ਪੈਸਾ ਤੇ ਸ਼ੋਹਰਤ ਹੀ ਨਹੀਂ ਮਿਲਦੀ, ਉੱਥੇ ਹੀ ਭਵਿੱਖ ਵਿੱਚ ਵੀ ਸੁਧਾਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿੱਤ ਜਾਂ ਹਾਰ ਦੀ ਪ੍ਰਵਾਹ ਕੀਤੇ ਬਿਨਾਂ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ, ਕਿਉਂਕਿ ਖੇਡ ਵਿੱਚ ਜਿੱਤ-ਹਾਰ ਤਾਂ ਚਲਦੀ ਹੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਬਦਲਦੇ ਸਮੇਂ ਦੇ ਨਾਲ-ਨਾਲ ਖੇਡਾਂ ਦੀਆਂ ਪਰਿਭਾਸ਼ਾਵਾਂ ਵੀ ਬਦਲ ਰਹੀਆਂ ਹਨ, ਕਿਉਂਕਿ ਹੁਣ ਖੇਡਾਂ ਦੇ ਨਾਲ-ਨਾਲ ਨਿੱਜੀ ਪੱਧਰ 'ਤੇ ਵੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ, ਜਿੱਥੇ ਖਿਡਾਰੀਆਂ ਨੂੰ ਭਾਰੀ ਪੈਸਾ ਮਿਲਦਾ ਹੈ ਤੇ ਪਿੰਡ ਪੱਧਰ 'ਤੇ ਵੀ ਵੱਡੀ ਗਿਣਤੀ 'ਚ ਹੋਣਹਾਰ ਖਿਡਾਰੀ ਅੱਗੇ ਆ ਰਹੇ ਹਨ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਰਕਾਰ ਤੇ ਖੇਡ ਏਜੰਸੀਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਹਨ। ਮੁਕਾਬਲੇ ਵਿੱਚ ਤਰਸੇਮ ਗੋਇਲ, ਗੁਰਨਾਮ ਸਿੰਘ ਢੈਂਠਲ ਤੇ ਕਲੱਬ ਵੱਲੋਂ ਪਹਿਲੇ ਸਥਾਨ 'ਤੇ ਆਉਣ ਵਾਲੀ ਪਿੰਡ ਧਬਲਾਨ ਦੀ ਟੀਮ ਨੂੰ ਟਰਾਫੀ ਤੇ 26 ਹਜ਼ਾਰ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਪਿੰਡ ਡਕਾਲਾ ਦੀ ਟੀਮ ਦੂਜੇ ਸਥਾਨ 'ਤੇ ਰਹੀ, ਜਿਸ ਦੇ ਨਤੀਜੇ ਵਜੋਂ ਇਸ ਨੂੰ ਟਰਾਫੀ ਤੇ 17 ਹਜ਼ਾਰ ਰੁਪਏ ਦਾ ਇਨਾਮ ਵੀ ਦਿੱਤਾ ਗਿਆ।

ਇਸੇ ਤਰ੍ਹਾਂ ਮੇਜ਼ਬਾਨ ਪਿੰਡ ਸਾਦੀਪੁਰ ਦੀ ਟੀਮ ਤੀਜੇ ਸਥਾਨ 'ਤੇ ਰਹੀ ਤੇ ਉਸ ਨੂੰ ਵੀ ਟਰਾਫੀ ਅਤੇ 11 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਯਾਦਵਿੰਦਰ ਸਿੰਘ ਕੂਕਾ ਮੀਤ ਪ੍ਰਧਾਨ, ਸਾਬਕਾ ਚੇਅਰਮੈਨ ਨਾਇਬ ਸਿੰਘ ਸੈਦਾ, ਸਾਬਕਾ ਸਰਪੰਚ ਜਸਬੀਰ ਸਰੋਲਾ, ਪ੍ਰਤਾਪ ਸਿੰਘ, ਸਰਪੰਚ ਮਨਜੀਤ ਰੱਤਾਖੇੜਾ, ਪਰਮਜੀਤ ਮਹਿਮੂਦਪੁਰ, ਸਾਬਕਾ ਸਰਪੰਚ ਲਾਡੀ ਤੇ ਮਾਸਟਰ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

## ਦਬਲਾਨ ਨੇ ਟੂਰਨਾਮੈਂਟ 'ਚ ਡਕਾਲਾ ਨੂੰ ਹਰਾ ਕੇ ਜਿੱਤੀ ਟਰਾਫੀ



# ਸਾਮਾਨ ਤੇ ਨਗਦੀ ਚੋਰੀ ਦੇ ਦੋਸ਼ 'ਚ ਪੰਜ ਖਿਲਾਫ ਮਾਮਲਾ ਦਰਜ

**ਮਲੋਟ/ਲੰਬੀ (ਗੁਰਮੀਤ ਸਿੰਘ ਮੱਕੜ)**-ਥਾਣਾ ਲੰਬੀ ਪੁਲਸ ਨੇ ਚੋਰੀ ਕਰਨ ਦੇ ਦੋਸ਼ ਹੇਠ ਪੰਜ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿੱਚ ਬਾਬਾ ਬਸਾਖੀ ਦਾਸ, ਵਾਸੀ ਭੀਟੀਵਾਲਾ ਨੇ ਦੱਸਿਆ ਕਿ ਕਰੀਬ ਰਾਤ ਨੂੰ ਦੋ ਵਜੇ ਉਹ ਅਚਾਨਕ ਉੱਠਿਆ ਤਾਂ ਕਮਰੇ ਦਾ ਪਿਛਲਾ ਗੇਟ, ਜੋ ਖੁੱਲ੍ਹਾ ਸੀ, ਵਿੱਚੋਂ ਕਰੀਬ ਪੰਜ ਵਿਅਕਤੀ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ ਤੇ ਪੱਗਾਂ ਬੰਨ੍ਹੀਆਂ ਸਨ ਅਤੇ ਸਾਰਿਆਂ ਦੀ ਉਮਰ ਕਰੀਬ 25 ਸਾਲ ਦੇ ਕਰੀਬ ਲੱਗਦੀ ਸੀ, ਕਮਰੇ ਵਿੱਚ ਆਏ ਤੇ ਉਨ੍ਹਾਂ ਉਸ ਦੀਆਂ ਬਾਹਾਂ ਕੱਪੜੇ ਨਾਲ ਬੰਨ੍ਹ ਦਿੱਤੀਆਂ ਅਤੇ ਮੂੰਹ 'ਤੇ ਕੱਪੜਾ ਪਾ ਦਿੱਤਾ ਅਤੇ ਕਮਰੇ ਅੰਦਰ ਪਏ ਸਾਮਾਨ, ਪੇਟੀਆਂ ਦੀ ਫਰੋਲਾ ਫਰਾਲੀ ਕਰਨ ਲੱਗ ਪਏ ਅਤੇ ਫ਼ਿਰ ਉਨ੍ਹਾਂ ਵੱਲੋਂ ਉਸ ਦੀਆਂ ਲੱਤਾਂ ਵੀ ਕੱਪੜੇ ਨਾਲ ਬੰਨ੍ਹ ਦਿੱਤੀਆਂ ਤੇ ਨਾਲ ਦੇ ਕਮਰੇ ਵਿੱਚ ਸੁੱਟ ਕੇ ਬਾਹਰੋਂ ਕੁੰਡਾ ਲਗਾ ਦਿੱਤਾ। ਉਸ ਨੇ ਦੱਸਿਆ ਕਿ ਉਸ ਨੇ ਉਕਤ ਵਿਅਕਤੀਆਂ ਤੋਂ ਬਚ ਕੇ ਕਮਰੇ ਅੰਦਰੋਂ ਚੜ੍ਹਦੀਆਂ ਪੌੜੀਆਂ ਰਾਹੀਂ ਛੱਤ 'ਤੇ ਚੜ੍ਹ ਕੇ ਬਾਹਰ ਵਾਲੇ ਖੰਭੇ ਰਾਹੀਂ ਮੇਨ ਸੜਕ 'ਤੇ ਉੱਤਰ ਆਇਆ ਅਤੇ ਸਾਬਕਾ ਸਰਪੰਚ ਦੇ ਜਾ ਕੇ ਇਸ ਘਟਨਾ ਬਾਰੇ ਦੱਸਿਆ ਤੇ ਉਹ ਡੇਰੇ ਵਿੱਚ ਗਏ ਤੇ ਪਿੰਡ ਦੇ ਹੋਰ ਵਿਅਕਤੀ ਵੀ ਇਕੱਠੇ ਹੋ ਗਏ। ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਉਕਤ ਵਿਅਕਤੀ ਡੇਰੇ ਵਿੱਚੋਂ ਇੱਕ ਐੱਲ.ਈ.ਡੀ., 16 ਹਜ਼ਾਰ ਰੁਪਏ ਨਗਦ ਤੇ ਡੀ.ਵੀ.ਆਰ. ਚੋਰੀ ਕਰਕੇ ਲੈ ਗਏ, ਪ੍ਰੰਤੂ ਡੇਰੇ ਦੇ ਨਾਲ ਝੋਨੇ ਵਾਲੇ ਖੇਤ ਵਿੱਚੋਂ ਡੀ.ਵੀ.ਆਰ. ਬਰਾਮਦ ਹੋ ਗਿਆ। ਉਕਤ ਵਿਅਕਤੀਆਂ ਨੇ ਕੁੱਲ ਇੱਕ ਸੋਨੇ ਦੀ ਮੁਰਕੀ, ਐੱਲ.ਸੀ.ਡੀ. ਤੇ ਨਗਦੀ, ਜਿਸ ਦੀ ਕੁੱਲ ਮਲਕੀਤੀ 75 ਹਜ਼ਾਰ ਰੁਪਏ ਦੀ ਚੋਰੀ ਕੀਤੀ ਹੈ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ਮੀਨੀ ਝਗੜੇ ਦੌਰਾਨ ਹਵਾਈ ਫਾਇਰ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਜ਼ਮੀਨੀ ਝਗੜੇ ਨੂੰ ਲੈ ਕੇ ਪਿੰਡ ਕਾਹਲਵਾਂ ਵਿਖੇ ਹਵਾਈ ਫਾਇਰ ਕਰਨ ਵਾਲੇ ਇਕ ਵਿਅਕਤੀ ਨੂੰ ਕਾਦੀਆਂ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਲਖਵਿੰਦਰ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਕਾਹਲਵਾਂ ਨੇ ਦੱਸਿਆ ਕਿ ਉਹ ਰਣਜੀਤ ਕੌਰ ਪਤਨੀ ਦਿਲਬਾਗ ਸਿੰਘ ਵਾਸੀ ਪਿੰਡ ਰਜਾਦਾ ਦੇ ਕੋਲੋਂ ਤਿੰਨ ਕਨਾਲ ਜ਼ਮੀਨ ਠੇਕੇ 'ਤੇ ਲੈ ਕੇ ਵਾਹੁੰਦਾ ਹੈ। ਅੱਜ ਜਦੋਂ ਉਹ ਪੈਲੀ ਨੂੰ ਵਾਹ ਰਿਹਾ ਸੀ ਤਾਂ ਮਹਿੰਦਰ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਪਿੰਡ ਕਾਹਲਵਾਂ ਉੱਥੇ ਆ ਕੇ ਉਸ ਨੂੰ ਕਹਿਣ ਲੱਗਾ ਕਿ ਤੂੰ ਪੈਲੀ ਨੂੰ ਕਿਸ ਤਰ੍ਹਾਂ ਵਾਹ ਰਿਹਾ ਹੈਂ, ਮੈਂ ਇਸ ਜ਼ਮੀਨ ਦਾ ਮਾਲਕ ਹਾਂ। ਉਸ ਨੇ ਆਪਣੇ ਲਾਇਸੰਸੀ ਰਿਵਾਲਵਰ ਨਾਲ ਮੇਰੇ 'ਤੇ ਤਿੰਨ ਹਵਾਈ ਫਾਇਰ ਕਰ ਦਿੱਤੇ। ਮੈਂ ਡਰ ਦੇ ਮਾਰੇ ਨੇ ਰੌਲਾ ਪਾ ਦਿੱਤਾ। ਇਸ ਦੌਰਾਨ ਮਹਿੰਦਰ ਸਿੰਘ ਮੌਕੇ ਤੋਂ ਫਰਾਰ ਹੋ ਗਿਆ। ਉਧਰ ਦੂਜੇ ਪਾਸੇ ਪੁਲਸ ਥਾਣਾ ਕਾਦੀਆਂ ਦੇ ਸਬ ਇੰਸਪੈਕਟਰ ਚਰਨਜੀਤ ਸਿੰਘ ਦੇ ਵੱਲੋਂ ਲਖਵਿੰਦਰ ਸਿੰਘ ਦੇ ਬਿਆਨ ਦਰਜ ਕਰਕੇ ਮਹਿੰਦਰ ਸਿੰਘ ਖਿਲਾਫ ਥਾਣਾ ਕਾਦੀਆਂ ਵਿਖੇ ਮੁਕੱਦਮਾ ਨੰਬਰ 49 ਜੁਰਮ 336, ਆਈ ਪੀ ਸੀ 25-54-27-59 ਆਰਮ ਐਕਟ ਦੇ ਤਹਿਤ ਦਰਜ ਕਰਕੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ।

# ਜ਼ਿਲ੍ਹਾ ਅਧਿਕਾਰੀਆਂ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਦੇ ਮੱਦੇਨਜ਼ਰ ਡੀ ਸੀ ਦੀ ਅਗਵਾਈ 'ਚ ਮੌਕ ਡਰਿੱਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਗਾਮੀ ਮਾਨਸੂਨ ਸੀਜ਼ਨ ਦੌਰਾਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਕੀਤੇ ਗਏ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਅੱਜ ਸਵੇਰੇ ਅਚਨਚੇਤ ਮੌਕ ਡਰਿੱਲ ਕੀਤੀ ਗਈ। ਸਵੇਰੇ ਠੀਕ 7:30 ਵਜੇ ਜ਼ਿਲ੍ਹਾ ਫਲੱਡ ਕੰਟਰੋਲ ਰੂਮ ਤੋਂ ਫਲੱਡ ਕੰਟਰੋਲ ਟੀਮ ਦੇ ਸਾਰੇ ਅਧਿਕਾਰੀਆਂ ਨੂੰ ਟੈਲੀਫੋਨ ਰਾਹੀਂ ਮੈਸੇਜ ਲਗਾਇਆ ਗਿਆ ਕਿ ਉਹ ਕਾਹਨੂੰਵਾਨ ਤੋਂ ਅੱਗੇ ਪਿੰਡ ਫੱਤੂ ਬਰਕਤ ਨੂੰਨ ਵਿਖੇ ਦਰਿਆ ਬਿਆਸ ਦੇ ਧੁੱਸੀ ਬੰਨ੍ਹ ਉਪਰ ਤੁਰੰਤ ਪਹੁੰਚਣ। ਜਿਉਂ ਹੀ ਕੰਟਰੋਲ ਰੂਮ ਤੋਂ ਅਧਿਕਾਰੀਆਂ ਨੂੰ ਐਮਰਜੈਂਸੀ ਕਾਲ ਆਈ ਤਾਂ ਸਾਰੇ ਅਧਿਕਾਰੀਆਂ ਨੂੰ ਭਾਜੜ ਪੈ ਗਈ ਅਤੇ ਜ਼ਿਲ੍ਹਾ ਅਧਿਕਾਰੀਆਂ ਸਮੇਤ ਉਸ ਇਲਾਕੇ ਦੇ ਸਥਾਨਕ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚ ਗਏ। ਕੰਟਰੋਲ ਰੂਮ ਤੋਂ ਮੈਸੇਜ ਮਿਲਦੇ ਹੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਐਸ.ਡੀ.ਐਮ. ਗੁਰਦਾਸਪੁਰ ਅਮਨਦੀਪ ਕੌਰ, ਸਹਾਇਕ ਕਮਿਸ਼ਨਰ ਸਚਿਨ ਪਾਠਕ, ਜ਼ਿਲ੍ਹਾ ਮਾਲ ਅਫ਼ਸਰ ਗੁਰਮੀਤ ਸਿੰਘ, ਡੀ.ਡੀ.ਪੀ.ਓ. ਸਤੀਸ਼ ਕੁਮਾਰ, ਐਸ.ਪੀ. ਨਵਜੋਤ ਸਿੰਘ, ਤਹਿਸੀਲਦਾਰ ਨਵਜੋਤ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਸ਼ਾਮ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਅਮਰਜੀਤ ਸਿੰਘ ਭਾਟੀਆ, ਤਹਿਸੀਲਦਾਰ ਜਗਤਾਰ ਸਿੰਘ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਡੀ.ਐਸ.ਪੀ. ਰਾਜਬੀਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚ ਗਏ। ਇਸ ਮੌਕੇ ਪੁਲਸ ਤੇ ਸਿਹਤ ਵਿਭਾਗ ਦੀਆਂ ਟੀਮਾਂ ਵੀ ਮੌਕੇ 'ਤੇ ਪਹੁੰਚ ਗਈਆਂ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਅਧਿਕਾਰੀਆਂ ਵੱਲੋਂ ਪਿੰਡ ਫੱਤੂ ਬਰਕਤ ਨੂੰਨ ਵਿਖੇ ਧੁੱਸੀ ਬੰਨ੍ਹ ਦਾ ਜਾਇਜ਼ਾ ਲਿਆ ਗਿਆ ਅਤੇ ਨਾਲ ਹੀ ਦਰਿਆ ਬਿਆਸ ਦੇ ਕੰਢੇ ਬਣੇ ਸਪੱਰਾਂ ਦਾ ਮੁਆਇਨਾ ਵੀ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਦੀ ਇਹ ਮੌਕ ਡਰਿੱਲ ਫਲੱਡ ਕੰਟਰੋਲ ਟੀਮ ਦੇ ਅਧਿਕਾਰੀਆਂ ਦਾ ਰਿਸਪਾਂਸ ਸਮਾਂ ਚੈਕ ਕਰਨ ਲਈ ਕੀਤੀ ਗਈ ਸੀ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਕਿਸੇ ਵੀ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਕਿੰਨੇ ਸਮੇਂ ਅੰਦਰ ਅਧਿਕਾਰੀ ਅਤੇ ਉਨ੍ਹਾਂ ਦੀਆਂ ਟੀਮਾਂ ਘਟਨਾ ਸਥਾਨ 'ਤੇ ਪਹੁੰਚਦੀਆਂ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅਧਿਕਾਰੀ ਸਮੇਂ ਸਿਰ ਪਹੁੰਚ ਗਏ ਸਨ, ਕੁਝ ਲੇਟ ਆਏ ਹਨ ਅਤੇ ਕੁਝ ਦੀ ਗੈਰ-ਹਾਜ਼ਰੀ ਵੀ ਦਰਜ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗੈਰ-ਹਜ਼ਾਰ ਅਤੇ ਲੇਟ ਆਉਣ ਵਾਲੇ ਅਧਿਕਾਰੀਆਂ ਦੀ ਜੁਆਬ-ਤਲਬੀ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਅਗਲੀ ਵਾਰ ਉਹ ਸਮੇਂ ਸਿਰ ਮੌਕੇ ਉਪਰ ਪਹੁੰਚਣ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਅੱਜ ਦੀ ਮੌਕ ਡਰਿੱਲ ਦੌਰਾਨ ਜ਼ਿਲ੍ਹਾ ਕੰਟਰੋਲ ਰੂਮ ਅਤੇ ਹੋਰ ਪ੍ਰਬੰਧ ਠੀਕ ਪਾਏ ਗਏ ਹਨ। ਇਸ ਤੋਂ ਇਲਾਵਾ ਜੋ ਘਾਟਾ ਦਿਖਾਈ ਦਿੱਤੀਆਂ ਹਨ ਉਹ ਨੋਟ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਠੀਕ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਗਾਮੀ ਮਾਨਸੂਨ ਸੀਜ਼ਨ ਦੌਰਾਨ ਹੜ੍ਹਾਂ ਦੇ ਸੰਭਾਵੀ ਖ਼ਤਰੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ।

# ਤੇਜ਼ ਝੱਖੜ ਕਾਰਨ ਕਾਰ ਏਜੰਸੀ ਦਾ ਲੱਖਾਂ ਦਾ ਨੁਕਸਾਨ



ਗੁਰਦਾਸਪੁਰ (ਜਨਕ ਮਹਾਜਨ)-ਪਿਛਲੇ ਦਿਨੀਂ ਤੇਜ਼ ਹਨੇਰੀ ਤੇ ਵਰਖਾ ਕਾਰਨ ਪਠਾਨਕੋਟ ਵਹੀਕਲ ਏਡ ਦੀ ਬੱਬਰੀ (ਗੁਰਦਾਸਪੁਰ) ਸਥਿਤ ਕਾਰਾਂ ਦੀ ਏਜੰਸੀ ਵਿਖੇ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਾਰੂਤੀ ਏਜੰਸੀ ਅਧਿਕਾਰੀ ਡੀ. ਕੇ. ਅਨੁਜਮਨ, ਅਮਰਜੀਤ ਸਿੰਘ, ਬਲਜੀਤ ਸਿੰਘ ਤੇ ਸਕਿਓਰਿਟੀ ਗਾਰਡ ਦਲੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਗੁਰਦਾਸਪੁਰ ਇਲਾਕੇ ਅੰਦਰ ਤੇਜ਼ ਹਨੇਰੀ ਅਤੇ ਤੂਫ਼ਾਨ ਆਦਿ ਆਉਣ ਕਰਕੇ ਜਿੱਥੇ ਲੋਕਾਂ ਦਾ ਭਾਰੀ ਨੁਕਸਾਨ ਹੋਇਆ।

ਪਠਾਨਕੋਟ ਵਹੀਕਲ ਏਡ, ਜਿਸ ਦੀ ਬੱਬਰੀ ਸਥਿਤ ਮਾਰੂਤੀ ਕਾਰਾਂ ਦੀ ਏਜੰਸੀ ਹੈ, ਉਥੇ ਕਈ ਕਾਰਾਂ ਉਲਟ-ਪਲਟ ਹੋ ਗਈਆਂ ਸਨ ਅਤੇ ਕਈ ਕਾਰਾਂ ਦੀਆਂ ਛੱਤਾਂ, ਦਰਵਾਜ਼ੇ ਆਦਿ ਕਾਫ਼ੀ ਨੁਕਸਾਨੇ ਗਏ ਹਨ ਜਿਸ ਨਾਲ ਲੱਖਾਂ ਰੁਪਏ ਦੇ ਕਰੀਬ ਨੁਕਸਾਨ ਹੋਣ ਦਾ ਅਨੁਮਾਨ ਹੈ। ਇਸ ਘਟਨਾ ਨਾਲ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਕਿ ਕੁਦਰਤੀ ਆਫ਼ਤ ਨਾਲ ਉਨ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

# ਵਾਸ਼ਿੰਗ ਮਸ਼ੀਨ ਤੇ ਛੱਤ ਵਾਲੇ ਪੱਖੇ ਸਮੇਤ ਚੋਰ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਕੋਟ ਭੱਲਾ ਵਿਚ ਇਕ ਕਿਸਾਨ ਦੀਆਂ ਟਰੈਕਟਰ ਦੀਆਂ ਬੈਟਰੀਆਂ ਚੋਰੀ ਹੋਈਆਂ ਸਨ ਅਤੇ ਇਸ ਤੋਂ ਪਹਿਲਾਂ ਇਕ ਚੋਰ ਨੂੰ ਪੁਲਸ ਨੇ ਕਾਬੂ ਕਰਕੇ ਉਸ ਕੋਲੋਂ ਚੋਰੀ ਦਾ ਸਾਮਾਨ ਬਰਾਮਦ ਕਰ ਲਿਆ ਸੀ ਅਤੇ ਦੂਜੇ ਚੋਰ ਬਾਰੇ ਪੁੱਛਗਿੱਛ ਦੌਰਾਨ ਦੋਸ਼ੀ ਰੋਹਿਤ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਪਠਾਨਕੋਟ ਪਾਸੋਂ ਵਾਸ਼ਿੰਗ ਮਸ਼ੀਨ ਤੇ ਇਕ ਛੱਤ ਵਾਲਾ ਪੱਖਾ ਬਰਾਮਦ ਕਰ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਮਿੰਦਰ ਸਿੰਘ ਥਾਣਾ ਮੁਖੀ ਪੁਰਾਣਾ ਸ਼ਾਲਾ ਨੇ ਦੱਸਿਆ ਕਿ ਦੂਜੇ ਚੋਰ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਇੱਕ ਦਿਨਾ ਰਿਮਾਂਡ ਦੌਰਾਨ ਹੋਰ ਬਰਾਮਦਗੀਆਂ ਹੋਣ ਦੀ ਉਮੀਦ ਹੈ।

# ਪਿੰਡ ਲਹੀਆਂ 'ਚ ਬਾਬਾ ਬਿਧੀ ਚੰਦ ਦਾ ਸਾਲਾਨਾ ਜੋੜ ਮੇਲਾ ਲੱਗਾ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਝਬਾਲ ਤੋਂ ਅਟਾਰੀ ਰੋਡ 'ਤੇ ਸਥਿਤ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਬਾਬਾ ਬਿਧੀ ਚੰਦ ਜੀ ਨੇ ਲਾਹੌਰ ਤੋਂ ਦੂਜਾ ਘੋੜਾ ਲਿਆਉਣ ਸਮੇਂ ਕੁਝ ਸਮਾਂ ਦਮ ਲਿਆ ਸੀ। ਉਸ ਦਿਹਾੜੇ ਨੂੰ ਯਾਦ ਕਰਦਿਆਂ ਨਗਰ ਲਹੀਆਂ ਜ਼ਿਲ੍ਹਾ ਤਰਨਤਾਰਨ ਵਿਖੇ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਲਹੀਆਂ, ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ 12ਵੇਂ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਦੇ ਸਹਿਯੋਗ ਨਾਲ ਬੜੀ ਸ਼ਰਧਾ ਸਹਿਤ ਮਨਾਇਆ ਗਿਆ। ਪਰਸੋਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ, ਢਾਡੀ, ਕਥਾਵਾਚਕ ਗਿਆਨੀ ਸੁਖਦੇਵ ਸਿੰਘ ਹਜ਼ੂਰੀ ਕਥਾਵਾਚਕ ਦਲ ਬਾਬਾ ਬਿਧੀ ਚੰਦ, ਰਾਗੀ ਜਥਾ ਭਾਈ ਗੁਰਸੇਵਕ ਸਿੰਘ, ਕਵੀਸ਼ਰ ਗਿਆਨੀ ਗੁਰਜੰਟ ਸਿੰਘ, ਕਵੀਸ਼ਰ ਗਿਆਨੀ ਅੰਮ੍ਰਿਤਪਾਲ ਸਿੰਘ, ਢਾਡੀ ਜਥਾ ਜੱਜਬੀਰ ਸਿੰਘ ਨੇ ਬਾਬਾ ਬਿਧੀ ਚੰਦ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਦੀਵਾਨ ਦੀ ਹਾਜ਼ਰੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਤੋਂ ਇਲਾਵਾਂ ਹੋਰ ਸੰਤਾਂ ਮਹੰਤਾਂ ਅਤੇ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ ਨੇ ਭਰੀ।

ਸ਼ਾਮ ਦੇ ਟਾਈਮ ਬਾਬਾ ਜੀ ਦੀ ਹਾਜ਼ਰੀ ਵਿੱਚ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ ਜਿਸ ਵਿੱਚ ਘੋੜ ਦੌੜ, ਨੇਜ਼ਾਬਾਜ਼ੀ ਤੇ ਹੋਰ ਅਨੇਕਾਂ ਕਰਤੱਬ ਦਿਖਾਏ ਗਏ। ਮਹੱਲਾ ਕੱਢਣ ਉਪਰੰਤ ਨਾਮਵਰ ਟੀਮਾਂ ਦਰਮਿਆਨ ਕਬੱਡੀ ਮੈਚ ਕਰਵਾਏ ਗਏ ਅਤੇ ਜਿੱਤਣ ਵਾਲੀਆਂ ਟੀਮਾਂ ਨੂੰ ਇਨਾਮ ਦਿੱਤੇ ਗਏ। ਗੁਰੂ ਕੇ ਲੰਗਰ ਠੰਢੇ ਮਿੱਠੇ ਜਲ, ਦੇਗਾਂ ਸ਼ਰਦਾਈਆਂ, ਚਾਹ-ਪਕੌੜੇ ਅਤੇ ਹੋਰ ਅਨੇਕਾਂ ਵਸਤੂਆਂ ਦੇ ਲੰਗਰ ਚੱਲਦੇ ਰਹੇ। ਇਸ ਮੌਕੇ ਬਾਬਾ ਕਰਮ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਕਸ਼ਮੀਰ ਸਿੰਘ ਸੇਵਾਦਾਰ ਗੁਰਦੁਆਰਾ ਦਮਦਮਾ ਸਾਹਿਬ ਬਾਬਾ ਬਿਧੀ ਚੰਦ ਲਹੀਆਂ ਹਾਜ਼ਰ ਸਨ।

# ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਯੋਗ ਦਿਵਸ ਮਨਾਇਆ ਜਾਵੇਗਾ

**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਸਰਕਾਰ ਅਤੇ ਆਯੁਰਵੈਦਿਕ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਘਰ ਹਰ ਆਂਗਣ ਯੋਗ ਥੀਮ ਦੇ ਅਧੀਨ ਜ਼ਿਲ੍ਹਾ ਪੱਧਰੀ ਨੌਵਾਂ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ ਨੂੰ ਸਵੇਰੇ 6 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਠਾਨਕੋਟ (ਕਮਰਾ ਨੰ: 218) ਵਿਖੇ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਜ਼ਿਲ੍ਹਾ ਆਯੁਰਵੈਦਿਕ ਅਤੇ ਜੂਨਾਨੀ ਅਫਸਰ ਪਠਾਨਕੋਟ ਡਾ. ਮਲਕੀਤ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੀ ਇਸ ਯੋਗ ਦਿਵਸ ਮੌਕੇ ਆਯੋਜਿਤ ਕੀਤੇ ਪ੍ਰੋਗਰਾਮ ਵਿੱਚ ਜ਼ਰੂਰ ਹਾਜ਼ਰ ਹੋਣ। ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਪਠਾਨਕੋਟ ਡਾ. ਮਲਕੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਤਰਰਾਸ਼ਟਰੀ ਯੋਗਾ ਦਿਵਸ ਪੂਰੇ ਵਿਸ਼ਵ ਅੰਦਰ 21 ਜੂਨ ਨੂੰ ਮਨਾਇਆ ਜਾਂਦਾ ਹੈ ਅਤੇ ਇਸ ਸਾਲ ਵੀ ਜ਼ਿਲ੍ਹਾ ਪਠਾਨਕੋਟ ਵਿਖੇ ਇਹ ਦਿਵਸ ਮਨਾਇਆ ਜਾਣਾ ਹੈ।

ਉਨ੍ਹਾਂ ਜ਼ਿਲ੍ਹਾ ਪਠਾਨਕੋਟ ਦੀ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਸਿਹਤ ਸਭ ਤੋਂ ਵੱਡਾ ਧਨ ਹੈ ਅਤੇ ਸਾਨੂੰ ਆਪਣੀ ਸਿਹਤ ਨੂੰ ਬਰਕਰਾਰ ਰੱਖਣ ਦੇ ਲਈ ਪ੍ਰਤੀ ਦਿਨ ਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਓ ਸਾਰੇ ਜ਼ਿਲ੍ਹਾ ਨਿਵਾਸੀ ਇਹ ਪ੍ਰਣ ਕਰਦੇ ਹਾਂ ਕਿ 21 ਜੂਨ ਨੂੰ 9ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਆਪਣੇ ਸਿਹਤ ਪ੍ਰਤੀ ਜਾਗਰੂਕ ਹੁੰਦਿਆਂ ਮਨਾਵਾਂਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਯੋਗਾ ਦਿਵਸ ਮਨਾਉਣ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਜ਼ਿਕਰਯੋਗ ਹੈ ਕਿ 21 ਸਬ ਏਰੀਆ ਪਠਾਨਕੋਟ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਧਰੁਵ ਪਾਰਕ ਨਜ਼ਦੀਕ ਟੈਂਕ ਚੌਕ ਵਿਖੇ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਸ਼ਾਮਲ ਹੋਣ ਲਈ ਲੋਕਾਂ ਨੂੰ ਅਪੀਲ ਕੀਤੀ ਗਈ ਹੈ।

# ਵੇਰੋਵਾਲ 'ਚ ਅੱਖਾਂ ਦਾ ਫ੍ਰੀ ਚੈੱਕਅਪ ਕੈਂਪ ਲੱਗਾ



ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਦੇ ਆਗੂਆਂ ਤੇ ਡਾਕਟਰ ਓਮ ਪ੍ਰਕਾਸ਼ ਅੱਖਾਂ ਦੇ ਹਸਪਤਾਲ ਮਾਲ ਰੋਡ ਅੰਮ੍ਰਿਤਸਰ ਦੇ ਸਹਿਯੋਗ ਨਾਲ ਡਾਕਟਰਾਂ ਦੀ ਟੀਮ ਵੱਲੋਂ ਗੁਰਦੁਆਰਾ ਸੰਤਸਰ ਸਾਹਿਬ ਵੇਰੋਵਾਲ ਵਿਖੇ ਸੰਤ ਬਾਬਾ ਕਰਨੈਲ ਸਿੰਘ ਅਤੇ ਸਾਬਕਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਹਲਕਾ ਮਜੀਠਾ ਲਖਵਿੰਦਰ ਸਿੰਘ ਲੱਖੀ ਵੇਰੋਵਾਲ ਦੀ ਅਗਵਾਈ ਵਿੱਚ ਅੱਖਾਂ ਦਾ ਮੁਫਤ ਚੈੱਕਅਪ ਕੈਂਪ ਲਗਾਇਆ ਗਿਆ।

ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਜੀਤ ਸਿੰਘ ਜਿੱਜੇਆਣੀ, ਬਲਾਕ ਪ੍ਰਧਾਨ ਸੂਬੇਦਾਰ ਬਲਵਿੰਦਰ ਸਿੰਘ ਕੱਥੂਨੰਗਲ, ਗੁਰਸਾਂਝ ਸਿੰਘ ਕਲੇਰ, ਅਵਤਾਰ ਸਿੰਘ ਮਜੀਠਾ, ਸੁਰਿੰਦਰ ਸਿੰਘ ਲਾਲੀ ਮਜੀਠਾ, ਸਾਬਕਾ ਸਰਪੰਚ ਹਰਦਿਆਲ ਸਿੰਘ ਵੇਰੋਵਾਲ, ਸਾਬਕਾ ਸਰਪੰਚ ਬਲਕਾਰ ਸਿੰਘ, ਸਾਬਕਾ ਪੰਚ ਸੁੱਚਾ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਕਲ ਪ੍ਰਧਾਨ, ਲਖਵਿੰਦਰ ਸਿੰਘ, ਪ੍ਰੇਮ ਸਿੰਘ, ਗੁਰਜੀਤ ਸਿੰਘ ਸੰਧੂ, ਕੁਲਦੀਪ ਸਿੰਘ ਫੌਜੀ, ਗੁਰਜੀਤ ਸਿੰਘ ਹੈਪੀ, ਸੁਖਵਿੰਦਰ ਸਿੰਘ ਸਿੱਧੂ ਆਦਿ ਆਮ ਆਦਮੀ ਪਾਰਟੀ ਦੇ ਆਗੂ ਹਾਜ਼ਰ ਰਹੇ।

# ਉਰਦੂ ਆਮੋਜ਼ ਕਲਾਸ ਦਾ ਦਾਖ਼ਲਾ 7 ਜੁਲਾਈ ਤੱਕ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡਾ. ਪਰਮਜੀਤ ਸਿੰਘ ਕਲਸੀ ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰ ਤੇ ਉਰਦੂ ਦੀ ਪੜ੍ਹਾਈ ਕਰਾਉਣ ਲਈ ਉਰਦੂ ਆਮੋਜ਼ ਕਲਾਸ ਦਾ ਨਵਾਂ ਦਾਖਲਾ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਅੰਮ੍ਰਿਤਸਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਮਰਾ ਨੰ: 301 ਤੀਸਰੀ ਮੰਜ਼ਿਲ ਅੰਮ੍ਰਿਤਸਰ ਵਿਖੇ 3 ਜੁਲਾਈ ਤੋਂ 7 ਜੁਲਾਈ 2023 ਤੱਕ ਜਾਰੀ ਰਹੇਗਾ।

ਜ਼ਿਲ੍ਹਾ ਭਾਸ਼ਾ ਅਫਸਰ ਨੇ ਦੱਸਿਆ ਕਿ ਇਸ ਕੋਰਸ ਲਈ ਸ਼ਾਮ 5.15 ਤੋਂ 6.15 ਵਜੇ ਤੱਕ ਦਫਤਰੀ ਕੰਮ ਵਾਲੇ ਦਿਨ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਕੋਰਸ ਵਿੱਚ ਆਮ ਕਾਰੋਬਾਰੀ ਵਿਅਕਤੀ, ਘਰੇਲੂ ਕੰਮ ਕਰਨ ਵਾਲਾ, ਸਰਕਾਰੀ, ਗੈਰ-ਸਰਕਾਰੀ ਵਿਅਕਤੀ ਦਾਖਲਾ ਲੈ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਜਿਥੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਨਦੇਹੀ ਨਾਲ ਯਤਨ ਕਰ ਰਹੀ ਹੈ ਉਥੇ ਉਰਦੂ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕਈ ਸਾਲਾਂ ਤੋਂ ਇਹ ਕੋਰਸ ਚਲਾ ਰਹੀ ਹੈ। ਇਸ ਕੋਰਸ ਨੂੰ ਸਿੱਖਣ ਲਈ ਜਿਥੇ ਘਰੇਲੂ ਕਾਰੋਬਾਰੀ ਵਿਅਕਤੀ ਆਉਂਦੇ ਹਨ ਉਥੇ ਡਾਕਟਰ, ਵਕੀਲ, ਵਸੀਕਾ ਨਵੀਸ, ਪਟਵਾਰੀ ਮਾਲ ਵਿਭਾਗ ਦੇ ਅਧਿਕਾਰੀ ਸਾਹਿਤਕਾਰ ਵੀ ਇਸ ਕੋਰਸ ਵਿੱਚ ਰੁਚੀ ਰਖਦੇ ਹਨ।

# ਬਲਾਕ ਗੰਡੀਵਿੰਡ ਦਾ ਵਿਧਾਇਕ ਸੋਹਲ ਨੇ ਕੀਤਾ ਅਚਨਚੇਤ ਦੌਰਾ

## ਬੀ ਡੀ ਪੀ ਓ ਸਮੇਤ ਸਾਰਾ ਦਫਤਰ ਖਾਲੀ, ਦੋ ਸੇਵਾਦਾਰ ਹਾਜ਼ਰ



ਤਰਨ ਤਾਰਨ/ਸਰਾਏ ਅਮਾਨਤ ਖਾਂ (ਸਾਗਰਦੀਪ ਸਿੰਘ ਅਰੋੜਾ/ਮੱਖਣ ਮਨੋਜ)-ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਚਲਾਈ ਮੁਹਿੰਮ ਤਹਿਤ ਬਲਾਕ ਗੰਡੀਵਿੰਡ ਦਫਤਰ ਦੀ ਅਚਨਚੇਤ ਚੈਕਿੰਗ ਕੀਤੀ ਜਿਸ ਦੌਰਾਨ ਦੋ ਸੇਵਾਦਾਰ ਹਾਜ਼ਰ ਪਾਏ ਗਏ ਜਦਕਿ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸਵੇਰੇ 8.30 ਵਜੇ ਦਫਤਰ ਪਹੁੰਚੇ। ਇਸ ਤੋਂ ਬਿਨਾਂ ਸੁਪਰਡੈਂਟ, ਮਨਰੇਗਾ ਦੇ ਸਹਾਇਕ ਅਫਸਰ, ਪੰਚਾਇਤ ਸੈਕਟਰੀ ਤੇ ਪੰਚਾਇਤ ਅਫਸਰ ਦਫਤਰ 'ਚੋਂ ਗੈਰ-ਹਾਜ਼ਰ ਸਨ। ਇਸ ਸਬੰਧੀ ਵਿਧਾਇਕ ਸੋਹਲ ਨੇ ਡੀਡੀਪੀਓ ਨਾਲ ਫੋਨ 'ਤੇ ਸੰਪਰਕ ਕਰਕੇ ਜਾਣਕਾਰੀ ਲੈਣੀ ਚਾਹੀ ਤਾਂ ਉਨਾਂ ਨੂੰ ਦੱਸਿਆ ਗਿਆ ਕਿ ਸੈਕਟਰੀ ਸਿੱਧੇ ਹੀ ਫ਼ੀਲਡ ਡਿਊਟੀ 'ਤੇ ਹਾਜ਼ਰ ਹੋ ਜਾਂਦੇ ਹਨ ਪਰ ਜਦੋਂ ਵਿਧਾਇਕ ਵੱਲੋਂ ਮੂਵਮੈਂਟ ਰਜਿਸਟਰ ਦੇਖਿਆ ਗਿਆ ਤਾਂ ਅਜਿਹਾ ਕੋਈ ਇੰਦਰਾਜ ਨਹੀਂ ਮਿਲਿਆ ਅਤੇ ਨਾ ਹੀ ਇਸ ਸਬੰਧੀ ਉਚ ਅਧਿਕਾਰੀਆਂ ਵਲੋਂ ਜਾਰੀ ਨਿਰਦੇਸ਼ ਪੱਤਰ ਦੀ ਸੂਚਨਾ ਮਿਲੀ। ਡਾ. ਸੋਹਲ ਨੇ ਸਰਕਾਰੀ ਦਫਤਰ ਵਿੱਚ ਸਮੇਂ ਸਿਰ ਹਾਜ਼ਰ ਨਾ ਹੋਣ ਦਾ ਗੰਭੀਰ ਨੋਟਿਸ ਲੈਂਦੇ ਹੋਏ ਕਿਹਾ ਕਿ ਸਰਕਾਰੀ ਡਿਊਟੀ ਵਿਚ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ। ਇਸ ਦੌਰਾਨ ਵਿਧਾਇਕ ਵੱਲੋਂ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਰਿਪੋਰਟ ਲੈਣ ਲਈ ਜਦੋਂ ਰਿਕਾਰਡ ਦੇਖਿਆ ਗਿਆ ਤਾਂ ਉਸ ਵਿੱਚ ਵੀ ਬਹੁਤ ਊਣਤਾਈਆਂ ਪਾਈਆਂ ਗਈਆਂ। ਉਨਾਂ ਦੱਸਿਆ ਕਿ ਸਬੰਧਤ ਜੇਈ ਐਕਸ ਇੰਡਿਆ ਛੁੱਟੀ 'ਤੇ ਸੀ ਅਤੇ ਐਸਟੀਮੇਟ ਦੀ ਪ੍ਰਵਾਨਗੀ ਲੈਣ ਤੋਂ ਬਿਨਾਂ ਹੀ ਕਾਰਜ ਸ਼ੁਰੂ ਕਰਵਾ ਦਿੱਤੇ ਗਏ ਸਨ। ਡਾ. ਸੋਹਲ ਨੇ ਕਿਹਾ ਕਿ ਵਿਕਾਸ ਕਾਰਜਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਗੈਰ-ਮਿਆਰੀ ਕੰਮ ਨਹੀਂ ਹੋਣਗੇ।

# ਬੰਦ ਘਰ 'ਚੋਂ ਹਜ਼ਾਰਾਂ ਰੁਪਏ ਦੀਆਂ ਤਾਰਾਂ ਤੇ ਪਿੱਤਲ ਦਾ ਸਾਮਾਨ ਚੋਰੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਸਬਾ ਕਾਦੀਆਂ ਦੇ ਮੁਹੱਲਾ ਪ੍ਰੇਮ ਨਗਰ ਸਥਿਤ ਪ੍ਰਸਿੱਧ ਸਮਾਜ ਸੇਵੀ ਅਸ਼ਵਨੀ ਵਰਮਾ ਦੇ ਘਰ ਦੇ ਤਾਲੇ ਤੋੜ ਕੇ ਚੋਰਾਂ ਵਲੋਂ ਤਾਰਾਂ, ਪਿੱਤਲ ਦੇ ਦੋ ਵੱਡੇ ਭਾਂਡਿਆਂ ਸਮੇਤ ਹਜ਼ਾਰਾਂ ਰੁਪਏ ਦਾ ਸਾਮਾਨ ਚੋਰੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਸਵਨੀ ਵਰਮਾ ਨੇ ਦੱਸਿਆ ਕਿ ਉਹ ਬੀਤੇ ਦਿਨ ਹਰਿਦੁਆਰ ਗਿਆ ਹੋਇਆ ਸੀ। ਉਥੋਂ ਵਾਪਸ ਆ ਕੇ ਜਦੋਂ ਉਸ ਨੇ ਆਪਣੇ ਪੁਰਾਣੇ ਮਕਾਨ ਦਾ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਚੋਰਾਂ ਵੱਲੋਂ ਬਿਜਲੀ ਦੀਆਂ ਤਾਰਾਂ ਉਖਾੜ ਦਿੱਤੀਆਂ ਗਈਆਂ ਸਨ ਅਤੇ ਉਸ ਦੀ ਛੱਤ 'ਤੇ ਰੱਖੇ ਪਿੱਤਲ ਤੇ ਚਾਂਦੀ ਦੇ ਭਾਂਡੇ ਵੀ ਚੋਰੀ ਕਰ ਲਏ ਗਏ ਸਨ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਕਾਦੀਆਂ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਖ਼ਬਰ ਲਿਖੇ ਜਾਣ ਤੱਕ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਸ਼ਹਿਰ 'ਚ ਚੋਰੀ ਦੀਆਂ ਘਟਨਾਵਾਂ ਦਿਨ-ਬ-ਦਿਨ ਵਧਦੀਆਂ ਜਾ ਰਹੀਆਂ ਹਨ ਪਰ ਪੁਲਸ ਚੋਰਾਂ 'ਤੇ ਲਗਾਮ ਕੱਸਣ 'ਚ ਅਸਮਰਥ ਨਜ਼ਰ ਆ ਰਹੀ ਹੈ।

# ਟਾਟਾ ਏ ਆਈ ਏ ਮੌਜੂਦਾ ਵਿੱਤੀ ਸਾਲ ਦੇ ਚੋਟੀ ਦੇ 3 ਨਿੱਜੀ ਜੀਵਨ ਬੀਮਾਕਾਰਾਂ 'ਚ ਸ਼ਾਮਲ

ਬਠਿੰਡਾ : ਟਾਟਾ ਏਆਈਏ ਲਾਈਫ ਇੰਸੋਰੈਂਸ ਕੰਪਨੀ ਲਿਮਿਟੇਡ (ਟਾਟਾ ਏਆਈਏ) ਨੇ ਵਿੱਤੀ ਸਾਲ 2022-23 ਵਿੱਚ 7,093 ਕਰੋੜ ਰੁਪਏ ਦੀ ਵਿਅਕਤੀਗਤ ਵਜ਼ਨ ਵਾਲੀ ਨਵੀਂ ਕਾਰੋਬਾਰੀ ਪ੍ਰੀਮੀਅਮ ਆਮਦਨ ਦੀ ਰਿਪੋਰਟ ਕੀਤੀ, ਜੋ ਕਿ 4,455 ਕਰੋੜ ਰੁਪਏ ਦੀ ਵਿੱਤੀ ਸਾਲ 2021-22 ਦੀ ਆਮਦਨ ਨਾਲੋਂ 59% ਵੱਧ ਹੈ। ਇਸ ਪ੍ਰਦਰਸ਼ਨ ਨੇ ਕੰਪਨੀ ਨੂੰ ਆਈਡਬਲਿਊਐਨਬੀਪੀ ਕਮਾਈਆਂ ਵਿੱਚ ਨਿੱਜੀ ਜੀਵਨ ਬੀਮਾਕਰਤਾਵਾਂ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ ਹੈ। ਵਿੱਤੀ ਸਾਲ ਲਈ ਕੁੱਲ ਪ੍ਰੀਮੀਅਮ ਆਮਦਨ ਪਿਛਲੇ ਸਾਲ ਦੇ 14,445 ਕਰੋੜ ਰੁਪਏ ਦੇ ਮੁਕਾਬਲੇ 42% ਵਧ ਕੇ 20,503 ਕਰੋੜ ਰੁਪਏ ਹੋ ਗਈ ਹੈ। ਸਾਲ ਦੇ ਦੌਰਾਨ, ਸ਼ੁੱਧ ਲਾਭ ਵਿੱਤੀ ਸਾਲ 22 ਦੇ 71 ਕਰੋੜ ਰੁਪਏ ਤੋਂ 615% ਵੱਧ ਕੇ 506 ਕਰੋੜ ਰੁਪਏ ਹੋ ਗਿਆ। ਟਾਟਾ ਏਆਈਏ ਲਾਈਫ ਦੁਆਰਾ ਪ੍ਰਚੂਨ ਬੀਮੇ ਦੀ ਰਕਮ 3,07,804 ਕਰੋੜ ਰੁਪਏ ਤੋਂ ਵਧ ਕੇ 443,479 ਕਰੋੜ ਰੁਪਏ ਹੋ ਗਈ, ਜੋ ਕਿ ਵਿੱਤੀ ਸਾਲ 22 ਦੇ ਮੁਕਾਬਲੇ 44.08% ਦਾ ਵਾਧਾ ਹੈ।

# ਕੰਨਿਆ ਭਰੂਣ ਹੱਤਿਆ ਰੋਕਣ ਸਬੰਧੀ ਮੁਹਿੰਮ ਪਿੰਡ-ਪਿੰਡ ਜਾਰੀ



ਮਜੀਠਾ (ਸੋਇਮ ਆਨੰਦ) ਸਿਵਲ ਸਰਜਨ ਡਾ. ਵਿਜੇ ਕੁਮਾਰ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਧਿਕਾਰੀ ਡਾ. ਜਸਪ੍ਰੀਤ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤੇ ਸਿਹਤ ਬਲਾਕ ਥਰੀਏਵਾਲ ਵਿਖੇ ਲਿੰਗ ਅਨੁਪਾਤ ਸੁਧਾਰਨ ਦੇ ਲਈ ਐਸਐਮਓ ਡਾ. ਹਰਕੰਵਲਜੀਤ ਸਿੰਘ ਦੀ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਨੇ ਪਿੰਡ-ਪਿੰਡ ਪਹੁੰਚ ਕੇ ਕੰਨਿਆ ਭਰੂਣ ਹੱਤਿਆ ਰੋਕਣ ਦੇ ਲਈ ਪੀਸੀ-ਪੀਐਨਡੀਟੀ ਐਕਟ ਦੀ ਜਾਣਕਾਰੀ ਆਮ ਜਨਤਾ ਨੂੰ ਦਿੱਤੀ। ਬਲਾਕ ਐਜੂਕੈਟਰ ਰਣਜੀਤ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜ਼ਿਲ੍ਹਾ ਪੱਧਰ ਦੇ ਹਰੇਕ ਬਲਾਕ ਵਿੱਚ 10-10 ਘੱਟ ਸੈਕਸ ਰੇਸ਼ੋ ਚੁਣੇ ਗਏ। ਇਨ੍ਹਾਂ ਪਿੰਡਾਂ ਦਾ ਦੌਰਾ ਕਰਕੇ ਜਾਗਰੂਕਤਾ ਕੈਂਪ ਦੇ ਮਾਧਿਅਮ ਨਾਲ ਲੋਕਾਂ ਨੂੰ ਪੀਸੀ-ਪੀਐਨਡੀਟੀ ਐਕਟ ਦੇ ਬਾਰੇ ਜਾਣਕਾਰੀ ਦਿੱਤੀ ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਬਲਾਕ ਵਿੱਚ ਪਿੰਡ ਚਵਿੰਡਾ ਦੇਵੀ, ਕੋਟਲੀ ਢੋਲੇ ਸ਼ਾਹ, ਸ਼ਹਿਜ਼ਾਦਾ, ਬੇਗੇਵਾਲ, ਟਰਪਈ, ਵਡਾਲਾ, ਸੁਪਾਰੀਵਿੰਡ, ਮਾਂਗਾਸਰਾਏ, ਡੱਡੀਆਂ, ਹਮਜ਼ਾ ਸੈਮੀਨਾਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੈਂਪਾਂ ਦੇ ਦੌਰਾਨ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਨ੍ਹਾਂ ਦੇ ਖੇਤਰ ਵਿੱਚ ਕੰਨਿਆ ਭਰੂਣ ਹੱਤਿਆ ਜਿਹੀ ਗੈਰ-ਕਾਨੂੰਨੀ ਗਤੀਵਿਧੀ ਚੱਲ ਰਹੀ ਹੈ ਤਾਂ ਉਹ ਟੋਲ ਫਰੀ ਨੰਬਰ 104 ਤੇ ਇਸਦੀ ਜਾਣਕਾਰੀ ਦੇਣ ਤਾਂ ਕਿ ਉਨ੍ਹਾਂ ਲੋਕਾਂ ਤੇ ਪੀਸੀ-ਪੀਐਨਡੀਟੀ ਐਕਟ ਲਾ ਕੇ ਕਾਰਵਾਈ ਹੋ ਸਕੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਜਾਗਰੂਕ ਕਰਨ ਦਾ ਕੰਮ ਨਿਰੰਤਰ ਜਾਰੀ ਰਹੇਗਾ ਤਾਂ ਕਿ ਸੈਕਸ ਰੇਸ਼ੋ ਨੂੰ ਸਹੀ ਕੀਤਾ ਜਾ ਸਕੇ।

# ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਭਲਕੇ ਰੋਸ ਪ੍ਰਦਰਸ਼ਨ



ਪਠਾਨਕੋਟ (ਦਵਿੰਦਰ ਸਿੰਘ)- ਪਿੰਡ ਸਕੋਲ ਦੇ ਪਿੰਡ ਵਾਸੀਆਂ ਨੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਸੁਣਿਆ ਅਤੇ ਪੜ੍ਹਿਆ ਸੀ ਕਿ ਪਿੰਡ ਸਕੋਲ ਵਿਖੇ 103 ਏਕੜ ਜ਼ਮੀਨ ਜਿਹੜੀ ਕਿ ਉੱਥੇ ਦੇ ਕਿਸਾਨਾਂ ਨੇ ਬੜੀ ਮਿਹਨਤ ਕਰਕੇ ਅਬਾਦ ਕੀਤੀ ਸੀ ਉਸ ਜ਼ਮੀਨ ਉੱਤੇ ਸੈਂਟਰ ਸਰਕਾਰ ਐਨਐਸਜੀ ਹੱਬ ਖੋਲ੍ਹਣ ਜਾ ਰਹੀ ਹੈ। ਪਿੰਡ ਦੇ ਲੋਕਾਂ ਅਤੇ ਸਮੂਹ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਨੂੰ ਮੰਗ ਪੱਤਰ ਦੇਣਾ ਸੀ, ਪਰ ਡੀ ਸੀ ਪਠਾਨਕੋਟ ਨੇ ਇਹ ਮੰਗ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਉਹ ਦਫਤਰ ਵਿੱਚੋਂ ਉਠ ਕੇ ਬਾਹਰ ਚਲੇ ਗਏ, ਜਿਸ ਦੀ ਪਿੰਡ ਦੇ ਲੋਕਾਂ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਇਸ ਦੇ ਵਿਰੋਧ ਵਿੱਚ 22 ਜੂਨ ਨੂੰ ਪਿੰਡ ਵਾਸੀਆਂ ਅਤੇ ਸਮੂਹ ਕਿਸਾਨ ਮਜ਼ਦੂਰ ਜਥੇਬੰਦੀਆਂ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਠਾਨਕੋਟ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਮੌਕੇ ਪਿੰਡ ਸਕੋਲ ਦੇ ਸਾਬਕਾ ਸਰਪੰਚ ਤਰਲੋਕ ਸਿੰਘ ਤੇ ਪਰਵੀਨ ਕੁਮਾਰ, ਮੌਜੂਦਾ ਸਰਪੰਚ ਦੇ ਪਰਿਵਾਰ ਤੋਂ ਅਮਰੀਕ ਸਿੰਘ, ਪੰਚ ਨਾਨਕ ਸਿੰਘ, ਗੁਰਮੀਤ ਸਿੰਘ, ਨੰਬਰਦਾਰ ਮਹਿੰਦਰ ਸਿੰਘ, ਬਖ਼ਸ਼ੀਸ਼ ਸਿੰਘ, ਸੁਰਜੀਤ ਸਿੰਘ, ਸੰਤੋਖ ਸਿੰਘ, ਦਰਸ਼ਨ ਸਿੰਘ, ਵਿਜੇ ਕੁਮਾਰ, ਅਰਪਣ ਸਿੰਘ, ਕਿਸ਼ਨ ਸਿੰਘ, ਅਮਰੀਕ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਬਲਵੰਤ ਸਿੰਘ ਘੋਹ ਤੇ ਰਘਬੀਰ ਸਿੰਘ ਧਲੌਰੀਆਂ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਪ੍ਰੇਮ ਸਿੰਘ, ਕੇਵਲ ਕਾਲੀਆ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਾਮਰੇਡ ਸਤਬੀਰ ਸਿੰਘ ਸੁਲਤਾਨੀ ਤੇ ਪਰਮਜੀਤ ਸਿੰਘ ਰਤਨਗੜ੍ਹ, ਪੰਜਾਬ ਕਿਸਾਨ ਮਜ਼ਦੂਰ ਯੂਨੀਅਨ ਦੇ ਆਗੂ ਬਲਬੀਰ ਸਿੰਘ ਰੰਧਾਵਾ, ਸੁਰਜੀਤ ਸਿੰਘ, ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਧਾਰਕਲਾਂ ਤੋਂ ਕਿਸ਼ਨ ਗੋਸਵਾਮੀ, ਰਵੀ ਕਾਂਤ, ਪੈਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ, ਸੀਟੀਯੂ ਪੰਜਾਬ ਦੇ ਆਗੂ ਕਾਮਰੇਡ ਸ਼ਿਵ ਕੁਮਾਰ ਤੇ ਯਸ਼ਪਾਲ ਤੇ ਹੋਰ ਸਾਥੀਆਂ ਨੇ ਸੰਬੋਧਨ ਕੀਤਾ।

# ਐੱਸ ਡੀ ਐੱਮ ਭਿੱਖੀਵਿੰਡ ਦੀ ਖਾਲੀ ਕੁਰਸੀ ਦੇ ਦਰਸ਼ਨ ਕਰਕੇ ਲੋਕ ਪਰਤ ਰਹੇ ਘਰਾਂ ਨੂੰ!

## ਸਾਹਬ ਨਹੀਂ ਸੰਭਾਲ ਰਹੇ ਚਾਰਜ, ਅੱਤ ਦੀ ਗਰਮੀ 'ਚ ਲੋਕ ਹੋ ਰਹੇ ਖੱਜਲ-ਖੁਆਰ



ਭਿੱਖੀਵਿੰਡ/ਖਾਲੜਾ **(ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਬੀਤੇ ਕਈ ਦਿਨਾਂ ਤੋਂ ਐਸਡੀਐਮ ਦਫਤਰ ਭਿੱਖੀਵਿੰਡ ਦੇ ਕੰਮਕਾਜ ਠੱਪ ਨਜ਼ਰ ਆ ਰਹੇ ਹਨ। ਹਰ ਰੋਜ਼ ਲੋਕ ਅੱਤ ਦੀ ਗਰਮੀ 'ਚ ਖੱਜਲ-ਖੁਆਰ ਹੋ ਕੇ ਘਰਾਂ ਨੂੰ ਪਰਤ ਰਹੇ ਹਨ, ਪਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਐਸਡੀਐਮ ਭਿੱਖੀਵਿੰਡ ਅੱਤ ਦੀ ਗਰਮੀ 'ਚ ਖੱਜਲ ਹੋ ਰਹੇ ਲੋਕਾਂ ਪ੍ਰਤੀ ਬਿਲਕੁਲ ਗੰਭੀਰ ਨਜ਼ਰ ਨਹੀਂ ਆ ਰਹੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਭਾਈ ਤਾਰੂ ਸਿੰਘ ਪੂਹਲਾ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸਬ-ਡਵੀਜ਼ਨ ਭਿੱਖੀਵਿੰਡ ਦੇ ਪੁਰਾਣੇ ਐਸਡੀਐਮ ਸਾਹਬ ਜਿਨ੍ਹਾਂ ਕੋਲ ਭਿੱਖੀਵਿੰਡ ਦਾ ਵਾਧੂ ਚਾਰਜ ਸੀ, ਕੋਲੋਂ ਅਡੀਸ਼ਨਲ ਚਾਰਜ ਵਾਪਸ ਲੈਣ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਵੇਂ ਐਸਡੀਐਮ ਨੂੰ ਸਬ-ਡਵੀਜ਼ਨ ਭਿੱਖੀਵਿੰਡ ਦਾ ਚਾਰਜ ਸੰਭਾਲਣ ਦੇ ਹੁਕਮ ਮਿਤੀ 2 ਜੂਨ ਨੂੰ ਜਾਰੀ ਕੀਤੇ ਗਏ ਸਨ, ਪ੍ਰੰਤੂ 18 ਦਿਨ ਬੀਤ ਜਾਣ ਦੇ ਬਾਵਜੂਦ ਨਵੇਂ ਐਸਡੀਐਮ ਸਾਹਬ ਆਪਣਾ ਚਾਰਜ ਸੰਭਾਲਣ ਦਫਤਰ ਨਹੀਂ ਆਏ।

ਐਸਡੀਐਮ ਸਾਹਿਬ ਦੀ ਖਾਲੀ ਕੁਰਸੀ ਲੋਕਾਂ ਦੀਆਂ ਮੁਸ਼ਕਲਾਂ ਵਧਾ ਰਹੀ ਹੈ। ਉਨ੍ਹਾਂ ਕਿਹਾ ਕਿ ਐਸਡੀਐਮ ਦਫਤਰ ਦੀ ਕੁਰਸੀ ਖਾਲੀ ਹੋਣ ਕਾਰਨ ਮੋਟਰਸਾਈਕਲ-ਗੱਡੀਆਂ ਦੀ ਰਜਿਸਟਰੇਸ਼ਨ, ਨਵੇਂ ਡਰਾਈਵਿੰਗ ਲਾਇਸੰਸ, ਰੀਨਿਊਅਲ ਲਾਇਸੈਂਸਾਂ ਦੀ ਅਪਰੂਵਲ ਆਦਿ ਕੰਮ ਠੱਪ ਹੋ ਗਏ ਹਨ, ਜਿਸ ਕਾਰਨ ਲੋਕਾਂ ਅੰਦਰ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਭਾਰੀ ਨਿਰਾਸ਼ਾ ਵੇਖਣ ਨੂੰ ਮਿਲ ਰਹੀ ਹੈ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਪਾਸੋਂ ਮੰਗ ਕੀਤੀ ਕਿ ਐਸਡੀਐਮ ਦਫਤਰ ਭਿੱਖੀਵਿੰਡ ਦਾ ਕੰਮਕਾਜ ਜਲਦੀ ਤੋਂ ਜਲਦੀ ਸ਼ੁਰੂ ਕਰਵਾਇਆ ਜਾਵੇ ਤਾਂ ਜੋ ਲੋਕ ਖੱਜਲ-ਖੁਆਰੀ ਤੋਂ ਬਚ ਸਕਣ। ਇਸ ਮੌਕੇ ਮਾਨ ਸਿੰਘ ਮਾੜੀਮੇਘਾ, ਬਲਿਹਾਰ ਸਿੰਘ ਮਨਿਹਾਲਾ, ਸੁਬੇਗ ਸਿੰਘ ਮੱਖੀ ਕਲ੍ਹਾ, ਅਜਮੇਰ ਸਿੰਘ ਅਮੀਸ਼ਾਹ, ਬਚਿੱਤਰ ਸਿੰਘ ਨਵਾਂ ਪਿੰਡ, ਪਾਲ ਸਿੰਘ ਮਨਾਵਾ, ਬਲਵੀਰ ਸਿੰਘ ਮਨਾਵਾ, ਜਗਜੀਤ ਸਿੰਘ ਭੈਣੀ ਮੱਸਾ ਸਿੰਘ, ਹੀਰਾ ਸਿੰਘ ਮੱਦਰ, ਸਤਨਾਮ ਸਿੰਘ ਮਨਿਹਾਲਾ, ਜਰਨੈਲ ਸਿੰਘ ਕੱਚਾ ਪੱਕਾ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਜਸਬੀਰ ਸਿੰਘ ਮਰਗਿੰਦਪੁਰਾ, ਗੁਰਨਾਮ ਸਿੰਘ ਮੱਖੀ ਕਲਾਂ, ਹਰਚੰਦ ਸਿੰਘ ਸਾਧਰਾ, ਕੰਵਲਜੀਤ ਸਿੰਘ ਪਹੂਵਿੰਡ, ਸਵਰਨ ਸਿੰਘ ਡਲੀਰੀ, ਨਿਰਵੈਲ ਸਿੰਘ ਚੇਲਾ, ਹਰਪਾਲ ਸਿੰਘ ਕਲਸੀਆ, ਸੁਖਪਾਲ ਸਿੰਘ ਦੋਦੇ, ਅੰਗਰੇਜ ਸਿੰਘ ਵਾਂ, ਕਾਰਜ ਸਿੰਘ ਅਮੀਸ਼ਾਹ, ਬਾਜ ਸਿੰਘ ਖਾਲੜਾ, ਬਲਦੇਵ ਸਿੰਘ ਉਧੋਕੇ ਆਦਿ ਕਿਸਾਨ ਆਗੂ ਹਾਜ਼ਰ ਸਨ।

# 25 ਤੱਕ ਰੂਰਲ ਫਾਰਮੇਸੀ ਅਫਸਰਾਂ ਨੂੰ ਡਿਸਪੈਂਸਰੀਆਂ 'ਚ ਵਾਪਸ ਭੇਜਿਆ ਜਾਵੇ: ਚੌਹਾਨ

**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-ਰੂਰਲ ਫਾਰਮੇਸੀ ਅਫਸਰ ਜੋ ਜਨਵਰੀ ਤੋਂ ਆਮ ਆਦਮੀ ਕਲੀਨਿਕਾਂ 'ਚ ਡਿਊਟੀ ਕਰ ਰਹੇ ਹਨ, ਨਿਗੂਣੀਆਂ ਤਨਖਾਹਾਂ ਦੇ ਬਾਵਜੂਦ 35-40 ਕਿਲੋਮੀਟਰ ਦੂਰ ਡਿਊਟੀਆਂ ਕਰਨ ਲਈ ਮਜਬੂਰ ਹਨ। ਹਾਲ ਇਹ ਹੈ ਕਿ 11000 ਤਨਖਾਹ 'ਚੋਂ ਅੱਧਾ ਹਿੱਸਾ ਤਾਂ ਪੈਟਰੋਲ ਖਰਚੇ ਵਿੱਚ ਹੀ ਖਤਮ ਹੋ ਜਾਂਦਾ ਹੈ। ਇਨ੍ਹਾਂ ਡਿਊਟੀਆਂ ਦਾ ਵਿਰੋਧ ਪਹਿਲੇ ਦਿਨ ਤੋਂ ਹੀ ਕੀਤਾ ਜਾ ਰਿਹਾ ਹੈ ਜਿਸ ਸੰਬੰਧੀ 25 ਜਨਵਰੀ ਨੂੰ ਸਿਹਤ ਮੰਤਰੀ ਨਾਲ, 21 ਫਰਵਰੀ ਨੂੰ ਸਿਹਤ ਮੰਤਰੀ, ਖਜਾਨਾ ਮੰਤਰੀ ਤੇ ਪੰਚਾਇਤ ਮੰਤਰੀ ਨਾਲ ਹੋਈਆਂ ਮੀਟਿੰਗਾਂ ਵਿੱਚ ਤਨਖਾਹ 'ਚ ਵਾਧੇ ਤੇ ਆਮ ਆਦਮੀ ਡਿਊਟੀਆਂ ਤੋਂ ਜਲਦ ਵਾਪਸੀ ਬਾਰੇ ਮੰਤਰੀ ਸਾਹਿਬਾਨ ਵੱਲੋਂ ਭਰੋਸਾ ਦਿੱਤਾ ਜਾਂਦਾ ਰਿਹਾ, ਪਰ ਦੋਹਾਂ ਵਿੱਚੋਂ ਕਿਸੇ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ। ਇਸ ਸੰਬੰਧੀ ਜੱਥੇਬੰਦੀ ਵੱਲੋਂ ਜਲੰਧਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਵੀ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕਰਕੇ ਵੀ ਸਾਰੀਆਂ ਮੰਗਾਂ ਬਾਰੇ ਵਿਚਾਰ ਹੋਈ ਤੇ ਚੰਡੀਗੜ੍ਹ ਪੰਜਾਬ ਭਵਨ ਵਿਖੇ 15 ਮਈ ਨੂੰ ਪੰਜਾਬ ਕੈਬਨਿਟ ਦੇ ਮੰਤਰੀਆਂ ਦੀ ਨਾਲ ਉੱਚ ਪੱਧਰੀ ਮੀਟਿੰਗ ਵਿੱਚ ਵੀ ਆਮ ਆਦਮੀ ਕਲੀਨਿਕਾਂ ਤੋਂ ਵਾਪਸ ਡਿਸਪੈਂਸਰੀਆਂ ਵਿੱਚ ਭੇਜਣ ਲਈ ਕਿਹਾ ਗਿਆ, ਪਰ ਪਿੰਡਾਂ ਦੇ ਲੋਕਾਂ ਦੀ ਸਿਹਤ ਸੰਬੰਧੀ ਸੁਵਿਧਾਵਾਂ ਅੱਖੋਂ ਪਰੋਖੇ ਕਰਕੇ ਸਰਕਾਰ ਨੇ ਫਿਰ ਵੀ ਕੁੱਝ ਨਾ ਕੀਤਾ। 8 ਜੂਨ ਨੂੰ ਐਨਐਚਐਮ ਦੇ ਡਾਇਰੈਕਟਰ ਦਫਤਰ ਵੱਲੋਂ ਪੱਤਰ ਜਾਰੀ ਕਰਕੇ ਰੂਰਲ ਮੈਡੀਕਲ ਅਫਸਰਾਂ ਨੂੰ ਤਾਂ ਡਿਸਪੈਂਸਰੀਆਂ 'ਚ ਦੁਬਾਰਾ ਭੇਜ ਦਿੱਤਾ ਗਿਆ ਹੈ, ਪਰ ਰੂਰਲ ਫਾਰਮੇਸੀ ਅਫਸਰਾਂ ਬਾਰੇ ਸਰਕਾਰ ਅਜੇ ਵੀ ਚੁੱਪ ਹੈ। ਜ਼ਿਕਰਯੋਗ ਹੈ ਕਿ ਸਰਕਾਰ ਨੇ ਪਿਛਲੇ ਹਫਤੇ ਹੀ ਪੇਂਡੂ ਡਿਸਪੈਂਸਰੀਆਂ ਵਿੱਚ ਦਵਾਈਆਂ ਭੇਜੀਆਂ ਹਨ, ਪਰ ਬਿਨਾਂ ਦਰਜਾ ਚਾਰ ਮੁਲਾਜ਼ਮ ਤੇ ਬਿਨਾਂ ਫਾਰਮੇਸੀ ਅਫਸਰ ਦੇ ਮੈਡੀਕਲ ਅਫਸਰ ਇਕੱਲੇ ਹੀ ਕਿਸ ਤਰ੍ਹਾਂ ਮਰੀਜ਼ਾਂ ਨੂੰ ਚੈੱਕ ਕਰ ਸਕਣਗੇ। ਸੋ ਇਸ ਸੰਬੰਧੀ ਜੱਥੇਬੰਦੀ ਦੇ ਸੂਬਾ ਪ੍ਰਧਾਨ ਕਮਲਜੀਤ ਸਿੰਘ ਚੌਹਾਨ ਨੇ ਸੀਨੀਅਰ ਫਾਰਮੇਸੀ ਅਫਸਰ ਨਾਲ ਮੀਟਿੰਗ ਕਰਕੇ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ 25 ਜੂਨ ਤੱਕ ਰੂਰਲ ਫਾਰਮੇਸੀ ਅਫਸਰਾਂ ਨੂੰ ਵਾਪਸ ਡਿਸਪੈਂਸਰੀਆਂ ਵਿੱਚ ਨਾ ਭੇਜਿਆ ਗਿਆ ਤਾਂ 26 ਜੂਨ ਨੂੰ ਉਹ ਖੁਦ ਆਪਣੀਆਂ ਡਿਸਪੈਂਸਰੀਆਂ ਵਿੱਚ ਡਿਊਟੀ ਕਰਨ ਲੱਗ ਜਾਣਗੇ ਤੇ ਆਮ ਆਦਮੀ ਕਲੀਨਿਕਾਂ ਵਿੱਚ ਨਹੀਂ ਜਾਣਗੇ ਜਿਸ ਦੀ ਨਿਰੋਲ ਜ਼ਿੰਮੇਵਾਰੀ ਉੱਚ ਅਧਿਕਾਰੀਆਂ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਸਵਰਤ ਸ਼ਰਮਾ ਜਰਨਲ ਸਕੱਤਰ, ਜੋਤ ਰਾਮ ਮਦਨੀਪੁਰ ਚੇਅਰਮੈਨ, ਗੁਰਵਿੰਦਰ ਸਿੰਘ ਨੀਰ, ਹਰਿੰਦਰ ਸਿੰਘ ਧੂੰਦਾ, ਨਵਜੋਤ ਕੌਰ, ਸੰਦੀਪ ਕੌਰ, ਦੀਪਕ ਸ਼ਰਮਾ, ਵਰਿੰਦਰ ਕੁਮਾਰ, ਮਨਦੀਪ ਕੌਰ, ਪਿੰਸ ਭਰਤ, ਜਗਮੋਹਨ ਬਠਿੰਡਾ, ਸੁਮਿਤ ਮੋਗਾ ਅਤੇ ਹੋਰ ਸੀਨੀਅਰ ਫਾਰਮੇਸੀ ਅਫਸਰ ਸ਼ਾਮਲ ਸਨ।

# ਖ਼ੂਨ ਦੀ ਕਮੀ ਨਾਲ ਜੂਝ ਰਹੇ 2 ਮਹੀਨੇ ਦੇ ਵੱਛੇ ਦੀ ਜਾਨ ਬਚਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਵਿਖੇ ਖੂਨ ਦੀ ਕਮੀ ਨਾਲ ਜੂਝ ਰਹੇ 2 ਮਹੀਨੇ ਦੇ ਵੱਛੇ ਦੀ ਖ਼ੂਨ ਚੜ੍ਹਾ ਕੇ ਜਾਨ ਬਚਾਈ ਗਈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਛੇ ਦੀ ਹਾਲਤ ਬਹੁਤ ਹੀ ਗੰਭੀਰ ਸੀ ਅਤੇ ਉਹ ਖ਼ਤਰਨਾਕ ਅਨੀਮੀਆ (2.98%) ਬਿਮਾਰੀ ਨਾਲ ਜੂਝ ਰਿਹਾ ਸੀ ਜਿਸ ਨੂੰ ਮਾਹਿਰ ਡਾ. ਪਵਨ ਮਲਹੋਤਰਾ ਦੀ ਟੀਮ ਦੁਆਰਾ ਬੜੀ ਜੱਦੋਜਹਿਦ ਉਪਰੰਤ ਬਚਾਅ ਲਿਆ ਗਿਆ। ਉਨ੍ਹਾਂ ਕਿਹਾ ਕਿ ਵੱਛਿਆਂ ਦੀ ਜਾਨ ਬਚਾਉਣ ਲਈ ਇਹ ਇਕ ਵੱਡੀ ਸਫਲਤਾ ਹੈ ਕਿਉਂਕਿ ਇਹ ਡੇਅਰੀ ਉਦਯੋਗ ਦਾ ਭਵਿੱਖ ਹਨ। ਉਨ੍ਹਾਂ ਕਿਹਾ ਕਿ ਕਾਲਜ ਦੇ ਐਲ. ਐਫ਼. ਸੀ. ਵਿਭਾਗ ਵਿਖੇ ਚੰਗੀ ਮਾਤਰਾ 'ਚ ਵੱਛੇ, ਸੂਰ, ਭੇਡ, ਬੱਕਰੀ ਆਦਿ ਮੌਜੂਦ ਹਨ, ਜਿਨ੍ਹਾਂ ਨੂੰ ਉਭਰਦੇ ਪਸ਼ੂਆਂ ਦੇ ਡਾਕਟਰਾਂ ਨੂੰ ਸਿਖਲਾਈ ਦੇਣ ਲਈ ਪਾਲਿਆ ਜਾਂਦਾ ਹੈ, ਜੋ ਕਿ ਵੈਟਰਨਰੀ ਅਫ਼ਸਰਾਂ ਵਜੋਂ ਆਪਣਾ ਉਜਵਲ ਭਵਿੱਖ ਬਣਾ ਰਹੇ ਹਨ।

ਡਾ. ਵਰਮਾ ਨੇ ਕਿਹਾ ਕਿ ਕਾਲਜ ਵਿਖੇ ਪਾਲਤੂ ਅਤੇ ਵੱਡੇ ਜਾਨਵਰਾਂ ਦੇ ਪ੍ਰਜਨਨ ਅਤੇ ਹੋਰ ਰੋਗ ਸਬੰਧੀ ਸਥਿਤੀਆਂ ਦਾ ਨਿਦਾਨ ਕਰਨ ਲਈ ਅਲਟਰਾਸਾਊਂਡ ਦੀ ਵਰਤੋਂ ਸਬੰਧੀ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਸਿਖਲਾਈ ਸਰਜਰੀ ਵਿਭਾਗ ਅਤੇ ਗਾਇਨੀਕੋਲੋਜੀ ਵਿਭਾਗ ਦੁਆਰਾ ਸਾਂਝੇ ਤੌਰ 'ਤੇ ਵੈਟਰਨਰੀ ਕਲੀਨਿਕਲ ਕੰਪਲੈਕਸ ਵਿਖੇ ਡਾ. ਵੀ. ਕੇ. ਗੰਡੋਤਰਾ, ਡਾ. ਜੀ. ਧੰਨਣ ਜਯਾ ਰਾਓ ਅਤੇ ਡਾ. ਪੀ. ਐਸ. ਮਾਵੀ, ਡਾਇਰੈਕਟਰ ਵੀ. ਸੀ. ਸੀ. ਫ਼ੋਰ ਫੀਲਡ ਪ੍ਰੈਕਟਿਸਿੰਗ ਵੈਟਰਨਰੀਅਨ ਦੀ ਅਗਵਾਈ ਹੇਠ ਕਰਵਾਈ ਗਈ। ਇਸ ਡਾ. ਵਰਮਾ ਨੇ ਖੂਨ ਚੜ੍ਹਾਉਣ ਅਤੇ ਅਲਟਰਾਸਾਊਂਡ ਟੀਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਿਸਾਨਾਂ ਅਤੇ ਪਾਲਤੂ ਜਾਨਵਰਾਂ ਦੇ ਮਾਲਕ ਨੂੰ ਜ਼ਿਲ੍ਹੇ ਦੇ ਇਸ 24 ਘੰਟੇ ਚੱਲ ਰਹੇ ਵੈਟਰਨਰੀ ਹਸਪਤਾਲ ਦਾ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ ਅਤੇ ਉਹ ਕਿਸੇ ਵੀ ਕਿਸਮ ਦੇ ਪਸ਼ੂਆਂ ਦੇ ਇਲਾਜ ਸਬੰਧੀ 62834-29117 'ਤੇ ਸੰਪਰਕ ਕਰ ਸਕਦੇ ਹਨ ਜਾਂ ਡੇਅਰੀ ਪੋਲਟਰੀ, ਸੂਰ ਪਾਲਣ, ਬੱਕਰੀ ਪਾਲਣ ਅਤੇ ਪਸ਼ੂਧਨ ਉਤਪਾਦਾਂ ਦੇ ਮੁੱਲ ਵਾਧਾ ਆਦਿ ਸਿਖਲਾਈ ਬਾਰੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ।

# ਕੱਟੇ ਗਏ ਰਾਸ਼ਨ ਕਾਰਡ ਬਹਾਲ ਕਰਾਉਣ ਲਈ ਦਿਹਾਤੀ ਮਜ਼ਦੂਰ ਸਭਾ ਪੰਜਾਬ ਵੱਲੋਂ ਪ੍ਰਦਰਸ਼ਨ




ਪਠਾਨਕੋਟ (ਦਵਿੰਦਰ ਸਿੰਘ)-ਰਾਸ਼ਨ ਡਿਪੂਆਂ ਰਾਹੀਂ ਆਰਥਿਕ ਤੌਰ ਤੇ ਗਰੀਬ ਪਰਿਵਾਰਾਂ ਨੂੰ ਘਰੇਲੂ ਵਰਤੋਂ ਦੀਆਂ ਜ਼ਰੂਰੀ ਵਸਤਾਂ ਦੇਣ ਦੀ ਬਜਾਏ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੇ ਰਾਸ਼ਨ ਕਾਰਡ ਵੀ ਕੱਟ ਦਿੱਤੇ ਅਤੇ ਗਰੀਬ ਪਰਿਵਾਰਾਂ ਨੂੰ ਨਿਗੂਣੀ ਮਿਲਦੀ ਕਣਕ ਤੋਂ ਵੀ ਵਾਂਝਿਆਂ ਕਰ ਦਿੱਤਾ ਹੈ।

ਕੱਟੇ ਗਏ ਰਾਸ਼ਨ ਕਾਰਡਾਂ ਨੂੰ ਬਹਾਲ ਕਰਾਉਣ, ਚਲਦੇ ਰਾਸ਼ਨ ਕਾਰਡ ਵਿੱਚ ਪੂਰੇ ਪਰਿਵਾਰਕ ਮੈਂਬਰਾਂ ਦੇ ਨਾਮ ਜੋੜਨ ਅਤੇ ਪਹਿਲਾਂ ਤੋਂ ਕੱਟੀਆਂ ਪਰਚੀਆਂ ਦੀ ਕਣਕ ਨਾ ਮਿਲਣ ਅਤੇ ਹੋਰ ਮੰਗਾਂ ਨੂੰ ਲੈ ਕੇ ਪਠਾਨਕੋਟ ਜ਼ਿਲ੍ਹੇ ਦੇ ਬਲਾਕ ਸੁਜਾਨਪੁਰ ਅੰਦਰ ਪੈਂਦੇ ਵੱਖ-ਵੱਖ ਪਿੰਡਾਂ ਫੂਲ ਪਿਆਰਾ, ਗੁਗਰਾਂ ਸ਼ਹਿਰ ਛੰਨੀ ਫਿਰੋਜ਼ਪੁਰ ਕਲਾਂ ਅਤੇ ਹੋਰ ਪਿੰਡਾਂ ਦੇ ਲੋਕਾਂ ਵਲੋਂ ਦਿਹਾਤੀ ਮਜ਼ਦੂਰ ਸਭਾ ਦੇ ਆਗੂਆਂ ਕਾਮਰੇਡ ਅਜੀਤ ਰਾਮ ਗੰਦਲਾਂ ਲਾਹੜੀ, ਯਸ਼ਪਾਲ, ਸੁਰਜੀਤ ਕੁਮਾਰ, ਨਰੇਸ਼ ਕੁਮਾਰ ਦੀ ਅਗਵਾਈ ਹੇਠ ਜ਼ਿਲ੍ਹਾ ਫੂਡ ਅਤੇ ਸਪਲਾਈ ਕੰਟਰੋਲਰ ਪਠਾਨਕੋਟ ਨੂੰ ਰੋਸ ਪ੍ਰਦਰਸ਼ਨ ਕਰਨ ਉਪਰੰਤ ਉਪਰੋਕਤ ਮੰਗਾਂ ਸਮੇਤ ਪੂਰੀ ਕਣਕ ਦਾ ਮਿਲਣਾ ਯਕੀਨੀ ਬਣਾਉਣ, ਨਵੇਂ ਬਣਨ ਵਾਲੇ ਰਾਸ਼ਨ ਕਾਰਡ ਵੀ ਬਣਾਏ ਜਾਣ ਤੇ ਹੋਰ ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ ਅਤੇ ਮੰਗ ਕੀਤੀ ਕਿ ਗਰੀਬ ਪਰਿਵਾਰਾਂ ਦੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਤੁਰੰਤ ਨਿਪਟਾਰਾ ਕੀਤਾ ਜਾਵੇ।

ਦਿਹਾਤੀ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਅਜੀਤ ਰਾਮ ਗੰਦਲਾਂ ਲਾਹੜੀ ਨੇ ਕਿਹਾ ਕਿ ਲਗਾਤਾਰ ਵਧ ਰਹੀ ਮਹਿੰਗਾਈ ਤੇ ਬੇਰੁਜ਼ਗਾਰੀ ਨੇ ਮਜ਼ਦੂਰਾਂ ਦਾ ਜੀਣਾ ਦੁੱਭਰ ਕਰ ਦਿੱਤਾ। ਉਪਰੋਂ ਕੇਂਦਰ ਅਤੇ ਪੰਜਾਬ ਸਰਕਾਰ ਨੇ ਗਰੀਬਾਂ ਦਾ ਡਿਪੂਆਂ ਰਾਹੀਂ ਮਿਲਣ ਵਾਲੀ ਕਣਕ ਦਾ ਕੋਟਾ ਘਟਾ ਕੇ ਮਜ਼ਦੂਰਾਂ ਦੀ ਮੁਸ਼ਕਲ ਵਧਾ ਦਿੱਤੀ ਹੈ। ਮਜ਼ਦੂਰ ਆਗੂਆਂ ਨੇ ਜੇਕਰ ਜ਼ਿਲ੍ਹਾ ਪ੍ਰਸ਼ਾਸਨ ਨੇ ਫੌਰੀ ਤੌਰ 'ਤੇ ਨਜਾਇਜ਼ ਕੱਟੇ ਗਏ ਰਾਸ਼ਨ ਕਾਰਡ ਬਹਾਲ ਕਰਕੇ ਗਰੀਬ ਪਰਿਵਾਰਾਂ ਨੂੰ ਕਣਕ ਦੀ ਵੰਡ ਨਾ ਕੀਤੀ ਤਾਂ ਦਿਹਾਤੀ ਮਜ਼ਦੂਰ ਸਭਾ ਵਲੋਂ ਜ਼ਿਲ੍ਹਾ ਹੈੱਡਕੁਆਰਟਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਪੱਕਾ ਧਰਨਾ ਵੀ ਲੱਗ ਸਕਦਾ ਹੈ। ਇਸ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਵਾਗਡੋਰ ਸੰਭਾਲਦਿਆਂ ਸਾਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਸਦੇ ਮੰਤਰੀਆਂ ਨੇ ਬੜੇ ਦਮਗਜੇ ਮਾਰੇ ਸਨ ਕਿ ਲੋੜਵੰਦ ਗਰੀਬ ਲੋਕਾਂ ਨੂੰ ਕਣਕ ਦੀ ਥਾਂ ਆਟਾ ਘਰ ਘਰ ਪੁੱਜਦਾ ਕੀਤਾ ਜਾਵੇਗਾ ਅਤੇ ਹਕੀਕਤ ਇਹ ਹੈ ਕਿ ਬਹੁਤ ਸਾਰੇ ਗਰੀਬਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਹੀ ਕੱਟ ਦਿੱਤੇ ਹਨ, ਇਹ ਹਾਲ ਫੂਡ ਅਤੇ ਸਪਲਾਈ ਮੰਤਰੀ ਦੇ ਆਪਣੇ ਜ਼ਿਲ੍ਹੇ ਦਾ ਹੈ। ਬਾਕੀ ਪੰਜਾਬ ਦਾ ਹਾਲ ਕੀ ਹੋਵੇਗਾ ਇਹ ਲੋਕ ਸਮਝ ਲੈਣ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਜ਼ਿਲ੍ਹਿਆਂ ਤੋਂ ਚੱਲੇਗੀ, ਘੰਟਿਆਂ ਬੱਧੀ ਜ਼ਿਲ੍ਹਾ ਹੈਡਕੁਆਰਟਰ 'ਤੇ ਅਧਿਕਾਰੀ ਆਪਣੇ ਦਫਤਰਾਂ ਵਿਚ ਦਿਖਾਈ ਨਹੀਂ ਦਿੰਦੇ, ਜੇ ਮਿਲ ਵੀ ਜਾਣ ਗੱਲ ਸੁਣਨ ਨੂੰ ਤਿਆਰ ਨਹੀਂ। ਗਰੀਬ ਲੋਕਾਂ ਦੀ ਹਾਲਤ ਪਹਿਲਾਂ ਤੋਂ ਵੀ ਮਾੜੀ ਹੋ ਗਈ ਹੈ।

ਡੀਐਫਐਸਸੀ ਦੇ ਦਫਤਰ ਸਾਹਮਣੇ ਦਿੱਤੇ ਧਰਨੇ ਵਿੱਚ ਉਪਰੋਕਤ ਤੋਂ ਇਲਾਵਾ ਨਰੇਸ਼ ਕੁਮਾਰ, ਯਸ਼ਪਾਲ, ਸੁਰਜੀਤ ਕੁਮਾਰ, ਕਿਸ਼ਨ ਕੁਮਾਰ, ਅਵਤਾਰ ਸਿੰਘ, ਰੇਖਾ ਰਾਣੀ, ਬਲਬੀਰ ਚੰਦ, ਅਸ਼ਵਨੀ ਕੁਮਾਰ, ਗੁਰਮੀਤ ਅਤੇ ਹੋਰ ਔਰਤਾਂ ਨੇ ਵੀ ਆਪਣਾ ਪੱਖ ਪ੍ਰਸ਼ਾਸਨ ਸਾਹਮਣੇ ਰੱਖਿਆ।

# ਮੁੱਖ ਮੰਤਰੀ ਨੇ ਯੋਗ ਨੂੰ ਜੀਵਨ ਦਾ ਅਨਿੱਖੜਵਾਂ ਹਿੱਸਾ ਬਣਾਉਣ ਦਾ ਦਿੱਤਾ ਸੱਦਾ



**ਜਲੰਧਰ-(ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**-'ਸੀ.ਐਮ. ਦੀ ਯੋਗਸ਼ਾਲਾ' ਨੂੰ ਲੋਕ ਲਹਿਰ ਵਿੱਚ ਬਦਲਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤਮੰਦ, ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬੇ ਦੀ ਸਿਰਜਣਾ ਲਈ ਸੂਬੇ ਦੇ 50,000 ਤੋਂ ਵੱਧ ਲੋਕਾਂ ਨੂੰ ਯੋਗ ਕਰਵਾਉਣ ਲਈ ਅਗਵਾਈ ਕੀਤੀ । ਇੱਥੇ ਪੀ.ਏ.ਪੀ. ਗਰਾਊਂਡ ਵਿਖੇ 'ਸੀ.ਐਮ. ਦੀ ਯੋਗਸ਼ਾਲਾ' ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਸਿਹਤ ਖੇਤਰ ਵਿੱਚ ਇਸ ਕ੍ਰਾਂਤੀ ਦਾ ਮਕਸਦ ਸੂਬੇ ਦੇ ਲੋਕਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਤੰਦਰੁਸਤ ਬਣਾਉਣਾ ਹੈ। ਇਸ ਸਮਾਗਮ ਵਿੱਚ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ।ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ 'ਸੀ.ਐਮ. ਦੀ ਯੋਗਸ਼ਾਲਾ' ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਬਹੁਤ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਸਿਹਤਮੰਦ ਅਤੇ ਪੁਰਾਤਨ ਸ਼ਾਨ ਵਾਲਾ ਸੂਬਾ ਹੋਣ ਦਾ ਗੌਰਵ ਮੁੜ ਹਾਸਲ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਵਾਂਗ ਇਹ ਕੋਈ ਸਿਆਸੀ ਸਮਾਗਮ ਨਹੀਂ ਰਚਿਆ ਗਿਆ ਸਗੋਂ ਇਸ ਮੁਹਿੰਮ ਦਾ ਇੱਕੋ-ਇੱਕ ਉਦੇਸ਼ ਲੋਕਾਂ ਨੂੰ ਯੋਗ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਬਾਰੇ ਪ੍ਰੇਰਿਤ ਕਰਕੇ ਪੰਜਾਬ ਨੂੰ ਸਿਹਤਮੰਦ ਸੂਬਾ ਬਣਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮੁਫਤ ਯੋਗ ਸਿਖਲਾਈ ਲਈ ਲੋਕ ਟੋਲ ਫਰੀ ਨੰਬਰ 7669 400 500 'ਤੇ ਡਾਇਲ ਕਰ ਸਕਦੇ ਹਨ ਜਾਂ https://cmdiyogshala.punjab.gov.in 'ਤੇ ਜਾ ਕੇ ਇਹ ਸੇਵਾ ਪ੍ਰਾਪਤ ਕਰ ਸਕਦੇ ਹਨ ਅਤੇ ਸਿਖਲਾਈ ਪ੍ਰਾਪਤ ਯੋਗਾ ਇੰਸਟ੍ਰਕਟਰ ਲੋਕਾਂ ਨੂੰ ਯੋਗਾ ਬਾਰੇ ਜਾਣੂੰ ਕਰਵਾਉਣ ਵਿੱਚ ਮਦਦ ਕਰਨਗੇ। ਮਾਨ ਨੇ ਦੱਸਿਆ ਕਿ ਇਸ ਮੁਹਿੰਮ ਦੇ ਹਿੱਸੇ ਵਜੋਂ ਉਚ ਸਿਖਲਾਈ ਪ੍ਰਾਪਤ ਯੋਗਾ ਇੰਸਟ੍ਰਕਟਰ ਖੁੱਲ੍ਹੇ ਪਾਰਕਾਂ ਅਤੇ ਹੋਰ ਜਨਤਕ ਥਾਵਾਂ 'ਤੇ ਲੋਕਾਂ ਨੂੰ ਮੁਫਤ ਯੋਗਾ ਸਿਖਲਾਈ ਦੇਣਗੇ । ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਵਧ ਰਿਹਾ ਤਣਾਅ ਹਰ ਕਿਸੇ ਲਈ ਚਿੰਤਾ ਦਾ ਮੁੱਖ ਕਾਰਨ ਹੈ ਅਤੇ ਯੋਗ ਲੋਕਾਂ ਨੂੰ ਇਸ ਤੋਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ, ਡਾ: ਬਲਬੀਰ ਸਿੰਘ ਅਤੇ ਬ੍ਰਮ ਸ਼ੰਕਰ ਜਿੰਪਾ, ਰਾਜ ਸਭਾ ਮੈਂਬਰ ਰਾਘਵ ਚੱਢਾ, ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ. ਵੇਨੂਪ੍ਰਸਾਦ ਅਤੇ ਹੋਰ ਵੀ ਹਾਜ਼ਰ ਸਨ।

# ਢਾਈ ਦਹਾਕਿਆਂ ਤੋਂ ਲੋਕਾਂ ਨਾਲ ਖੜ੍ਹੇ ਪੱਤਰਕਾਰ ਇਕਬਾਲ ਸ਼ਾਂਤ ਦਾ ਸਨਮਾਨ ਤੇ ਗੰਭੀਰ ਵਿਚਾਰਾਂ



**ਜਲੰਧਰ (ਕੇਸਰ)**- ਥੁੜਾਂ ਦੇ ਝੰਬੇ, ਲੁੱਟੇ-ਪੁੱਟੇ ਅਤੇ ਚੌਤਰਫੇ ਸੰਕਟ ਦਾ ਸ਼ਿਕਾਰ ਲੋਕਾਂ ਦੀ ਬਾਂਹ ਫੜਦੇ , ਲੋਕ-ਪੱਖੀ, ਵਿਗਿਆਨਕ ਨਜ਼ਰੀਏ ਤੋਂ ਲੋਕ-ਹੱਕਾਂ ਦੀ ਪ੍ਰਤੀਨਿਧ ਆਵਾਜ ਬਣਦੇ ਅਤੇ ਹੱਕ, ਸੱਚ, ਇਨਸਾਫ ਲਈ ਜੂਝਦੇ ਅਵਾਮ ਸੰਗ ਨਿੱਗਰਤਾ ਅਤੇ ਨਿੱਡਰਤਾ ਨਾਲ ਖੜ੍ਹਦੇ ਪੱਤਰਕਾਰ ਇਕਬਾਲ ਸ਼ਾਂਤ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੁਸਤਕਾਂ ਦੇ ਸੈੱਟ ਨਾਲ ਨਿਵਾਜਦਿਆਂ ਅਜੇਹੀਆਂ ਕਲਮਾਂ ਦੇ ਕਾਫਲੇ ਬਣਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਉਹਨਾਂ ਦੇ ਨਾਲ ਆਏ ਸਾਥੀ ਪੱਤਰਕਾਰ ਰਵੀ ਪਾਲ ਨੂੰ ਵੀ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਆਡਿਟ, ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜਰ ਸਨ।ਇਕਬਾਲ ਸ਼ਾਂਤ ਨੇ ਗ਼ਦਰ ਲਹਿਰ ਦੇ ਮਾਣਮੱਤੇ ਇਤਿਹਾਸ, ਇਸ ਨੂੰ ਸੰਭਾਲਣ ਅਤੇ ਨੌਜਵਾਨ ਪੀੜ੍ਹੀ ਨੂੰ ਇਸਦੇ ਲੜ ਲਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦੇ ਉੱਦਮ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਲਾਇਬਰੇਰੀ, ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ, ਬਾਬਾ ਸੋਹਣ ਸਿੰਘ ਭਕਨਾ ਗ਼ਦਰੀ ਮਿਊਜ਼ੀਅਮ, ਸਿਖਿਆਰਥੀ ਚੇਤਨਾ ਕੈਂਪ, ਰੰਗ ਮੰਚੀ ਸਰਗਰਮੀਆਂ ਦੀ ਪੰਜਾਬੀ ਸਾਹਿਤ ਸਭਿਆਚਾਰ ਨੂੰ ਅਮਿੱਟ ਦੇਣ ਹੈ। ਆਪਣੀ ਨਿਵੇਕਲੀ ਪਛਾਣ ਰੱਖਦਾ ਮੇਲਾ ਗ਼ਦਰੀ ਬਾਬਿਆਂ ਦਾ ਵਰਗੇ ਯਤਨ ਕਰਨ ਦੀ ਪੱਤਰਕਾਰਤਾ ਦੀ ਦ੍ਰਿਸ਼ਟੀ ਤੋਂ ਪ੍ਰਸ਼ੰਸਾ ਅਤੇ ਮਹੱਤਤਾ ਬਿਆਨ ਕਰਦਿਆਂ ਇਕਬਾਲ ਸ਼ਾਂਤ ਨੇ ਇਹਨਾਂ ਯਤਨਾਂ ਨੂੰ ਲੋਕ ਮੁਹਿੰਮ ਬਣਾਉਣ ਲਈ ਪਿੰਡਾਂ ਵੱਲ ਮੁਹਾਣ ਕਰਨ 'ਤੇ ਜ਼ੋਰ ਦਿੱਤਾ। ਇਸ ਵਿਚਾਰ ਚਰਚਾ ਵਿੱਚ ਇਹ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ ਕਿ ਅਜਿਹੇ ਰਲ ਕੇ ਉੱਦਮ ਕਰਨ ਨਾਲ ਹੀ ਪੰਜਾਬ ਦੀ ਜੁਆਨੀ ਦੀ ਪ੍ਰਵਾਸ, ਨਸ਼ਿਆਂ, ਅਸ਼ਲੀਲ ਅਤੇ ਮਾਰ ਧਾੜ ਭਰੇ ਅਸਭਿਆਚਾਰ ਵੱਲ ਦੌੜ ਨੂੰ ਠੱਲ੍ਹ ਪਾਉਣ ਅਤੇ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਦੇ ਲੜ ਲਾਉਣ ਦਾ ਕਾਰਜ ਹੋ ਸਕਦਾ ਹੈ। ਵਿਚਾਰ ਚਰਚਾ ਦਾ ਤੱਤ ਸਾਰ ਇਹ ਉੱਭਰ ਕੇ ਆਇਆ ਕਿ ਵਰਤਮਾਨ ਦੀਆਂ ਤਿੱਖੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਸਮਾਜ ਦੇ ਰੌਸ਼ਨ ਭਵਿੱਖ ਦਾ ਸੁਲੱਖਣਾ ਮਾਰਗ ਫੜਨ ਲਈ ਸਮਾਜ ਦੇ ਫਿਕਰਾਂ ਦੀ ਬਾਂਹ ਫੜਨ ਵਾਲੀ ਪੱਤਰਕਾਰਤਾ ਅਤੇ ਸਾਹਿਤਕ ਸਭਿਆਚਾਰਕ ਯਤਨਾਂ ਦੀ ਸਾਂਝ ਹੋਰ ਪਕੇਰੀ ਕਰਨ ਦੀ ਲੋੜ ਹੈ।

ਮੁੱਲਵਾਨ ਵਿਚਾਰ ਚਰਚਾ ਵਿਚੋਂ ਇਤਿਹਾਸ, ਸਾਹਿਤ ਅਤੇ ਕਲਾ ਦੇ ਲੋਕਾਂ ਨਾਲ ਅਟੁੱਟ ਰਿਸ਼ਤੇ ਦੀਆਂ ਤੰਦਾਂ ਹੋਰ ਮਜ਼ਬੂਤ ਕਰਨ ਦੇ ਖ਼ੂਬਸੂਰਤ ਵਿਚਾਰ ਸਾਹਮਣੇ ਆਏ। ਪੱਤਰਕਾਰਤਾ 'ਚ ਆਪਣੇ ਪੁਰਖਿਆਂ ਦੇ ਪਰਵਾਰਕ ਵਿਰਸੇ ਦੀ ਪਾਰਦਰਸ਼ਤਾ, ਬੇਬਾਕੀ ਅਤੇ ਸਿਹਤਮੰਦ ਵਿਰਾਸਤੀ ਲੋਅ ਨੂੰ ਹਨੇਰੀਆਂ ਰਾਤਾਂ 'ਚ ਹੋਰ ਵੀ ਜਗਮਗਾਉਣ ਵਾਲੇ ਇਕਬਾਲ ਸ਼ਾਂਤ ਨੂੰ ਹਾਜ਼ਰੀਨ ਨੇ ਮੁਬਾਰਕਬਾਦ ਦਿੱਤੀ।

# ਬੁਢਾਪਾ ਪੈਨਸ਼ਨ ਸੰਬੰਧੀ ਆਪ ਸਰਕਾਰ ਦਾ ਫੁਰਮਾਨ ਲਾਭਪਾਤਰੀਆਂ ਦੇ ਹੱਕਾਂ 'ਤੇ ਡਾਕਾ : ਦੇਵੀ ਕੁਮਾਰੀ/ਚੌਹਾਨ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ )**—ਪੰਜਾਬ ਖੇਤ ਮਜ਼ਦੂਰ ਸਭਾ ਦੀ ਪੰਜਾਬ ਇਕਾਈ ਵੱਲੋਂ ਬੁਢਾਪਾ ਪੈਨਸ਼ਨ ਸਕੀਮ ਸਬੰਧੀ ਆਪ ਸਰਕਾਰ ਦੇ ਫਰਮਾਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਫੈਸਲੇ ਕਾਰਨ ਪੰਜਾਬ ਦੇ ਵੱਡੀ ਪੱਧਰ 'ਤੇ ਲਾਭਪਾਤਰੀਆਂ ਦੇ ਹੱਕਾਂ 'ਤੇ ਡਾਕਾ ਮਾਰੇਗਾ, ਕਿਉਂਕਿ ਸਰਕਾਰ ਇੱਕ ਤੋਂ ਬਾਅਦ ਹਰ ਵਰਗ ਨਾਲ ਧੱਕੇਸ਼ਾਹੀ ਕਰਦੇ ਹੋਏ ਜਨਤਾ ਨੂੰ ਮਿਲਦੀਆਂ ਸਹੂਲਤਾਂ ਵਿੰਗੇ ਟੇਢੇ ਢੰਗ ਨਾਲ ਖਤਮ ਕੀਤੀਆਂ ਜਾ ਰਹੀਆਂ ਹਨ, ਜਿਹਨਾਂ ਦਾ ਫੌਰੀ ਹੱਲ ਕੀਤਾ ਜਾਵੇ। ਜਥੇਬੰਦੀ ਦੇ ਸੂਬਾਈ ਆਗੂਆਂ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਤੇ ਸੂਬਾ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨਵੇਂ ਪੱਤਰ ਅਨੁਸਾਰ ਹੁਣ ਬੁੱਢਾਪਾ ਪੈਨਸ਼ਨ ਦਾ ਲਾਭ ਲੈਣ ਲਈ ਜਨਮ ਸਰਟੀਫਿਕੇਟ, ਦਸਵੀਂ ਕਲਾਸ ਜਾਂ ਸਕੂਲ ਛੱਡਣ ਦਾ ਸਰਟੀਫਿਕੇਟ ਲਾਜਮੀ ਕਰ ਦਿੱਤਾ ਗਿਆ ਹੈ, ਜਦੋਂ ਕਿ ਅਜੋਕੇ ਸਮੇਂ ਵਿੱਚ ਪੈਨਸ਼ਨ ਲੈਣ ਦੇ ਯੋਗ ਤਕਰੀਬਨ 90/ ਪ੍ਰਤੀਸ਼ਤ ਵਿਆਕਤੀ ਅਨਪੜ੍ਹ ਜਾਂ ਬਹੁਤਿਆਂ ਦੀ ਜਨਮ ਮਿਤੀ ਦਰਜ ਨਹੀਂ ਕਰਵਾਈ ਗਈ, ਪਿੰਡ, ਸ਼ਹਿਰ ਵਿੱਚ ਕੋਈ ਕੋਈ ਦਾਈ ਜਾਂ ਪਿੰਡ ਦਾ ਚੌਕੀਦਾਰ ਹੁੰਦਾ ਸੀ ਜਿਹੜਾ ਅਪਣੀ ਮਰਜੀ ਅਨੁਸਾਰ ਜੋ ਨਾਂਅ ਲਿਖਾ ਆਉਂਦਾ ਸੀ। ਹੁਣ ਜੋ ਲੋਕ 60 ਸਾਲ ਦੇ ਕਰੀਬ ਹਨ ਉਹਨਾਂ ਦੇ ਜਨਮ ਤਰੀਕ ਦਰਜ ਨਾ ਹੋਣ ਕਰਕੇ ਬਹੁਤਿਆਂ ਦੇ ਜਨਮ ਸਰਟੀਫਿਕੇਟ ਨਹੀਂ ਬਣੇ ਹੋਏ। ਜਥੇਬੰਦੀ ਨੇ ਅਫਸੋਸ ਜਾਹਰ ਕਰਦਿਆਂ ਕਿਹਾ ਕਿ ਆਪ ਸਰਕਾਰ ਤੇ ਗਰੀਬ ,ਲਾਚਾਰ ਬਜੁਰਗਾਂ ਦੀ ਆਖਰੀ ਸਹਾਰਾ ਬੁਢਾਪਾ ਪੈਨਸ਼ਨ ਵੀ ਉਹਨਾਂ ਤੋਂ ਖੋਹਣਾ ਚਾਹੁੰਦੀ ਹੈ। ਜਿਸ ਨੂੰ ਕਿਸੇ ਕੀਮਤ 'ਤੇ ਜਥੇਬੰਦੀ ਵੱਲੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅੰਤ ਵਿੱਚ ਉਹਨਾਂ ਪੰਜਾਬ ਸਰਕਾਰ ਨੂੰ ਇਸ ਲੋਕ ਵਿਰੋਧੀ ਫੈਸਲੇ ਨੂੰ ਵਾਪਸ ਲੈਣ ਦੀ ਗੱਲ ਕੀਤੀ। ਫੈਸਲਾ ਵਾਪਸ ਨਾ ਹੋਣ ਤੇ ਭਵਿੱਖ ਵਿੱਚ ਦਲਿਤ ਮਜਦੂਰ ਜਥੇਬੰਦੀਆਂ ਵੱਲੋਂ ਸੰਘਰਸ਼ ਕੀਤਾ ਜਾਵੇਗਾ, ਸਰਕਾਰ ਲੋਕ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ।



# ਸਬ ਸੈਂਟਰ ਨੂਰਪੁਰ 'ਚ ਐਂਟੀ ਮਲੇਰੀਆ ਜਾਗਰੂਕ ਕੈਂਪ



**ਅੱਡਾ ਸਰਾਂ (ਜਸਵੀਰ ਕਾਜਲ)**

ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਹਰਜੀਤ ਸਿੰਘ ਐਸ ਐਮ ਓ ਸੀ ਐਚ ਸੀ ਭੂੰਗਾ ਦੀ ਅਗਵਾਈ ਹੇਠ ਸਬ ਸੈਂਟਰ ਨੂਰਪੁਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਹਰਵਿੰਦਰ ਪਾਲ ਹੈਲਥ ਵਰਕਰ ਨੇ ਲੋਕਾਂ ਨੂੰ ਦੱਸਿਆ ਕਿ ਮਲੇਰੀਆ ਮਾਦਾ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਸਾਫ ਅਤੇ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ। ਇਹ ਸਵੇਰ ਅਤੇ ਰਾਤ ਵੇਲੇ ਕੱਟਦਾ ਹੈ। ਇਸ ਦੇ ਲੱਛਣ ਹਨ ਠੰਡ ਅਤੇ ਕਾਂਬੇ ਨਾਲ ਤੇਜ ਬੁਖਾਰ ਅਤੇ ਸਿਰਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਅਤੇ ਕਮਜੋਰੀ ਹੋਣਾ ਅਤੇ ਸਰੀਰ ਨੂੰ ਪਸੀਨਾ ਆਉਣਾ। ਮਲੇਰੀਆ ਬੁਖਾਰ ਤੋਂ ਬਚਾਅ ਦੇ ਲਈ ਘਰਾਂ ਦੇ ਆਲੇ ਦੁਆਲੇ ਛੋਟੇ ਟੋਇਆਂ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ। ਟੋਇਆਂ ਨੂੰ ਮਿੱਟੀ ਨਾਲ ਭਰ ਦਿਓ, ਛੱਪੜ ਵਿੱਚ ਖੜ੍ਹੇ ਪਾਣੀ ਤੇ ਕਾਲੇ ਤੇਲ ਦਾ ਛਿੜਕਾਅ ਕਰੋ, ਆਪਣੇ ਸਰੀਰ ਤੇ ਪੂਰੇ ਕੱਪੜੇ ਪਾਓ ਤਾਂ ਜੋ ਮੱਛਰ ਨਾ ਕੱਟ ਸਕੇ। ਸੌਣ ਵੇਲੇ ਮੱਛਰਦਾਨੀ , ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤਮਾਲ ਕਰੋ । ਹਫਤੇ ਵਿੱਚ ਇਕ ਵਾਰ ਕੂਲਰ ਨੂੰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ। ਯਾਦ ਰੱਖੋ ਬੁਖਾਰ ਹੋਣ ਦੇ ਤੁਰੰਤ ਨੇੜੇ ਦੀ ਸਿਹਤ ਸੰਸਥਾ ਜਾਂ ਸਰਕਾਰੀ ਹਸਪਤਾਲ ਨਾਲ ਸੰਪਰਕ ਕਰੋ। ਮਲੇਰੀਏ ਦਾ ਟੈਸਟ ਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਡਾਕਟਰ ਪਰਮਿੰਦਰ ਕੌਰ ਆਰ ਐਮ ਓ , ਸੀ ਐਚ ਓ ਡਾਕਟਰ ਹਰਤੀਰਥ ਸਿੰਘ, ਆਸ਼ਾ ਵਰਕਰ ਸਿਮਰਨ ਜੀਤ ਕੌਰ, ਕ੍ਰਿਸ਼ਨਾ ਦੇਵੀ ਅਤੇ ਪਿੰਡ ਦੇ ਲੋਕ ਮੌਜੂਦ ਸਨ।

# ਆਰਮੀ ਦੇ ਲਿਖਤੀ ਪੇਪਰ 'ਚ ਪਾਸ ਨੌਜਵਾਨ ਸੀ-ਪਾਈਟ ਕੈਂਪ ਨੰਗਲ ਵਿਖੇ ਲੈ ਸਕਦੇ ਹਨ ਫਿਜ਼ੀਕਲ ਟ੍ਰੇਨਿੰਗ

**ਹੁਸ਼ਿਆਰਪੁਰ, (ਓ ਪੀ ਰਾਣਾ )** ਸੀ-ਪਾਈਟ ਕੈਂਪ ਨੰਗਲ ਦੇ ਕੈਂਪ ਇੰਚਾਰਜ ਪੀ.ਟੀ.ਆਈ ਨਿਰਮਲ ਸਿੰਘ ਨੇ ਦੱਸਿਆ ਕਿ ਅਗਨੀਵੀਰ ਦੀ ਆਰਮੀ ਦੀ ਭਰਤੀ ਜ਼ਿਲ੍ਹਾ ਰੋਪੜ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਹਿਸੀਲ ਬਲਾਚੌਰ ਜ਼ਿਲ੍ਹਾ ਨਵਾਂਸ਼ਹਿਰ ਦੇ ਯੁਵਕ ਜਿਨ੍ਹਾਂ ਦਾ ਲਿਖਤੀ ਪੇਪਰ ਮਿਤੀ 17 ਅਪ੍ਰੈਲ 2023 ਤੋਂ ਸ਼ੁਰੂ ਹੋਇਆ ਸੀ, ਦਾ ਰਿਜ਼ਲਟ ਮਿਤੀ 21 ਮਈ 2023 ਨੂੰ ਆਇਆ ਹੈ ਦੇ ਪਾਸ ਹੋਏ ਯੁਵਕਾਂ ਵਾਸਤੇ ਸੀ-ਪਾਈਟ ਕੈਂਪ ਨੰਗਲ ਵਿਖੇ ਫਿਜੀਕਲ ਟਰੇਨਿੰਗ ਲਈ ਕੈਂਪ ਚਲ ਰਿਹਾ ਹੈ। ਉਪਰੋਕਤ ਜ਼ਿਲ੍ਹਿਆਂ ਨਾਲ ਸਬੰਧਤ ਚਾਹਵਾਨ ਨੌਜਵਾਨ ਫਿਜੀਕਲ ਟਰੇਨਿੰਗ ਲਈ ਜ਼ਰੂਰੀ ਦਸਤਾਵੇਜ਼ ਜਿਵੇਂ ਕਿ ਰੋਲ ਨੰਬਰ ਸਲਿਪ , ਆਰ ਸੀ ਦੀ ਕਾਪੀ , ਆਧਾਰ ਕਾਰਡ ਅਤੇ ਦਸਵੀਂ ਦਾ ਸਰਟੀਫਿਕੇਟ ਦੀ ਅਸਲ ਕਾਪੀ ਅਤੇ ਦੋ ਫੋਟੋ ਲੈ ਕੇ ਕੈਂਪ ਵਿਖੇ ਹਾਜ਼ਰ ਹੋ ਸਕਦੇ ਹਨ । ਇਸ ਤੋਂ ਇਲਾਵਾ ਜਿਹੜੇ ਯੁਵਕਾਂ ਨੇ ਏਅਰ ਫੋਰਸ , ਸੀ,ਆਰ.ਪੀ.ਐਫ, ਨੇਵੀ , ਐਸ.ਐਸ.ਬੀ ਜਾਂ ਸਟੇਟ ਪੁਲਿਸ ਵਾਸਤੇ ਵੀ ਆਨ-ਲਾਈਨ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਵਾਸਤੇ ਵੀ ਸੀ-ਪਾਈਟ ਕੈਂਪ ਵਿਖੇ ਲਿਖਤੀ ਅਤੇ ਫਿਜੀਕਲ ਦੀ ਟਰੇਨਿੰਗ ਵੀ ਸ਼ੁਰੂ ਹੋ ਗਈ ਹੈ

। ਪੈਰਾ ਮਿਲਟਰੀ ਵਾਸਤੇ ਛਾਤੀ ਬਿਨਾਂ ਫੁਲਾ ਕੇ 80 ਸੈਂਟੀਮੀਟਰ ਅਤੇ ਫੁਲਾ ਕੇ 85 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ , ਇਸ ਤੋਂ ਇਲਾਵਾ ਯੁਵਕਾਂ ਨੂੰ ਸਰਕਾਰ ਵੱਲੋਂ ਵਜੀਫਾ ਗ੍ਰਾਂਟ ਮਿਲਣ ਉਪਰੰਤ ਪ੍ਰਤੀ ਯੁਵਕ ਨੂੰ 400 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜੀਫਾ ਵੀ ਦਿੱਤਾ ਜਾਏਗਾ । ਕੈਂਪ ਵਿਚ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਬਿਲਕੁਲ ਮੁਫਤ ਦਿੱਤਾ ਜਾਵੇਗਾ।

# ਬਲੱਡ ਬੈਂਕ ਵਿਖੇ 60 ਲੋੜਵੰਦ ਔਰਤਾਂ ਨੂੰ ਰਾਸ਼ਨ ਵੰਡਿਆ



**ਫਗਵਾੜਾ 19 ਜੂਨ ( ਡਾ. ਰਮਨ )** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ 174ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤਹਿਸੀਲਦਾਰ ਫਗਵਾੜਾ ਪਵਨ ਸ਼ਰਮਾ ਨੇ 60 ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਦੇ ਹੋਏ ਬਲੱਡ ਬੈਂਕ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ ਬ੍ਰਹਮਾਕੁਮਾਰੀ ਐਸ਼ਵਰਿਆ ਯੂਨੀਵਰਸਿਟੀ ਫਗਵਾੜਾ ਬ੍ਰਾਂਚ ਤੋਂ ਭੈਣ ਵਿਜੇ, ਬੀ.ਕੇ. ਸੋਨੀਆ ਅਤੇ ਰਾਕੇਸ਼ ਵਿਸ਼ੇਸ਼ ਤੌਰ 'ਤੇ ਪਹੁੰਚੇ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਸਮਾਜ ਸੇਵੀ ਰਮੇਸ਼ ਗਾਬਾ, ਰਮੇਸ਼ ਦੁੱਗਲ, ਮਨੀਸ਼ ਬੱਤਰਾ, ਤਾਰਾ ਚੰਦ ਚੁੰਬਰ, ਅਵਤਾਰ ਸਿੰਘ ਕੋਛੜ, ਰਜਿੰਦਰ ਸਿੰਘ ਕੋਛੜ (ਸੈਕਸ਼ਨ), ਵਿਸ਼ਵਾਮਿੱਤਰ ਸ਼ਰਮਾ, ਰਾਜੀਵ ਕੁਮਰਾ, ਐਨ.ਆਰ.ਆਈ. ਸਤਪਾਲ ਵਰਮਾ, ਹਰਸ਼ ਛਾਬੜਾ, ਸੋਨੀ ਦੁੱਗਲ ਆਦਿ ਦੇ ਸਹਿਯੋਗ ਨਾਲ ਪਿਛਲੇ ਪੰਦਰਾਂ ਸਾਲਾਂ ਤੋਂ ਮਹੀਨਾਵਾਰ ਰਾਸ਼ਨ ਦੀ ਵੰਡ ਕੀਤੀ ਜਾ ਰਹੀ ਹੈ। ਇਸ ਮੌਕੇ ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਆਰ.ਪੀ. ਨਹਿਰਾ, ਗੁਲਸ਼ਨ ਕਪੂਰ, ਸੁਧਾ ਬੇਦੀ, ਰਮੇਸ਼ ਗਾਬਾ, ਵਿਸ਼ਵਾਮਿੱਤਰ ਸ਼ਰਮਾ, ਰਾਮ ਕੁਮਾਰ, ਐੱਸ.ਸੀ. ਚਾਵਲਾ, ਰਜਿੰਦਰ ਕੁਮਾਰ ਸਾਹਨੀ ਆਦਿ ਹਾਜ਼ਰ ਸਨ।

# ਬਾਬਾ ਸ਼ਾਹ ਕਮਾਲ ਦਾ ਸਾਲਾਨਾ ਦੋ ਰੋਜ਼ਾ ਉਰਸ ਅਮਿੱਟ ਯਾਦਾਂ ਛੱਡਦਾ ਸਮਾਪਤ



**ਆਦਮਪੁਰ (ਪਰਮਜੀਤ ਸਿੰਘ)**:- ਹਰੀਪੁਰ ਵਿਖੇ ਬਾਬਾ ਸ਼ਾਹ ਕਮਾਲ ਦੇ ਦਰਬਾਰ 'ਤੇ ਸਾਲਾਨਾ ਦੋ ਰੋਜ਼ਾ ਉਰਸ ਨਗਰ ਵਾਸੀਆਂ, ਗ੍ਰਾਮ ਪੰਚਾਇਤ ਤੇ ਸੰਗਤਾਂ ਦੇ ਸਹਿਯੋਗ ਨਾਲ ਗੱਦੀ ਨਸ਼ੀਨ ਸਯਦ ਫਕੀਰ ਬੀਬੀ ਸ਼ਰੀਫਾਂ ਦੀ ਦੇਖ-ਰੇਖ ਹੇਠ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਉਰਸ ਦੇ ਪਹਿਲੇ ਦਿਨ ਦਰਬਾਰ ਵਿਚ ਚਿਰਾਗ ਬੀਬੀ ਸ਼ਰੀਫਾਂ, ਸੰਤ ਮਹਾਂਪੁਰਸ਼ਾਂ ਤੇ ਸੰਗਤਾਂ ਵਲੋਂ ਰੋਸ਼ਨ ਕੀਤੇ ਗਏ, ਉਪਰੰਤ ਕਰਾਮਤ ਅਲੀ ਕਵਾਲ, ਸਲਾਮਤ ਅਲੀ ਕਵਾਲ, ਹਰਮੇਸ਼ ਰੰਗੀਲ ਕਵਾਲ, ਸ਼ੌਕਤ ਅਲੀ ਮੂਨਾ ਕਵਾਲ, ਕੁਲਦੀਪ ਗੁਲਾਮ ਕਾਦਰੀ ਕਵਾਲ, ਮੁਹੰਮਦ ਅਸੀਸ ਕਵਾਲ ਸਮੇਤ ਹੋਰ ਕਾਵਲਾਂ ਦੇ ਦਰਬਾਰ ਵਿੱਚ ਦੇਰ ਰਾਤ ਤੱਕ ਹਾਜਰੀ ਲਗਵਾਈ। ਦੂਸਰੇ ਦਿਨ ਝੰਡੇ ਅਤੇ ਚਾਦਰ ਦੀ ਰਸਮ ਅਦਾ ਕੀਤੀ ਗਈ। ਬੀਬੀ ਸ਼ਰੀਫਾਂ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸੰਤ ਗੁਰਬੰਚਨ ਦਾਸ ਚੱਕ ਲਾਧੀਆਂ,ਸੰਤ ਰਣਜੀਤ ਸਿੰਘ ਡਿਗਾਣਾ,ਸੰਤ ਜਨਕ ਡੇਰਾ ਸੰਤ ਬਾਬਾ ਭਾਗ ਸਿੰਘ ਜਬੜ,ਮਹੰਤ ਕਿਰਨਾਂ, ਬੀਬੀ ਦੀਪੀਕਾ, ਮਹੰਤ ਸੋਨੀਆ ਜੰਡੂ ਸਿੰਘਾ, ਸੰਤ ਇੰਦਰ ਦਾਸ, ਸੰਤ ਮਹਿੰਦਰ ਦਾਸ,ਬਾਬਾ ਮੋਹਨਾ ਸੱਲਾ, ਸੰਤ ਮਹਾਂਬੀਰ ਸਿੰਘ, ਸੰਤ ਅਮਰਜੀਤ ਸਿੰਘ ਹਰਖੋਵਾਲ, ਸੰਤ ਸੁਰਿੰਦਰ ਸਿੰਘ ਸੋਢੀ,ਬਾਬਾ ਮਨਜ਼ੂਰ ਅਹਿਮਦ, ਸੰਤ ਅਮਰਜੀਤ ਸਿੰਘ ਅਰਜਨਵਾਲ, ਸੰਤ ਪ੍ਰੀਤਮ ਦਾਸ, ਸੰਤ ਅਨੰਦਪੁਰੀ, ਸੰਤ ਪ੍ਰਦੀਪ ਦਾਸ, ਸੰਤ ਦਲੀਪ ਦਾਸ,ਪ੍ਰਿੰਥੀਪਾਲ ਸਿੰਘ ਬਾਲੀ,ਬਾਬਾ ਮੱਖਣ ਦਾਸ,ਬਾਬਾ ਹਰਜਿੰਦਰ ਸਿੰਘ ਅਣਖੀ,ਬਾਬਾ ਬਲਵੰਤ ਸਿੰਘ,ਬਾਬਾ ਸੁਰਿੰਦਰ ਦਾਸ, ਸੰਤ ਹਰਜਿੰਦਰ ਸਿੰਘ ਚਾਹ ਵਾਲੇ, ਸੰਤ ਧਰਮਜੀਤ ਸਿੰਘ, ਸੰਤ ਸਰਵਣ ਸਿੰਘ ਜਬੜ ਵਾਲੇ ਸਮੇਤ ਹੋਰ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਅਸ਼ੀਰਵਾਦ ਦਿੱਤਾ। ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਪਰੰਤ ਸਰਦਾਰ ਅਲੀ, ਬੂਟਾ ਮੁਹੰਮਦ, ਦਲਵਿੰਦਰ ਦਿਆਲਪੁਰੀ, ਕੁਲਵਿੰਦਰ ਕਿੰਦਾ, ਰਾਜਣ, ਰਾਣੀ ਰਣਦੀਪ,ਸੋਹਣ ਸ਼ੰਕਰ, ਨੂਰ, ਦਿਨੇਸ਼ ਐਂਕਰ ਸਮੇਤ ਅਨੇਕਾਂ ਗਾਇਕਾਂ ਨੇ ਸੂਫਿਆਨਾ ਕਲਾਮਾਂ ਰਾਹੀਂ ਦਰਬਾਰ ਵਿੱਚ ਹਾਜਰੀ ਲਗਵਾਈ। ਇਸ ਮੌਕੇ ਗੁਰਨਾਮ ਸਿੰਘ, ਜਸਵੀਰ ਸਿੰਘ, ਬੀਬੀ ਅਮਰਜੀਤ ਕੌਰ, ਬਲਜੀਤ ਸਿੰਘ, ਜਸਵਿੰਦਰ ਸਿੰਘ, ਮਨਮੋਹਨ ਸਿੰਘ ਬਾਬਾ, ਅਵਤਾਰ ਸਿੰਘ ਦਿਓਲ,ਤ੍ਰਿਪਤਾ ਦੇਵੀ ਤੇ ਹੋਰ ਸੰਗਤਾਂ ਨੇ ਸਹਿਯੋਗ ਦਿੱਤਾ।

# ਨਡਾਲੋਂ 'ਚ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਜਾਰੀ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)**- ਪਿੰਡ ਨਡਾਲੋਂ ਦੇ ਗੁਰਦਵਾਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਇਲਾਕੇ ਦੇ ਬੱਚਿਆਂ ਨੂੰ ਗੁਰਬਾਣੀ-ਗੁਰਇਤਿਹਾਸ ਨਾਲ ਜੋੜਨ ਸਬੰਧੀ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਅਤੇ ਭਾਈ ਮਲਕੀਅਤ ਸਿੰਘ ਅਖੰਡ ਕੀਰਤਨੀ ਜਥਾ ਤੇ ਫਗਵਾੜੇ ਦੀਆਂ ਜਥੇਬੰਦੀਆਂ ਦੀ ਅਗਵਾਈ ਚ ਬਾਬਾ ਜਰਨੈਲ ਸਿੰਘ ਨਡਾਲੋਂ, ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ, ਭਾਈ ਅਮਰਜੀਤ ਸਿੰਘ ਰਾਜਾ ਜਾਂਗਣੀਵਾਲ, ਭਾਈ ਲਖਵੀਰ ਸਿੰਘ ਰਾਣਾ ਡਾਨਸੀਵਾਲ, ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਗਿਆ ਗੁਰਮਤਿ ਸਿਖਲਾਈ ਕੈਂਪ ਜਾਰੀ ਹੈ। ਕੈਂਪ 'ਚ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਭਾਈ ਧਰਮ ਸਿੰਘ ਅਜਨੋਹਾ ਤੇ ਭਾਈ ਗੁਰਜਿੰਦਰ ਸਿੰਘ ਸ਼ਹੀਦਾਂ, ਗੱਤਕੇ ਦੀ ਸਿੱਖਿਆ ਬੀਬੀ ਤਰਨਪ੍ਰੀਤ ਕੌਰ ਡਾਨਸੀਵਾਲ, ਭਾਈ ਗੁਰਪ੍ਰੀਤ ਸਿੰਘ ਜਗਜੀਤ ਪੁਰ, ਤਰਨਪ੍ਰੀਤ ਸਿੰਘ-ਹਰਦੀਪ ਸਿੰਘ-ਕਰਨਜੀਤ ਸਿੰਘ ਫਗਵਾੜਾ ਤੇ ਸਿਮਰਨ ਸਿੰਘ ਮਲਕਪੁਰ ਅਤੇ ਦਸਤਾਰ ਤੇ ਦੁਮਾਲੇ ਦੀ ਸਿੱਖਿਆ ਨਵਜੋਤ ਸਿੰਘ ਬੱਡੋਂ ਤੇ ਹਰਪ੍ਰੀਤ ਸਿੰਘ ਪੰਜੋੜ ਨੇ ਦਿੱਤੀ।

ਇਸ ਮੌਕੇ ਭਾਈ ਸੁਖਦੇਵ ਸਿੰਘ ਨਡਾਲੋਂ, ਸਰਵਣ ਸਿੰਘ ਟੋਡਰਪੁਰ, ਗੁਰਪਾਲ ਸਿੰਘ, ਧਰਮਿੰਦਰ ਸਿੰਘ ਸੋਨੂੰ, ਲਖਵਿੰਦਰ ਸਿੰਘ ਵਿੰਦਾ, ਬਲਜਿੰਦਰ ਸਿੰਘ ਪੰਜੋੜ, ਦਲਵੀਰ ਸਿੰਘ ਭੱਟੀ, ਕਿਸ਼ਨ ਸਿੰਘ ਲਾਂਗਰੀ, ਹਰਦੀਪ ਸਿੰਘ, ਬਾਬਾ ਸ਼ੇਰਾ ਆਦਿ ਹਾਜਰ ਸਨ।

# ਦਰਬਾਰ ਸਾਈਂ ਯਕੀਨ ਸ਼ਾਹ ਜੱਸੋਮਜਾਰਾ ਵਿਖੇ ਸਾਲਾਨਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਦਰਬਾਰ ਬਾਬਾ ਸਾਈਂ ਯਕੀਨ ਸ਼ਾਹ ਜੀ ਜੱਸੋਮਜਾਰਾ ਵਿਖੇ ਸਾਲਾਨਾ ਮੇਲਾ ਸਮੂਹ ਪਾਲ ਪਰਵਾਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਚਿਰਾਗਾਂ ਦੀ ਰਸਮ , ਝੰਡੇ ਦੀ ਰਸਮ ਅਦਾ ਕੀਤੀ ਗਈ। ਸੰਗਤਾਂ ਦੀ ਸੁੱਖ ਸ਼ਾਂਤੀ ਲਈ ਦੁਆ ਕੀਤੀ ਗਈ । ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ । ਕਵਾਲ ਅਤੇ ਨਕਾਲ ਪਾਰਟੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ । ਠੰਡੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਅਤੁੱਟ ਵਰਤਾਇਆ ਗਿਆ। ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ । ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋਇਆ ।

# ਮੱਲੀਆਂ ਸੋਢੀਆਂ ਵਿਖੇ ਸਾਲਾਨਾ ਮੇਲਾ 22-23 ਨੂੰ



**ਬਹਿਰਾਮ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਮੱਲੀਆਂ ਸੋਢੀਆਂ ਵਿਖੇ ਧੰਨ -ਧੰਨ ਮਸਤ ਬਾਬਾ ਸੰਸਾਰ ਦਾਸ ਜੀ ਦੀ ਯਾਦ 'ਚ 21ਵਾਂ ਸਲਾਨਾ ਮੇਲਾ 22 ਅਤੇ 23 ਜੂਨ ਨੂੰ ਮਨਾਇਆ ਜਾ ਰਿਹਾ ਹੈ ।ਮੁੱਖ ਸੇਵਾਦਾਰ ਬਾਬਾ ਰਾਮ ਸਰੂਪ ਅਤੇ ਸੁਖਦੇਵ ਮੱਲ੍ਹਾ ਨੇ ਦੱਸਿਆ ਕਿ 22 ਜੂਨ ਨੂੰ ਦੁਪਹਿਰ ਝੰਡੇ ਦੀ ਤੇ ਚਾਦਰ ਦੀ ਰਸਮ ਹੋਵੇਗੀ ।ਰਾਤ ਨੂੰ ਕਲਾਕਾਰ ਦਵਿੰਦਰ ਰੂਹੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ।23 ਜੂਨ ਨੂੰ ਦੁਪਹਿਰ ਕਵਾਲੀਆਂ ਤੇ ਨਕਲਾਂ ਅਤੇ ਰਾਤ ਨੂੰ ਸਰਦਾਰ ਅਲੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ । ਲੰਗਰ ਅਤੁੱਟ ਵਰਤਾਇਆ ਜਾਵੇਗਾ ।ਇਸ ਮੌਕੇ ਬਾਬਾ ਰਾਮ ਸਰੂਪ , ਸੇਵਾਦਾਰ ਸੁੱਚਾ ਰਾਮ , ਸੁਖਦੇਵ ਮੱਲ੍ਹਾ ਸੰਮਤੀ ਮੈਂਬਰ , ਡਾ ਹਰਬੰਸ , ਕਿਸ਼ੋਰੀ ਲਾਲ ਚੱਕਗੁਰੂ , ਜਸਵਿੰਦਰ , ਗੁਰਲਾਜ ਸਿੰਘ ਆਦਿ ਹਾਜਰ ਸਨ ।

## ਜਨਮ ਦਿਨ ਮੁਬਾਰਕ



ਅੰਨਾਬੇਲੀ (ਯੂ ਐੱਸ ਏ)



ਸਮਦੀਸ਼ ਭੱਟੀ (ਖੰਨਾ)



ਪ੍ਰਭਨੂਰ ਸਿੰਘ (ਡੇਰਾ ਬਾਬਾ ਨਾਨਕ)



ਛੋਟਾ ਬੱਚਾ ਕਰਮਬੀਰ ਸਿੰਘ ਚੋਪੜਾ ਉਮਰ 2 ਸਾਲ ਆਪਣੇ ਪਿਤਾ ਦੀ ਦੁਕਾਨ ਵਿੱਚ ਸਫਾਈ ਕਰਕੇ ਕੰਮਕਾਰ ਵਿੱਚ ਯੋਗਦਾਨ ਪਾਉਂਦਾ ਹੋਇਆ। (ਫੋਟੋ ਤੇ ਵੇਰਵਾ-ਨਿਰਮਲ, ਫਿਲੌਰ)

# ਮੇਜ਼ਬਾਨ ਝਿੰਜੜੀ ਦੀ ਟੀਮ ਦਾ ਕ੍ਰਿਕਟ ਟਰਾਫੀ 'ਤੇ ਕਬਜ਼ਾ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਗੁੱਗਾ ਜਾਹਿਰ ਪੀਰ ਕਲੱਬ ਪਿੰਡ ਝਿੰਜੜੀ ਵੱਲੋਂ ਸਵ. ਨੌਜਵਾਨ ਗੋਪੀ ਸ਼ਰਮਾ ਨੂਰਪੁਰਬੇਦੀ ਦੀ ਯਾਦ 'ਚ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜੋ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ। ਫਾਈਨਲ ਮੁਕਾਬਲੇ 'ਚ ਮੇਜ਼ਬਾਨ ਝਿੰਜੜੀ ਦੀ ਟੀਮ ਨੇ ਭਨਾਮ ਦੀ ਟੀਮ ਨੂੰ ਹਰਾ ਕੇ ਟ੍ਰਾਫੀ 'ਤੇ ਕਬਜ਼ਾ ਜਮਾਇਆ। ਇਨਾਮ ਵੰਡ ਸਮਾਗਮ ਦੌਰਾਨ ਨਗਰ ਸੁਧਾਰ ਟਰੱਸਟ ਨੰਗਲ ਦੇ ਚੇਅਰਮੈਨ ਰਾਮ ਕੁਮਾਰ ਮੁਕਾਰੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜਿਨਾਂ ਆਪਣੇ ਸੰਬੋਧਨ ਦੌਰਾਨ ਆਖਿਆ ਕਿ ਪੰਜਾਬ ਦੇ ਖਿਡਾਰੀਆਂ 'ਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ। ਸੂਬਾ ਸਰਕਾਰ ਸ਼ਹਿਰਾਂ ਸਮੇਤ ਪਿੰਡਾਂ 'ਚ ਵੀ ਖੇਡ ਸਟੇਡੀਅਮਾਂ ਦਾ ਨਿਰਮਾਣ ਕਰਵਾ ਰਹੀ ਹੈ। ਉਨਾਂ ਕਲੱਬ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਆਪਣੀ ਤਰਫ਼ੋਂ ਉਚਿਤ ਮਾਲੀ ਸਹਾਇਤਾ ਵੀ ਪ੍ਰਦਾਨ ਕੀਤੀ। ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਮੈਨ ਆਫ ਦੀ ਸੀਰੀਜ਼ ਅਤੇ ਮੈਨ ਆਫ ਦੀ ਮੈਚ ਖਿਤਾਬ ਨਾਲ ਵੀ ਨਿਵਾਜਿਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਨੀਰਜ ਸ਼ਰਮਾ, ਨਿਸ਼ੀ ਸੈਣੀ, ਗੁਰਵਿੰਦਰ ਗਿੰਦੀ, ਦਿਸ਼ੂ ਮੁਕਾਰੀ, ਹਨੀ ਸੈਣੀ, ਕੁਲਵਿੰਦਰ ਸਿੰਘ, ਸਾਬਕਾ ਸਰਪੰਚ ਅਸ਼ੋਕ ਕੁਮਾਰ, ਵਰਿੰਦਰ ਕੁਮਾਰ, ਸਿਧਾਰਥ ਕੁਮਾਰ, ਲਵ, ਦੀਪੂ ਰੀਹਲ, ਵੀਰੂ ਸ਼ਰਮਾ ਅਤੇ ਬਲਵੀਰ ਸਿੰਘ ਸਹਿਤ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਛੋਟੀ ਰੁਮਾਲੀ 'ਤੇ ਬਾਬਾ ਫਰੀਦ ਤੇ ਵੱਡੀ ਰੁਮਾਲੀ 'ਤੇ ਮਿਰਜਾ ਇਰਾਨ ਨੇ ਕੀਤਾ ਕਬਜ਼ਾ



**ਅੱਡਾ ਸਰਾਂ (ਜਸਵੀਰ ਕਾਜਲ)**

ਰਾਜਪੁਰ ਕੰਢੀ ਵਿਖੇ ਸ੍ਰੀ 108 ਮਹੰਤ ਰਾਮ ਗਿਰ ਦੀ ਅਗਵਾਈ ਹੇਠ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਅਖਾੜੇ ਵਿੱਚ 150 ਦੇ ਕਰੀਬ ਚੋਟੀ ਦੇ ਪਹਿਲਵਾਨਾਂ ਨੇ ਕੁਸ਼ਤੀ ਦੇ ਜੌਹਰ ਵਿਖਾਏ। ਵੱਡੀ ਰੁਮਾਲੀ ਦੀ ਕੁਸ਼ਤੀ ਮਿਰਜਾ ਇਰਾਨ ਅਤੇ ਰੋਜੀ ਕਪੂਰਥਲਾ ਪਹਿਲਵਾਨ ਵਿਚਕਾਰ ਹੋਈ ਜਿਸ ਵਿਚ ਮਿਰਜਾ ਜੇਤੂ ਰਿਹਾ ਜਿਸ ਨੂੰ ਇਕ ਲੱਖ 51ਹਜਾਰ ਰੁਪਏ ਅਤੇ ਗੁਰਜ ਦਿੱਤਾ ਗਿਆ। ਛੋਟੀ ਰੁਮਾਲੀ ਦੀ ਕੁਸ਼ਤੀ ਛੋਟਾ ਗਨੀ ਹੁਸ਼ਿਆਰਪੁਰ ਅਤੇ ਬਾਬਾ ਫਰੀਦ ਦੀਨਾ ਨਗਰ ਵਿਚਕਾਰ ਹੋਈ ਜਿਸ ਵਿਚ ਬਾਬਾ ਫਰੀਦ ਜੇਤੂ ਰਿਹਾ ਜਿਸ ਨੂੰ 61 ਹਜਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ। ਤੀਜੇ ਸਥਾਨ ਦੀ ਕੁਸ਼ਤੀ ਮਨੂੰ ਸਿਰਸਾ ਅਤੇ ਭੋਲਾ ਅਟਾਰੀ ਵਿਚਕਾਰ ਹੋਈ ਜੋ ਕਿ ਬਰਾਬਰੀ 'ਤੇ ਸਮਾਪਤ ਹੋਈ। ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਮਹੰਤ ਰਾਮ ਗਿਰ ਦੀ ਅਗਵਾਈ ਹੇਠ ਆਏ ਸੰਤ ਮਹਾਂਪੁਰਸ਼ਾਂ ਵਲੋਂ ਕੀਤੀ ਗਈ। ਇਸ ਮੌਕੇ ਚਾਹ-ਪਕੌੜਿਆਂ, ਠੰਡੇ- ਮਿੱਠੇ ਜਲ ਦੀ ਛਬੀਲ ਅਤੇ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਸੰਤ ਬਾਬਾ ਜਸਪਾਲ ਸਿੰਘ ਉੜਰੇ ਵਾਲੇ, ਸੰਤ ਬਾਬਾ ਪ੍ਰੇਮ ਦਾਸ ਰਜਪਾਲਮਾ,ਸੰਤ ਬਾਬਾ ਨਾਨਕ ਗਿਰ, ਸੰਤ ਨਰੇਸ਼ ਗਿਰ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਡਾਕਟਰ ਰੂਪ ਲਾਲ, ਅਵਤਾਰ ਸਿੰਘ, ਜਸਵਿੰਦਰ ਸਿੰਘ, ਅੰਗਰੇਜ ਸਿੰਘ, ਰਛਪਾਲ ਸਿੰਘ, ਬਲਵੀਰ ਸਿੰਘ, ਗੁਰਦੀਪ ਸਿੰਘ,ਪਵਨ ਕੁਮਾਰ, ਹੁਸ਼ਿਆਰ ਸਿੰਘ, ਤਰਸੇਮ ਸਿੰਘ, ਗੁਰਮੇਲ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਹਾਜਰ ਸਨ।

# ਸਿਵਲ ਹਸਪਤਾਲ ਵਿਖੇ ਦਿਵਿਆਂਗ ਵਿਅਕਤੀਆਂ ਲਈ ਵਿਸ਼ੇਸ਼ ਕੈਂਪ ਅੱਜ

**ਫਿਲੌਰ (ਨਿਰਮਲ)** ਸਿਵਲ ਸਰਜਨ ਜਲੰਧਰ ਡਾ ਰਮਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦਿਵਿਆਂਗ ਵਿਅਕਤੀਆਂ ਦੇ ਸਰਟੀਫਿਕੇਟ ਬਣਾਉਣ ਲਈ ਵਿਸ਼ੇਸ਼ ਕੈਂਪ ਸਿਵਲ ਹਸਪਤਾਲ ਫਿਲੌਰ ਵਿਖੇ 21-6-2023 ਨੂੰ ਲਗਾਇਆ ਜਾ ਰਿਹਾ ਹੈ। ਨੋਡਲ ਅਫਸਰ ਯੂ ਡੀ ਆਈ ਡੀ ਡਾ. ਅਨੂੰ ਦੁਗਾਲਾ ਅਤੇ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਡਾ. ਰੋਹਨੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਸਿਵਲ ਹਸਪਤਾਲ ਜਲੰਧਰ ਤੋਂ ਪੁੱਜ ਰਹੀ ਹੈ ਅਤੇ ਦਿਵਿਆਂਗ ਵਿਅਕਤੀਆਂ ਦਾ ਨਿਰੀਖਣ ਕਰਕੇ ਸਰਟੀਫਿਕੇਟ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਇਨ੍ਹਾਂ ਸਰਟੀਫਿਕੇਟਾਂ ਨੂੰ ਆਨਲਾਈਨ ਵੀ ਕੀਤਾ ਜਾਵੇਗਾ ਤੇ ਇਕ ਵਿਲੱਖਣ ਪਹਿਚਾਣ ਵਾਲਾ ਸਮਾਰਟ ਕਾਰਡ ਦਿੱਤਾ ਜਾਵੇਗਾ ਜਿਸ ਨੂੰ ਯੂ ਡੀ ਆਈ ਡੀ ਕਾਰਡ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਜੋ ਕਿ ਦਿਵਿਆਂਗ ਵਿਅਕਤੀਆਂ ਨੂੰ ਸਰਕਾਰੀ ਸਹਾਇਤਾ ਲੈਣ ਵਿੱਚ ਸਹਾਈ ਹੋਵੇਗਾ। ਜਿਨ੍ਹਾਂ ਦਿਵਿਆਂਗ ਵਿਅਕਤੀਆਂ ਦੇ ਪੁਰਾਣੇ ਸਰਟੀਫਿਕੇਟ ਬਣੇ ਹਨਉਨ੍ਹਾਂ ਦੇ ਨਵੇਂ ( ਵਿਲੱਖਣ ਪਹਿਚਾਣ ਵਾਲੇ ਸਮਾਰਟ ਕਾਰਡ) ਯੂ ਡੀ ਆਈ ਡੀ ਕਾਰਡ ਬਣਾਏ ਜਾਣਗੇ। ਉਹ ਆਪਣਾ ਪੁਰਾਣਾ ਸਰਟੀਫਿਕੇਟ, ਆਧਾਰ ਕਾਰਡ ਅਤੇ ਪਾਸਪੋਰਟ ਸਾਈਜ ਫੋਟੋ ਨਾਲ ਲੈ ਕੇ ਆਉਣ।

# ਫਿਜ਼ੀਉਥੈਰੇਪੀ ਵੱਲ ਲੋਕਾਂ ਦਾ ਵਧ ਰਿਹਾ ਰੁਝੇਵਾਂ



**ਜਲੰਧਰ,: (ਇਕਬਾਲ ਸਿੰਘ ਉੱਭੀ)**- ਅੱਜ ਦੇ ਦੌਰ ਵਿੱਚ ਖਾਣ-ਪੀਣ ਦੀ ਚੀਜਾਂ ਵਿੱਚ ਚੱਲ ਰਹੀ ਮਿਲਾਵਟ ਦੇ ਕਾਰਨ ਲੋਕ ਹੱਡੀਆਂ ਵਿੱਚ ਕਮਜ਼ੋਰੀ ਅਤੇ ਹੋਰ ਸੱਮਸਿਆਵਾਂ ਦੇ ਸ਼ਿਕਾਰ ਹੋ ਰਹੇ ਹਨ ਜਿਸਦੇ ਇਲਾਜ ਲਈ ਲੋਕਾਂ ਦਾ ਰੁਝੇਵਾਂ ਐਲੋਪੈਥੀ ਨੂੰ ਛੱਡ ਫਿਜ਼ੀਓਥੈਰੇਪੀ ਦੇ ਵੱਲ ਹੋ ਰਿਹਾ ਹੈ। ਜਿਸ ਵਿਚ ਕਸਰਤ ਨਾਲ ਬਿਮਾਰੀਆਂ ਨੂੰ ਠੀਕ ਕੀਤਾ ਜਾਂਦਾ ਹੈ। ਫਿਜ਼ੀਓਥੈਰੇਪੀ ਵਿੱਚ ਆਪਣਾ ਕੈਰੀਅਰ ਬਣਾਉਣ ਦੇ ਇੱਛਕ ਵਿਦਿਆਰਥੀਆਂ ਲਈ ਚੰਗੀ ਖਬਰ ਹੈ ਕਿ ਸੇਂਟ ਸੋਲਜਰ ਡਿਗਰੀ ਕਾਲਜ, ਸੇਂਟ ਸੋਲਜਰ ਮੁੱਖ ਕੈਂਪਸ ਵਿੱਚ ਬੈਚਲਰ ਆਫ਼ ਫਿਜ਼ੀਓਥੈਰੇਪੀ ਦੀ ਡਿਗਰੀ ਕਰਵਾਈ ਜਾ ਰਹੀ ਹੈ। ਚੇਅਰਮੈਨ ਅਨਿਲ ਚੋਪੜਾ, ਵਾਇਸ ਚੇਅਰਪਰਸਨ

# ਬੱਸ ਸਟੈਂਡ ਤੋਂ ਚੱਲਣ ਵਾਲੀਆਂ ਬੱਸਾਂ ਦਾ ਸਮਾਂ ਨਿਸ਼ਚਤ ਨਹੀਂ



**ਸ਼ਾਹਕੋਟ(ਗਿਆਨ ਸੈਦਪੁਰੀ)** ਸਥਾਨਕ ਬੱਸ ਸਟੈਂਡ ਤੋਂ ਪੰਜਾਬ ਰੋਡਵੇਜ ਦੀਆਂ ਸਵੇਰ ਵੇਲੇ ਚੱਲਣ ਵਾਲੀਆਂ ਬੱਸਾਂ ਦੇ ਸਮੇਂ ਵਿੱਚ ਅਨਿਸਚਤਾ ਕਾਰਨ ਕਈ ਵਾਰ ਸਵਾਰੀਆਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਇਸ ਸਬੰਧ ਵਿੱਚ ਸਵੇਰ ਵੇਲੇ ਜਲੰਧਰ ਜਾਣ ਵਾਲੇ ਇੱਕ ਸਰਕਾਰੀ ਮੁਲਾਜਮ ਨੇ ਦੱਸਿਆ ਕਿ ਸਵੇਰੇ 5:50 'ਤੇ ਚੱਲਣ ਵਾਲੀ ਰੋਡਵੇਜ ਦੀ ਬੱਸ ਅਕਸਰ ਟਾਈਮ ਮਿਸ ਕਰਦੀ ਹੈ। ਇਸੇ ਤਰ੍ਹਾਂ ਸਵੇਰੇ ਸਵਾ ਪੰਜ ਵਜੇ ਚੱਲਣ ਵਾਲੀ ਬੱਸ ਦਾ ਸਮਾਂ ਵੀ ਪੱਕਾ ਨਹੀਂ ਹੈ। ਸਾਢੇ ਪੰਜ ਵਜੇ ਪੰਜਾਬ ਰੋਡਵੇਜ ਲੁਧਿਆਣਾ ਦੀ ਬੱਸ ਨਕੋਦਰ ਤੋਂ ਨੂਰਮਹਿਲ ਵੱਲ ਨੂੰ ਜਾਂਦੀ ਹੈ। ਇਸ ਵਿੱਚ ਸਵਾਰ ਜਲੰਧਰ ਜਾਣ ਵਾਲੀਆਂ ਸਵਾਰੀਆਂ ਨੂੰ ਨਕੋਦਰ ਉੱਤਰਨਾ ਪੈਂਦਾ ਹੈ। ਇਸ ਤਰ੍ਹਾਂ ਸਰਕਾਰੀ ਮੁਲਾਜਮ ਜੋ ਸ਼ਾਹਕੋਟ ਤੋ ਜਲੰਧਰ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਅਫਸਰਾਂ ਦੀਆਂ ਝਿੜਕਾਂ ਖਾਣੀਆਂ ਪੈਂਦੀਆਂ ਹਨ।

ਬੱਸ ਸਟੈਂਡ 'ਤੇ ਕੰਮ ਕਰਦੇ ਇੱਕ ਹੋਰ ਵਿਅਕਤੀ ਨੇ ਬੱਸਾਂ ਦੇ ਸਮੇਂ ਵਿੱਚ ਅਨਿਸਚਤਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਕੁਝ ਡਰਾਈਵਰ ਜਾਂ ਕੰਡਕਟਰ ਛੁੱਟੀ 'ਤੇ ਹੋਣ ਕਾਰਨ ਇਹ ਬੱਸਾਂ ਲੰਗੇ ਡੰਗ ਚੱਲਦੀਆਂ ਹਨ। ਉਸ ਨੇ ਹੋਰ ਦੱਸਿਆ ਕਿ ਸ਼ਾਹਕੋਟ ਤੋਂ ਸਵੇਰੇ ਚੱਲਣ ਵਾਲੀਆਂ ਬੱਸਾਂ ਦੀ ਹਾਲਤ ਵੀ ਕੰਡਮ ਕਿਸਮ ਦੀ ਹੈ। ਕਿਸੇ ਦਾ ਟਾਇਰ/ ਟਿਊਬ ਪੰਚਰ ਹੁੰਦਾ ਹੈ ਕਿਸੇ ਦਾ ਗੇਅਰ ਖਰਾਬ ਹੁੰਦਾ ਹੈ।

ਇਸ ਸੰਬੰਧ ਵਿੱਚ ਡਿਊਟੀ ਕਲਰਕ ਜਲੰਧਰ ਪ੍ਰੇਮਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ਼ਾਹਕੋਟ ਤੋਂ ਸਵੇਰ ਵੇਲੇ ਦੇ ਤਿੰਨ ਟਾਈਮ ਹਨ, ਤਿੰਨੇ ਹੀ ਚਲਦੇ ਹਨ। ਉਨ੍ਹਾਂ ਕਿਹਾ ਕਈ ਵਾਰ ਬੱਸ ਖਰਾਬ ਹੋ ਜਾਂਦੀ ਤਾਂ ਮਜਬੂਰੀ ਵੱਸ ਟਾਈਮ ਮਿਸ ਕਰਨਾ ਪੈਂਦਾ ਹੈ। ਉਨ੍ਹਾਂ ਨੇ ਸਟਾਫ ਘੱਟ ਹੋਣ ਅਤੇ ਬੱਸਾਂ ਦੀ ਗਿਣਤੀ ਘੱਟ ਹੋਣ ਦੀ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅੱਗੇ ਤੋਂ ਇਹ ਗੱਲ ਯਕੀਨੀ ਬਣਾਈ ਜਾਵੇਗੀ ਕਿ ਬੱਸਾਂ ਸਮੇਂ ਸਿਰ ਚੱਲਣ ਤਾਂ ਕਿ ਸਵਾਰੀਆਂ ਦੀ ਖੱਜਲ ਖੁਆਰੀ ਨਾ ਹੋਵੇ।



ਟਰੱਕ ਉਪਰੇਟਰ ਯੂਨੀਅਨ ਫਿਲੌਰ ਅਤੇ ਸਮੂਹ ਟਰੱਕ ਮਾਲਕਾਂ ਵੱਲੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਹਾਜ਼ਰ ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਸਿੱਧੂ, ਪ੍ਰੀਤਮ ਸਿੰਘ, ਗੁਰਮੀਤ ਸਿੰਘ, ਗੁਰਦੀਪ ਸਿੰਘ, ਲਖਵੀਰ ਸਿੰਘ, ਚਮਕੌਰ ਸਿੰਘ, ਪਰਮਿੰਦਰ ਸਿੰਘ, ਬਿੱਲਾ ਮੁਨਸ਼ੀ, ਸੋਨੂੰ ਮੁਨਸ਼ੀ, ਸੁਖਦੇਵ ਸਿੰਘ, ਜੱਸਾ ਸਿੰਘ ਅਤੇ ਹੋਰ ਸਨ। (ਫੋਟੋ ਤੇ ਵੇਰਵਾ-ਰਵੀ ਕੁਮਾਰ, ਨਿਰਮਲ ਫਿਲੌਰ)